# ਆਪ-ਬੀਤੀਆਂ

## ਬਾਰ੍ਹਵੀਂ ਸ਼੍ਰੇਣੀ ਲਈ

(ਪੰਜਾਬੀ ਚੋਣਵਾਂ ਵਿਸ਼ਾ)

Y2U2Q4

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ : 2021-22 .......... 20,900 ਕਾਪੀਆਂ**
**ਐਡੀਸ਼ਨ : 2022-23 ...........14,000 ਕਾਪੀਆਂ**

All rights, including those of translation, reproduction and annotation etc., are reserved by the Punjab Government.

ਸੰਪਾਦਕ

**ਸ੍ਰੀਮਤੀ ਪਰਮਿੰਦਰ ਕੌਰ**

**ਵਿਸ਼ਾ-ਮਾਹਰ**

ਪੰਜਾਬ ਸਕੂਲ ਸਿੱਖਿਆ ਬੋਰਡ

ਰੀਵਿਊ ਕਰਤਾ : 1. ਡਾ. ਪਰਮਜੀਤ ਸਿੰਘ ਕਲਸੀ (ਸਟੇਟ ਤੇ ਨੈਸ਼ਨਲ ਅਵਾਰਡੀ)
ਜ਼ਿਲ੍ਹਾ ਭਾਸ਼ਾ ਅਫ਼ਸਰ, ਗੁਰਦਾਸਪੁਰ।
2. ਡਾ. ਸੁਰੇਸ਼ ਮਹਿਤਾ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਠਾਨਕੋਟ।

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਜੈੱਮ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

## ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਦੇ 1969 ਵਿੱਚ ਹੋਂਦ 'ਚ ਆਉਣ' ਤੇ ਹੀ ਸਕੂਲ ਸਿੱਖਿਆ ਨੂੰ ਉੱਚਾ ਚੁੱਕਣ ਲਈ, ਸਮੇਂ-ਸਮੇਂ, ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆਉਣ ਤੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਰਿਹਾ ਹੈ। ਇਸ ਸਿਲਸਿਲੇ ਵਿੱਚ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਦਾ ਨਿਰਮਾਣ ਕਰ ਕੇ ਲੁੜੀਂਦੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਹਥਲੀ ਪਾਠ-ਪੁਸਤਕ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ਼. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤੀ ਗਈ ਹੈ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਜੀਵਨ ਅਤੇ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

ਇਹ ਪਾਠ-ਪੁਸਤਕ ਬਾਰ੍ਹਵੀਂ ਸ਼੍ਰੇਣੀ ਦੇ ਪੰਜਾਬੀ (ਚੋਣਵੇਂ) ਵਿਸ਼ੇ ਲਈ ਤਿਆਰ ਕੀਤੀ ਗਈ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੈ, ਇਹ ਪੰਜਾਬੀ ਦੇ ਆਧੁਨਿਕ ਯੁੱਗ ਦੇ ਨਾਮਵਰ ਸਾਹਿਤਕਾਰਾਂ ਦੇ ਆਤਮ-ਕਥਨ ਹਨ, ਇਹਨਾਂ ਦੀਆਂ ਸ੍ਵੈਜੀਵਨੀਆਂ ਵਿੱਚੋਂ ਚੁਣੇ ਹੋਏ ਅੰਸ਼ ਹਨ। ਇਸ ਪੁਸਤਕ ਵਿੱਚ ਪ੍ਰਸਿੱਧ ਪੱਤਰਕਾਰ ਸ.ਖ਼ੁਸ਼ਵੰਤ ਸਿੰਘ ਅਤੇ ਪ੍ਰਸਿੱਧ ਪਹਿਲਵਾਨ ਸ. ਦਾਰਾ ਸਿੰਘ ਦੀਆਂ ਸ੍ਵੈਜੀਵਨੀਆਂ ਵਿੱਚੋਂ ਵੀ ਅੰਸ਼ ਲਏ ਗਏ ਹਨ। ਡਾ. ਜਸਵੰਤ ਸਿੰਘ ਨੇਕੀ ਵੱਲੋਂ ਕਾਵਿ-ਰੂਪ ਵਿੱਚ ਲਿਖੀ ਗਈ ਸ੍ਵੈਜੀਵਨੀ ਵਿੱਚੋਂ ਵੀ ਅੰਸ਼ ਲਿਆ ਗਿਆ ਹੈ।

ਪਾਠ-ਸਮਗਰੀ ਦੀ ਚੋਣ ਵੇਲ਼ੇ ਇਹ ਧਿਆਨ ਰੱਖਿਆ ਗਿਆ ਹੈ ਕਿ ਇਸ ਵਿੱਚ ਇਹਨਾਂ ਸਾਹਿਤਕਾਰਾਂ/ਸ੍ਵੈਜੀਵਨੀਕਾਰਾਂ ਦੇ ਨਿਰਮਾਣ-ਕਾਲ (formative period) ਦੇ ਵੇਰਵੇ ਹੋਣ ਤਾਂਜੋ ਇਸ ਉਮਰ ਵਿੱਚੋਂ ਗੁਜ਼ਰ ਰਹੇ ਵਿਦਿਆਰਥੀ ਇਹਨਾਂ ਵਿੱਚੋਂ ਆਪਣੇ-ਆਪ ਨੂੰ ਪਛਾਣ ਸਕਣ। ਨਿਸ਼ਚੇ ਹੀ ਸਾਡੇ ਬਹੁਤ ਸਾਰੇ ਸਾਹਿਤਕਾਰ ਆਪਣੇ-ਆਪਣੇ ਮੁਢਲੇ ਜੀਵਨ ਦੀਆਂ ਅਨੇਕਾਂ ਔਕੜਾਂ ਵਿੱਚੋਂ ਗੁਜ਼ਰੇ ਹਨ। ਸਾਹਿਤਕਾਰ ਸੁਭਾਵਿਕ ਹੀ ਵਧੇਰੇ ਸੰਵੇਦਨਸ਼ੀਲ ਤੇ ਕੋਮਲਭਾਵੀ ਹੁੰਦੇ ਹਨ। ਇਸ ਲਈ ਉਹ ਦੁੱਖ-ਸੁੱਖ ਨੂੰ ਆਮ ਮਨੁੱਖ ਨਾਲ਼ੋਂ ਜ਼ਿਆਦਾ ਮਹਿਸੂਸ ਕਰਦੇ ਹਨ। ਫਿਰ ਵੀ ਸਿਫ਼ਤ ਵਾਲ਼ੀ ਗੱਲ ਇਹ ਹੈ ਕਿ ਸਾਡੇ ਇਹ ਸਾਹਿਤਕਾਰ ਇਹਨਾਂ ਔਕੜਾਂ ਵਿੱਚੋਂ ਉੱਚੇ ਹੋ ਕੇ ਨਿਕਲ਼ੇ ਹਨ। ਇਹਨਾਂ ਨੇ ਪੰਜਾਬੀ ਬੋਲੀ ਨੂੰ ਮਾਣ ਕੀਤੇ ਜਾਣ ਵਾਲ਼ੀਆਂ ਰਚਨਾਵਾਂ ਰਚ ਕੇ ਅਮੀਰ ਬਣਾਇਆ ਹੈ।

ਇਹ ਪਾਠ-ਪੁਸਤਕ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਪਰਮਿੰਦਰ ਕੌਰ ਵੱਲੋਂ ਉਪ ਸਕੱਤਰ ਸ੍ਰੀਮਤੀ ਅਮਰਜੀਤ ਕੌਰ ਕਾਲਮ (ਅਕਾਦਮਿਕ) ਪੰਜਾਬੀ ਵਿਕਾਸ-ਕੇਂਦਰ ਦੀ ਅਗਵਾਈ ਵਿੱਚ ਖੇਤਰੀ ਮਾਹਰਾਂ ਸ. ਸੁਖਦੇਵ ਮਾਦਪੁਰੀ, ਡਾ. ਅਮਰਜੀਤ ਕੌਰ ਵਿਰਕ, ਸ੍ਰੀਮਤੀ

ਨਿਤਾਸ਼ਾ ਕੋਹਲੀ, ਸ੍ਰੀਮਤੀ ਜਸਵੀਰ ਕੌਰ, ਡਾ. ਸੁਖਬੀਰ ਸਿੰਘ, ਡਾ. ਵਰਿੰਦਰਜੀਤ ਵਾਤਿਸ਼, ਕੁਲਵੰਤ ਸਿੰਘ ਢੰਡ, ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ।

ਆਸ ਹੈ ਕਿ 'ਆਪ-ਬੀਤੀਆਂ' ਦਾ ਅਧਿਐਨ ਕਰਦਿਆਂ ਵਿਦਿਆਰਥੀ ਵਧੇਰੇ ਸਿਦਕੀ ਤੇ ਸਿਰੜੀ ਬਣਨਗੇ। ਉਹਨਾਂ ਦਾ ਆਚਰਨ ਉੱਚਾ-ਸੁੱਚਾ ਤੇ ਮਜ਼ਬੂਤ ਹੋਵੇਗਾ। ਉਹ ਆਪਣੇ-ਆਪਣੇ ਢੰਗ ਨਾਲ਼ ਸਿਰਜਣਸ਼ੀਲ ਵੀ ਹੋਣਗੇ, ਨਾਲ਼ ਹੀ ਵਿਦਿਆਰਥੀਆਂ ਵਿੱਚ ਇਹਨਾਂ ਲੇਖਕਾਂ ਦੀਆਂ ਪੂਰੀਆਂ ਸ੍ਵੈਜੀਵਨੀਆਂ ਪੜ੍ਹਨ ਦੀ ਜਾਗ ਵੀ ਲੱਗੇਗੀ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

**'ਸਮਾਜਿਕ ਨਿਆ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ', ਪੰਜਾਬ**

# ਵਿਸ਼ਾ-ਸੂਚੀ


| ਲੜੀ ਨੰ: | ਅਧਿਆਇ | ਲੇਖਕ | ਪੰਨਾ |
|---|---|---|---|
| | ਕੁਝ ਸੰਜੀਵਨੀ ਬਾਰੇ | | vi |
| 1. | ਐਬਟਾਬਾਦ | ਪ੍ਰੋਫ਼ੈਸਰ ਪੂਰਨ ਸਿੰਘ | 1 |
| 2. | 1. ਮੁਢਲੀ ਅਵਸਥਾ<br>2. ਮਿਡਲ ਦੀ ਪੜ੍ਹਾਈ | ਪ੍ਰਿੰ. ਤੇਜਾ ਸਿੰਘ | 6 |
| 3. | ਧੂੜ ਭਰੇ ਰਾਹ | ਪ੍ਰੋ. ਸਾਹਿਬ ਸਿੰਘ | 12 |
| 4. | ਮਨੁੱਖ ਨਾਲ਼ ਮਨੁੱਖ ਦਾ ਮੇਲ਼ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ। | ਗੁਰਬਖ਼ਸ਼ ਸਿੰਘ 'ਪ੍ਰੀਤਲੜੀ' | 21 |
| 5. | ਤਖ਼ਤ ਜਾਂ ਤਖ਼ਤਾ | ਡਾ. ਮਹਿੰਦਰ ਸਿੰਘ ਰੰਧਾਵਾ | 27 |
| 6. | ਸਭ ਦਾ ਪਿਆਰਾ 'ਸਿੰਬਾ' | ਖ਼ੁਸ਼ਵੰਤ ਸਿੰਘ | 33 |
| 7. | ਮੇਰੇ ਬੱਚੇ—ਮੇਰਾ ਮੁਹਾਂਦਰਾ | ਬਲਵੰਤ ਗਾਰਗੀ | 38 |
| 8. | ਮੈਂ ਤੇ ਮੇਰੇ ਦਾਰ ਜੀ | ਅੰਮ੍ਰਿਤਾ ਪ੍ਰੀਤਮ | 43 |
| 9. | ਮੇਰਾ ਨਾਮਕਰਨ | ਪ੍ਰਭਜੋਤ ਕੌਰ | 47 |
| 10. | ਆਪਣੀ ਸੋਚ ਦੇ ਗਹਿਰੇ ਸਾਏ | ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ | 52 |
| 11. | ਚੰਡੀਗੜ੍ਹ ਵਿੱਚ ਨਿਯੁਕਤੀ | ਡਾ. ਜਸਵੰਤ ਸਿੰਘ ਨੇਕੀ | 61 |
| 12. | ਮੁੜ੍ਹਕੇ ਦੀ ਖ਼ੁਸ਼ਬੋ | ਡਾ. ਸਰਦਾਰਾ ਸਿੰਘ ਜੌਹਲ | 65 |
| 13. | ਫ਼ਿਲਮਾਂ ਵਿੱਚ ਪ੍ਰਵੇਸ਼ | ਦਾਰਾ ਸਿੰਘ | 69 |
| 14. | ਮੇਰੀਆਂ ਧੀਆਂ—ਮੇਰੇ ਖੰਭ | ਅਜੀਤ ਕੌਰ | 76 |

# ਕੁਝ ਸ੍ਵੈਜੀਵਨੀ ਬਾਰੇ

**ਮੰਤਵ :** ਸ੍ਵੈਜੀਵਨੀ, ਜਿਵੇਂ ਕਿ ਇਸ ਸ਼ਬਦ ਤੋਂ ਹੀ ਸਪਸ਼ਟ ਹੈ, ਇਹ ਵਿਅਕਤੀ ਦੀ ਆਪ ਲਿਖੀ ਆਪਣੀ ਜੀਵਨ-ਕਹਾਣੀ ਹੁੰਦੀ ਹੈ। ਇਸ ਨੂੰ ਆਤਮ-ਕਥਾ ਵੀ ਕਿਹਾ ਜਾਂਦਾ ਹੈ। ਕੋਈ ਸ੍ਵੈਜੀਵਨੀ—ਲੇਖਕ ਆਪਣੀ ਸ੍ਵੈਜੀਵਨੀ ਕਿਉਂ ਲਿਖਦਾ ਹੈ? ਇਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ : ਲੇਖਕ ਦੀ ਆਪਣੇ ਨਵੇਕਲ਼ੇ ਅਨੁਭਵਾਂ ਨੂੰ ਦੂਜਿਆਂ ਨਾਲ਼ ਸਾਂਝੇ ਕਰਨ ਦੀ ਲਾਲਸਾ, ਆਪਾ ਪ੍ਰਗਟਾਉਣ ਦੀ ਲੋੜ, ਆਪਾ ਪਛਾਣਨ ਦਾ ਜਤਨ, ਮਨ ਦਾ ਭਾਰ ਲਾਹੁਣ ਲਈ ਇਕਬਾਲ ਕਰਨ ਦੀ ਇੱਛਾ, ਆਪਣੇ ਜੀਵਨ ਸੰਬੰਧੀ ਆਪਣੇ ਪ੍ਰਸੰਸਕਾਂ ਦੀ ਜਿਗਿਆਸਾ ਨੂੰ ਤ੍ਰਿਪਤ ਕਰਨ ਦਾ ਉਪਰਾਲਾ, ਆਪਣੇ ਜੀਵਨ ਸੰਬੰਧੀ ਆਪਣੇ ਅੰਦਰ ਪੈਦਾ ਹੋਈਆਂ ਕੋਈ ਭ੍ਰਾਂਤੀਆਂ ਤੇ ਸ਼ੰਕਿਆਂ ਨੂੰ ਨਵਿਰਤ ਕਰਨ ਦੀ ਕੋਸ਼ਸ਼, ਕਿਸੇ ਸ਼ੁੱਭ-ਚਿੰਤਕ ਦੀ ਪ੍ਰੇਰਨਾ ਆਦਿ। ਇਹ ਵੀ ਹੋ ਸਕਦਾ ਹੈ ਕਿ ਸ੍ਵੈਜੀਵਨੀਕਾਰ ਨੇ ਆਪਣੀ ਸ੍ਵੈਜੀਵਨੀ ਰਾਹੀਂ ਆਪਣੇ ਸਮੇਂ ਦੀ ਕਹਾਣੀ, ਕਿਸੇ ਲਹਿਰ ਦਾ ਇਤਿਹਾਸ ਆਦਿ ਦੱਸਣ ਦਾ ਨਿਸ਼ਚਾ ਕੀਤਾ ਹੋਵੇ। ਸ੍ਵੈਜੀਵਨੀ ਲਿਖਣ ਦੀ ਲੋੜ ਤੋਂ ਹੀ ਸ੍ਵੈਜੀਵਨੀ ਦੇ ਮੰਤਵ ਪ੍ਰਕਾਸ਼ ਵਿੱਚ ਆਉਂਦੇ ਹਨ।

ਆਪਣੇ-ਆਪ ਬਾਰੇ ਲਿਖਣਾ ਇੱਕ ਅਸਾਨ ਕਾਰਜ ਪ੍ਰਤੀਤ ਹੁੰਦਾ ਹੈ, ਪਰ ਅਸਲ ਵਿੱਚ ਇਹ ਬੜਾ ਕਠਨ ਕਾਰਜ ਹੈ। ਸ੍ਵੈਜੀਵਨੀ ਲਿਖਣ ਲਈ ਪਹਿਲਾਂ ਆਪਣੇ-ਆਪ ਦੀ ਸਮਝ ਅਤੇ ਜੀਵਨ ਦੀ ਸਮਝ ਹੋਣੀ ਬੜੀ ਜ਼ਰੂਰੀ ਹੈ। ਫਿਰ ਆਪਣੇ ਜੀਵਨ ਨੂੰ ਇੱਕ ਵਿੱਥ 'ਤੇ ਰੱਖ ਕੇ ਅਨਾਤਮ (Objective) ਹੋ ਕੇ ਵੇਖਣ ਦੀ ਜਾਚ ਆਉਣੀ ਚਾਹੀਦੀ ਹੈ ਪਰ ਕੋਈ ਵਿਅਕਤੀ ਆਪਣੇ ਆਪ ਨੂੰ ਪੂਰੀ ਅਨਾਤਮਿਕਤਾ ਨਾਲ਼ ਵੀ ਨਹੀਂ ਵੇਖ ਸਕਦਾ। ਇਸੇ ਕਾਰਨ ਸ੍ਵੈਜੀਵਨੀ ਨਾ ਪੂਰੀ ਆਤਮਪੂਰਕ ਹੁੰਦੀ ਹੈ ਅਤੇ ਨਾ ਹੀ ਅਨਾਤਮਿਕ।

**ਅਨਾਤਮ ਦ੍ਰਿਸ਼ਟੀ :** ਸ੍ਵੈਜੀਵਨੀ ਦਾ ਕੇਂਦਰ ਲੇਖਕ ਦਾ ਆਪਾ ਹੁੰਦਾ ਹੈ। ਅਨਾਤਮ ਦ੍ਰਿਸ਼ਟੀ ਦੀ ਘਾਟ ਕਾਰਨ ਜੇ ਲੇਖਕ ਸੰਤੁਲਨ ਨਾ ਰੱਖ ਸਕੇ ਤਾਂ ਉਸ ਦੇ ਆਤਮ-ਵਡਿਆਈ ਵਿੱਚ ਖੋ ਜਾਣ ਦਾ ਡਰ ਹੁੰਦਾ ਹੈ। ਆਪਣੇ ਬੀਤੇ ਜੀਵਨ ਵਿੱਚੋਂ ਸ੍ਵੈਜੀਵਨੀ ਲਈ ਸਮਗਰੀ ਦੀ ਚੋਣ ਕਰਨ ਲਈ ਵੀ ਅਨਾਤਮ ਹੋਣ ਦੀ ਲੋੜ ਹੁੰਦੀ ਹੈ। ਜੀਵਨ ਵਿੱਚ ਵਾਪਰੀ ਹਰ ਘਟਨਾ ਜਾਂ ਗੱਲ ਸ੍ਵੈਜੀਵਨੀ ਵਿੱਚ ਦੇਣ ਦੇ ਯੋਗ ਨਹੀਂ ਹੁੰਦੀ। ਕੁਝ ਇਸ ਕਰਕੇ ਕਿ ਜੀਵਨ ਦੇ ਹਰ ਪਲ ਦੇ ਵੇਰਵੇ ਵਿਅਕਤੀ ਨੂੰ ਯਾਦ ਨਹੀਂ ਰਹਿੰਦੇ, ਦੂਜਾ ਜਿਹੜਾ ਕੁਝ ਯਾਦ ਰਹਿੰਦਾ ਹੈ, ਉਹ ਸਾਰੇ ਦਾ ਸਾਰਾ ਬਿਨਾਂ ਪੁਣ-ਛਾਣ ਸ੍ਵੈਜੀਵਨੀ ਵਿੱਚ ਸ਼ਾਮਲ ਕਰਨਯੋਗ ਨਹੀਂ ਹੁੰਦਾ ਹੈ। ਪਾਠਕ ਨੂੰ ਵੀ ਸ੍ਵੈਜੀਵਨੀਕਾਰ ਦੇ ਹਰ ਜੀਵਨ-ਵੇਰਵੇ ਵਿੱਚ ਦਿਲਚਸਪੀ ਨਹੀਂ ਹੁੰਦੀ। ਇਸ ਲਈ ਸ੍ਵੈਜੀਵਨੀਕਾਰ ਆਪਣੇ ਜੀਵਨ ਦੀਆਂ ਉਹ ਗੱਲਾਂ ਜਾਂ ਘਟਨਾਵਾਂ ਹੀ ਚੁਣਦਾ ਹੈ ਜਿਹੜੀਆਂ ਉਸ ਦੇ ਸ਼ਖ਼ਸੀ ਵਿਕਾਸ ਨੂੰ ਦਰਸਾਉਣ ਦੇ ਨਾਲ਼-ਨਾਲ਼ ਪਾਠਕ ਲਈ ਵੀ ਕਿਸੇ ਨਾ ਕਿਸੇ ਕਾਰਨ ਦਿਲਚਸਪੀ ਰੱਖਦੀਆਂ ਹੋਣ ਪਰ ਇੱਕ ਚੰਗਾ ਸ੍ਵੈਜੀਵਨੀਕਾਰ ਵੱਧ ਤੋਂ ਵੱਧ ਅਨਾਤਮ ਦ੍ਰਿਸ਼ਟੀ ਨਾਲ਼ ਜਿੰਨਾ ਸੱਚ ਉਹ ਪ੍ਰਤੀਤ ਕਰਦਾ ਹੈ, ਉਸ ਨੂੰ ਸ੍ਵੈਜੀਵਨੀ ਵਿੱਚ ਪੇਸ਼ ਕਰਦਾ ਹੈ। ਉਹ ਕੇਵਲ ਆਪਣੀ ਯਾਦ 'ਤੇ ਭਰੋਸਾ ਨਾ ਰੱਖ ਕੇ ਕਈ ਹੋਰ ਸੋਮਿਆਂ ਤੋਂ ਵੀ ਉਹਨਾਂ ਦੇ ਦਰੁਸਤ ਹੋਣ ਨੂੰ ਯਕੀਨੀ ਬਣਾਉਂਦਾ ਹੈ ਤਾਂਜੋ ਉਸ ਦੀ ਸ੍ਵੈਜੀਵਨੀ ਸਚਾਈ ਤੋਂ ਦੂਰ ਨਾ ਜਾਵੇ।

**ਸਚਾਈ :** ਆਪਣੇ ਜੀਵਨ ਦੀ ਕਿਹੜੀ ਗੱਲ ਸ੍ਵੈਜੀਵਨੀ ਵਿੱਚ ਦੇਣੀ ਹੈ ਤੇ ਕਿਹੜੀ ਨਹੀਂ ਅਤੇ ਕਿੱਥੇ ਕਿੰਨਾ ਵਿਸਤਾਰ ਦੇਣਾ ਹੈ, ਇਸ ਬਾਰੇ ਨਿਰਨਾ ਕਰਨ ਦਾ ਅਧਿਕਾਰ ਲੇਖਕ ਦਾ ਹੁੰਦਾ ਹੈ। ਇਸ ਦੇ ਨਾਲ਼ ਹੀ ਸਚਾਈ ਦੀ ਮੰਗ ਅਨੁਸਾਰ ਉਹ ਆਪਣੇ ਨਾਂਹਵਾਚੀ ਪੱਖਾਂ ਨੂੰ ਦੱਸਣੋਂ ਵੀ ਸੰਕੋਚ ਨਹੀਂ ਕਰਦਾ ਅਤੇ ਆਪਣੇ ਸੰਪਰਕ ਵਿੱਚ ਆਏ ਲੋਕਾਂ ਨਾਲ਼ ਜੁੜੇ ਵੇਰਵੇ, ਉਹਨਾਂ ਦੇ ਡਰ ਜਾਂ ਲਿਹਾਜ਼ ਕਾਰਨ ਦੇਣ ਤੋਂ ਨਹੀਂ ਝਿਜਕਦਾ। ਸ੍ਵੈਜੀਵਨੀ ਵਿੱਚ ਆਪੇ ਦਾ ਵਰਨਣ ਕਰਦਿਆਂ ਸ੍ਵੈਜੀਵਨੀ-ਲੇਖਕ ਦੇ ਸਮੇਂ ਦੇ ਹੋਰ ਸਮਾਚਾਰ ਵੀ ਆ ਜਾਂਦੇ ਹਨ ਜਿਨ੍ਹਾਂ ਦਾ ਸਹੀ ਹੋਣਾ ਵੀ ਜ਼ਰੂਰੀ ਹੈ। ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਸ੍ਵੈਜੀਵਨੀ ਵਿੱਚ ਸਚਾਈ ਉੱਤੇ ਪਕੜ, ਸੱਚ ਕਹਿਣ ਦੀ ਦਲੇਰੀ, ਦਿਆਨਤਦਾਰੀ ਅਤੇ ਅਨਾਤਮਿਕਤਾ ਦੀ ਬੜੀ ਮਹੱਤਤਾ ਹੈ।

**ਜੀਵਨ-ਅਨੁਭਵ ਦੀ ਅਮੀਰੀ :** ਸ੍ਵੈਜੀਵਨੀ ਜ਼ਿੰਦਗੀ ਦੇ ਕਿਸ ਪੜਾਅ 'ਤੇ ਲਿਖਣੀ ਚਾਹੀਦੀ ਹੈ, ਇਸ ਸੰਬੰਧੀ ਕੋਈ ਪੱਕੇ-ਪੀਡੇ ਨਿਯਮ ਨਹੀਂ ਹਨ। ਇੱਕ ਰਾਏ ਹੈ ਕਿ ਲੇਖਕ ਨੂੰ ਲਿਖਣ ਦੇ ਅਭਿਆਸ ਵਜੋਂ ਸਭ ਤੋਂ ਪਹਿਲਾਂ ਸ੍ਵੈਜੀਵਨੀ ਹੀ ਲਿਖਣ ਦਾ ਜਤਨ ਕਰਨਾ ਚਾਹੀਦਾ ਹੈ। ਪਰ ਬਹੁਤ ਸਾਰੀਆਂ ਸ੍ਵੈਜੀਵਨੀਆਂ ਲੇਖਕ-ਵਿਅਕਤੀਆਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਕਰਨ ਉਪਰੰਤ ਹੀ ਲਿਖੀਆਂ ਗਈਆਂ ਹਨ। ਠੀਕ ਵੀ ਹੈ, ਜੇ ਜੀਵਨ ਦੇ ਕੁਝ ਅਮੀਰ ਅਨੁਭਵ ਹੋਣਗੇ ਤਾਂਹੀ ਇਹ ਦੂਜਿਆਂ ਨਾਲ਼ ਸਾਂਝੇ ਕੀਤੇ ਜਾ ਸਕਣਗੇ। ਦੂਜਾ, ਸ੍ਵੈਜੀਵਨੀ ਲਿਖਣ ਲਈ ਜੋ ਬੌਧਿਕ ਪਰਿਪੱਕਤਾ, ਡੂੰਘੀ ਨੀਝ, ਘਟਨਾਵਾਂ ਦਾ ਵਿਸ਼ਲੇਸ਼ਣ ਤੇ ਵਿਆਖਿਆ ਕਰ ਸਕਣ ਦੀ ਸਮਰੱਥਾ, ਆਲੋਚਨਾਤਮਿਕ ਦ੍ਰਿਸ਼ਟੀ ਅਤੇ ਨਿੱਗਰ ਜੀਵਨ-ਫ਼ਲਸਫ਼ੇ ਦੀ ਲੋੜ ਹੈ, ਇਹ ਜੀਵਨ ਦਾ ਕੁਝ ਪੰਧ ਤੈਅ ਕਰਨ ਉਪਰੰਤ ਹੀ ਆਉਂਦੇ ਹਨ ਇਸ ਲਈ ਬਹੁਤੀਆਂ ਸ੍ਵੈਜੀਵਨੀਆਂ ਸੰਬੰਧਿਤ ਵਿਅਕਤੀਆਂ ਦੇ ਜੀਵਨ ਦੇ ਤੀਜੇ ਜਾਂ ਚੌਥੇ ਪੜਾਅ ਵਿੱਚ ਹੀ ਲਿਖੀਆਂ ਗਈਆਂ ਹਨ। ਫਿਰ ਜਦੋਂ ਕਦੇ, ਕਿਸੇ ਕਾਰਨ, ਹੋਰ ਰੁਝੇਵਿਆਂ ਤੋਂ ਮਿਲ਼ਦੀ ਚੋਖੀ ਇਕੱਲ ਭਰੀ ਵਿਹਲ ਮਿਲ਼ੇ ਤਾਂ ਇਹ ਸ੍ਵੈਜੀਵਨੀ ਲਿਖਣ ਵਿੱਚ ਸਹਾਈ ਹੁੰਦੀ ਹੈ। ਤਦ ਵਿਅਕਤੀ ਆਪਣੇ ਬੀਤੇ ਜੀਵਨ 'ਤੇ ਵਿਚਾਰਸ਼ੀਲ ਹੋ ਕੇ ਝਾਤ ਪਾ ਸਕਦਾ ਹੈ।

**ਸ਼ਖ਼ਸੀਅਤ :** ਸ੍ਵੈਜੀਵਨੀ ਵਿੱਚ ਲੇਖਕ ਦੀ ਸ਼ਖ਼ਸੀਅਤ ਦਾ ਵੀ ਬੜਾ ਮਹੱਤਵ ਹੈ। ਪਾਠਕ ਦੀ ਦ੍ਰਿਸ਼ਟੀ ਤੋਂ ਵੀ ਕਿਸੇ ਸ੍ਵੈਜੀਵਨੀ ਵਿੱਚ ਦਿਲਚਸਪੀ ਦਾ ਇੱਕ ਕਾਰਨ ਸ੍ਵੈਜੀਵਨੀਕਾਰ ਦੀ ਕਰਨੀ ਹੁੰਦੀ ਹੈ। ਕਿਸੇ ਵੱਡੀ ਸ਼ਖ਼ਸੀਅਤ ਦੇ ਜੀਵਨ ਦੀਆਂ ਪਰਤਾਂ ਜਾਣਨ ਦੀ ਇੱਛਾ ਸਭ ਨੂੰ ਹੁੰਦੀ ਹੈ। ਜੇ ਉਹ ਸ਼ਖ਼ਸੀਅਤ ਸਾਡੀ ਰੁਚੀ ਜਾਂ ਦਿਲਚਸਪੀ ਦੇ ਖੇਤਰ ਦੀ ਉੱਘੀ ਹਸਤੀ ਹੋਵੇ ਤਾਂ ਉਸ ਦੀ ਸ੍ਵੈਜੀਵਨੀ ਬਾਰੇ ਜਾਣਨ ਦੀ ਹੋਰ ਵੀ ਕਾਹਲ਼ ਹੁੰਦੀ ਹੈ। ਉਂਞ ਕਿਸੇ ਘੱਟ ਪ੍ਰਸਿੱਧ ਜਾਂ ਸਧਾਰਨ ਮੰਨੇ ਜਾਂਦੇ ਵਿਅਕਤੀ ਦੁਆਰਾ ਸ੍ਵੈਜੀਵਨੀ ਲਿਖੇ ਜਾਣ 'ਤੇ ਕੋਈ ਪਾਬੰਦੀ ਨਹੀਂ ਹੈ ਪਰ ਉਸ ਸ੍ਵੈਜੀਵਨੀ ਵਿੱਚ ਪਾਠਕ ਦੀ ਖਿੱਚ ਦਾ ਕੋਈ ਨਾ ਕੋਈ ਆਧਾਰ ਹੋਣਾ ਲਾਜ਼ਮੀ ਹੈ।

**ਸਾਹਿਤਿਕ ਪੱਖ :** ਕਿਸੇ ਰਚਨਾ ਵਿੱਚ, ਭਾਵੇਂ ਉਹ ਸ੍ਵੈਜੀਵਨੀ ਹੈ ਜਾਂ ਸਫ਼ਰਨਾਮਾ, ਸਾਹਿਤਿਕ ਗੁਣਾਂ ਦੀ ਮੌਜੂਦਗੀ ਹੀ ਉਸ ਨੂੰ ਸਾਹਿਤਿਕ ਰਚਨਾ ਦਾ ਦਰਜਾ ਪ੍ਰਦਾਨ ਕਰਦੀ ਹੈ। ਆਧੁਨਿਕ ਕਾਲ ਵਿੱਚ ਲਿਖੀਆਂ ਸ੍ਵੈਜੀਵਨੀਆਂ ਦਾ ਮਾਧਿਅਮ ਮੁੱਖ ਤੌਰ 'ਤੇ ਵਾਰਤਕ ਹੈ ਇਸ ਲਈ ਸ੍ਵੈਜੀਵਨੀ ਦੀ ਸਾਹਿਤਿਕਤਾ ਉਸ ਦੀ ਵਾਰਤਕ ਦੇ ਪੱਧਰ ਵਿੱਚ ਹੈ। ਸ੍ਵੈਜੀਵਨੀ ਹੋਰ ਸਾਹਿਤ-ਰੂਪਾਂ ਨਾਲ਼ੋਂ ਇਸ ਗੱਲ ਵਿੱਚ ਭਿੰਨ ਹੈ ਕਿ ਇਸ ਵਿੱਚ

ਕਲਪਨਾ ਦੀਆਂ ਉਡਾਰੀਆਂ ਲਈ ਕੋਈ ਥਾਂ ਨਹੀਂ। ਜੀਵਨ ਵਿੱਚ ਜੋ ਕੁਝ ਵਾਪਰਿਆ ਹੈ, ਉਸ ਨੂੰ ਵੱਧ ਤੋਂ ਵੱਧ ਸਹੀ ਤਰੀਕੇ ਨਾਲ਼ ਬਿਆਨਣਾ ਜ਼ਰੂਰੀ ਹੈ। ਸ੍ਵੈਜੀਵਨੀ ਵਿੱਚ ਸਾਹਿਤਿਕ ਅੰਸ਼ ਉਸ ਵਿੱਚ ਪੇਸ਼ ਸੱਚੇ ਅਨੁਭਵ ਕਾਰਨ ਵੀ ਆਉਂਦਾ ਹੈ ਜੋ ਵਿਸ਼ੇਸ਼ ਜੁਗਤਾਂ ਦਾ ਮੁਹਤਾਜ ਨਹੀਂ ਹੁੰਦਾ। ਉਂਞ ਬਿਆਨ ਦੀ ਰੋਚਕਤਾ, ਸਰਲਤਾ, ਸਪਸ਼ਟਤਾ ਤੇ ਵਾਰਤਕ ਸ਼ੈਲੀ ਦੀ ਰਸਿਕਤਾ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ ਪਰ ਬਦਲਦੇ ਪਰਿਪੇਖ ਵਿੱਚ 'ਕਾਵਿ-ਰੂਪ' ਵਿੱਚ ਵੀ ਸ੍ਵੈਜੀਵਨੀ ਲਿਖੀ ਜਾਣ ਲੱਗੀ ਹੈ। ਹਥਲੀ ਪਾਠ-ਪੁਸਤਕ ਵਿੱਚ ਡਾ. ਜਸਵੰਤ ਸਿੰਘ ਨੇਕੀ ਰਚਿਤ ਕਾਵਿ-ਰੂਪ ਸ੍ਵੈਜੀਵਨੀ ਵਿੱਚੋਂ ਵੀ ਇੱਕ ਅੰਸ਼ ਸ਼ਾਮਲ ਕੀਤਾ ਗਿਆ ਹੈ।

**ਤਰਤੀਬ :** ਸ੍ਵੈਜੀਵਨੀ ਵਿੱਚ ਪੇਸ਼ ਸਮਗਰੀ ਦੀ ਤਰਤੀਬ ਦਾ ਵੀ ਮਹੱਤਵ ਹੈ। ਸ੍ਵੈਜੀਵਨੀ ਵਿੱਚ ਕੀ ਕੁਝ ਅਤੇ ਕਿੰਨਾ ਦੇਣਾ ਹੈ, ਬਾਰੇ ਨਿਰਨਾ ਕਰਨ ਤੋਂ ਉਪਰੰਤ ਉਸ ਦੀ ਪੇਸ਼ਕਾਰੀ ਦਾ ਮਸਲਾ ਹੈ। ਇੱਕ ਤਰੀਕਾ ਕਾਲ-ਕ੍ਰਮ ਅਨੁਸਾਰ ਘਟਨਾਵਾਂ ਨੂੰ ਪੇਸ਼ ਕਰਨਾ ਹੈ। ਜੀਵਨ ਦੇ ਇੱਕ-ਇੱਕ ਪੱਖ ਨੂੰ ਲੈ ਕੇ ਬਿਓਰਾ ਦੇਣਾ ਦੂਜਾ ਤਰੀਕਾ ਹੈ। ਵਿਕੋਲਿਤ੍ਰੀਆਂ ਘਟਨਾਵਾਂ ਨੂੰ ਉਹਨਾਂ ਦੀ ਮਹੱਤਤਾ ਅਨੁਸਾਰ ਇੱਕ-ਇੱਕ ਕਰਕੇ ਬਿਆਨਣਾ, ਵੱਖ-ਵੱਖ ਯਾਦਾਂ ਨੂੰ ਤਰਤੀਬ ਦੇ ਕੇ ਪੇਸ਼ ਕਰਨਾ ਆਦਿ ਹੋਰ ਤਰੀਕੇ ਹਨ। ਉਂਞ ਵੀ ਜੀਵਨ ਵਿੱਚ ਇੱਕ ਸਿੱਧੀ ਲਕੀਰ ਵਾਂਗ ਨਹੀਂ ਤੁਰਿਆ ਜਾਂਦਾ। ਬਹੁਤ ਕੁਝ ਉਘੜ-ਦੁਘੜਾ ਬਣ ਕੇ ਵਾਪਰਦਾ ਹੈ ਪਰ ਸ੍ਵੈਜੀਵਨੀ ਵਿੱਚ ਪੇਸ਼ ਸਮਗਰੀ ਨੂੰ ਕੋਈ ਤਰਤੀਬ ਤਾਂ ਦੇਣੀ ਬਣਦੀ ਹੀ ਹੈ। ਜੇ ਇਹ ਤਰਤੀਬ ਸ਼ਖ਼ਸੀ ਵਿਕਾਸ ਦੇ ਕ੍ਰਮ ਨੂੰ ਜਾਂ ਸ੍ਵੈਜੀਵਨੀ ਦੇ ਮੰਤਵ ਅਨੁਸਾਰ ਕਿਸੇ ਸਿਲਸਿਲੇ ਨੂੰ ਉਜਾਗਰ ਕਰਦੀ ਹੈ ਤਾਂ ਰੋਚਕਤਾ ਪੈਦਾ ਕਰਦੀ ਹੈ।

ਹੋਰ ਸਾਹਿਤ-ਰੂਪਾਂ ਦੇ ਮੁਕਾਬਲੇ ਸ੍ਵੈਜੀਵਨੀ ਸਾਹਿਤ-ਰੂਪ ਵਿੱਚ ਕਾਫ਼ੀ ਖੁੱਲ੍ਹਾਂ ਲੈ ਲਈਆਂ ਜਾਂਦੀਆਂ ਹਨ। ਹਰ ਲੇਖਕ ਪੇਸ਼ਕਾਰੀ ਦੀ ਆਪਣੀ ਵਿਧੀ ਘੜਦਾ ਹੈ। ਲੇਖਕ ਦੀ ਸ਼ਖ਼ਸੀਅਤ ਅਨੁਸਾਰ ਕਿਸੇ ਸ੍ਵੈਜੀਵਨੀ ਵਿੱਚ ਗਲਪ-ਅੰਸ਼ ਉਘੜਦਾ ਹੈ, ਕਿਸੇ ਵਿੱਚ ਨਾਟਕੀ ਤੇ ਕਿਸੇ ਵਿੱਚ ਕਾਵਿਕ।

**ਸ੍ਵੈਜੀਵਨੀ ਦੇ ਜੀਵਨ ਖੇਤਰ :** ਕਿਸੇ ਇੱਕ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਦੂਜੇ ਖੇਤਰ ਦੇ ਵਿਅਕਤੀ ਨਾਲੋਂ ਭਿੰਨ ਹੁੰਦੀ ਹੈ। ਉਦਾਹਰਨ ਵਜੋਂ ਇੱਕ ਰਾਜਨੇਤਾ ਦੀ ਸ੍ਵੈਜੀਵਨੀ ਵਿੱਚ ਉਸ ਦੇ ਰਾਜਸੀ ਘੋਲ਼ ਦੇ ਵੇਰਵੇ ਹੋਣਗੇ, ਇੱਕ ਖਿਡਾਰੀ ਦੀ ਸ੍ਵੈਜੀਵਨੀ ਵਿੱਚ ਖੇਡ-ਜਗਤ ਦੀ ਜ਼ਾਤ ਹੋਵੇਗੀ, ਇੱਕ ਫ਼ੌਜੀ ਦੀ ਸ੍ਵੈਜੀਵਨੀ ਵਿੱਚ ਫ਼ੌਜ ਦੇ ਕਾਰਨਾਮੇ ਹੋਣਗੇ, ਬਾਹਰਮੁਖੀ ਕਾਰਜ ਕਰਨ ਵਿੱਚ ਲੱਗੇ ਵਿਅਕਤੀਆਂ ਦੀਆਂ ਸ੍ਵੈਜੀਵਨੀਆਂ ਵਿੱਚ ਬਾਹਰਮੁਖਤਾ ਅਤੇ ਕਲਾਕਾਰਾਂ ਆਦਿ ਦੀਆਂ ਜੀਵਨੀਆਂ ਵਿੱਚ ਅੰਤਰਮੁਖਤਾ ਦਾ ਅੰਸ਼ ਵਧੇਰੇ ਹੁੰਦਾ ਹੈ।

**ਸਾਹਿਤਕਾਰ ਦੀ ਸ੍ਵੈਜੀਵਨੀ :** ਇੱਕ ਸਾਹਿਤਕਾਰ ਦੀ ਸ੍ਵੈਜੀਵਨੀ ਕਈ ਪੱਖਾਂ ਤੋਂ ਵਿਸ਼ੇਸ਼ ਹੁੰਦੀ ਹੈ। ਇੱਕ ਤਾਂ ਹੈ ਸਾਹਿਤਕਾਰ ਦੀ ਸੰਵੇਦਨਸ਼ੀਲਤਾ ਜਿਸ ਕਾਰਨ ਉਹ ਕਿਸੇ ਸਥਿਤੀ ਜਾਂ ਘਟਨਾ ਦੇ ਆਪੇ 'ਤੇ ਪਏ ਪ੍ਰਭਾਵਾਂ ਨੂੰ ਬਰੀਕੀ ਨਾਲ਼ ਮਹਿਸੂਸ ਕਰ ਸਕਦਾ ਹੈ। ਦੂਜੀ ਹੈ, ਉਸ ਦੀ ਜੀਵਨ-ਸੋਝੀ ਅਤੇ ਦੂਰ-ਦ੍ਰਿਸ਼ਟੀ ਜਿਸ ਸਦਕਾ ਉਹ ਕਿਸੇ ਘਟਨਾ ਜਾਂ ਸਥਿਤੀ ਨੂੰ ਭਿੰਨ-ਭਿੰਨ ਪਹਿਲੂਆਂ ਤੋਂ ਘੋਖ-ਵੇਖ ਕੇ ਉਸ ਨੂੰ ਉਸਾਰੂ ਰੰਗਣ ਦੇ ਸਕਦਾ ਹੈ। ਤੀਜੀ ਹੈ, ਉਸ ਦੀ ਭਾਸ਼ਾ-ਸਮਰੱਥਾ ਜਿਸ ਸਦਕਾ ਉਹਦਾ ਗੱਲ ਕਹਿਣ ਦਾ ਅੰਦਾਜ਼ ਪ੍ਰਭਾਵਸ਼ਾਲੀ ਹੁੰਦਾ ਹੈ। ਇਸੇ ਕਾਰਨ ਹੋਰ ਕੋਈ ਸ੍ਵੈਜੀਵਨੀ ਸਾਹਿਤ ਦੀ ਉੱਚ ਕੋਟੀ ਵਿੱਚ ਭਾਵੇਂ ਆਵੇ ਜਾਂ ਨਾ ਆਵੇ ਇੱਕ ਸਾਹਿਤਕਾਰ ਦੀ ਸ੍ਵੈਜੀਵਨੀ,

ਸਾਹਿਤ-ਰਚਨਾ ਅਵੱਸ਼ ਅਖਵਾਉਂਦੀ ਹੈ। ਸਾਹਿਤਕਾਰ ਦੀ ਸ੍ਵੈਜੀਵਨੀ, ਇੱਕ ਹੋਰ ਕਾਰਨ ਕਰਕੇ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਲੇਖਕ ਦੇ ਜੀਵਨ ਤੇ ਸਾਹਿਤ-ਰਚਨਾ ਦਾ ਨੇੜਲਾ ਸੰਬੰਧ ਹੁੰਦਾ ਹੈ। ਸ੍ਵੈਜੀਵਨੀ, ਸਾਹਿਤਕਾਰ ਦੇ ਜੀਵਨ ਬਾਰੇ ਭਰੋਸੇਯੋਗ ਦਸਤਾਵੇਜ਼ ਹੋਣ ਕਾਰਨ ਸਾਹਿਤਕਾਰ ਦੇ ਸ਼ਖ਼ਸੀ ਵਿਕਾਸ ਦੇ ਨਾਲ਼-ਨਾਲ਼ ਉਸ ਦੇ ਸਾਹਿਤਿਕ ਵਿਕਾਸ ਨੂੰ ਵੀ ਸਮਝਣ ਵਿੱਚ ਸਹਾਇਕ ਹੁੰਦੀ ਹੈ। ਉਸ ਦੇ ਜੀਵਨ ਦੀਆਂ ਆਪ-ਬਿਆਨੀਆਂ ਮਹੱਤਵਪੂਰਨ ਘਟਨਾਵਾਂ ਤੋਂ ਉਸ ਦੇ ਸਾਹਿਤਿਕ ਅਨੁਭਵ ਦੀ ਸੋਝੀ ਮਿਲ਼ਦੀ ਹੈ ਅਤੇ ਉਸ ਦੀ ਸੰਵੇਦਨਸ਼ੀਲਤਾ ਦੇ ਸੋਮੇ ਉਜਾਗਰ ਹੁੰਦੇ ਹਨ।

**ਆਪੇ ਦਾ ਪ੍ਰਗਟਾਅ :** ਕਿਸੇ ਸਾਹਿਤਕਾਰ ਦੀ ਸਾਹਿਤ- ਰਚਨਾ ਵਿੱਚ ਉਸ ਦੇ ਆਪੇ ਦਾ ਪ੍ਰਗਟਾਅ ਘੱਟ ਜਾਂ ਵੱਧ ਮਾਤਰਾ ਵਿੱਚ ਹੁੰਦਾ ਹੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਫਿਰ ਸਾਹਿਤਕਾਰ ਨੂੰ ਵੱਖਰੇ ਤੌਰ 'ਤੇ ਸ੍ਵੈਜੀਵਨੀ ਲਿਖਣ ਦੀ ਕੀ ਲੋੜ ਰਹਿ ਜਾਂਦੀ ਹੈ? ਇਸ ਦਾ ਉੱਤਰ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ ਕਿ ਇੱਕ ਸਾਹਿਤਿਕ ਕਿਰਤ ਵਿੱਚ ਲੇਖਕ ਦਾ ਆਪਾ, ਕਲਪਨਾ ਤੇ ਕਲਾ ਦੀ ਪੁੱਠ ਚੜ੍ਹਨ ਕਾਰਨ, ਸੌ-ਸੌ ਰੰਗ ਵਟਾ ਕੇ ਆਉਂਦਾ ਹੈ। ਆਪਣੀ ਰਚਨਾ ਵਿੱਚ ਲੇਖਕ ਹਾਜ਼ਰ ਵੀ ਹੁੰਦਾ ਹੈ ਅਤੇ ਗੈਰਹਾਜ਼ਰ ਵੀ, ਜਦਕਿ ਸ੍ਵੈਜੀਵਨੀ ਵਿੱਚ ਹੱਡ-ਮਾਸ ਦਾ ਲੇਖਕ, ਬਿਨਾਂ ਕਿਸੇ ਵਾਧੇ-ਘਾਟੇ ਤੋਂ ਲੇਖਕ ਤੇ ਇੱਕ ਮਨੁੱਖ ਦੇ ਰੂਪ ਵਿੱਚ ਉਸ ਦੀ ਆਪਣੀ ਦ੍ਰਿਸ਼ਟੀ ਤੋਂ ਪੇਸ਼ ਹੋਇਆ ਹੁੰਦਾ ਹੈ। ਇਸ ਲਈ ਰਚਨਾਵਾਂ ਰਾਹੀਂ ਪ੍ਰਗਟ ਹੋ ਕੇ ਵੀ ਸਾਹਿਤਕਾਰ ਦੇ ਜੀਵਨ ਨੂੰ ਸ੍ਵੈਜੀਵਨੀ ਵਿੱਚ ਲਿਖੇ ਜਾਣ ਦੀ ਗੁੰਜਾਇਸ਼ ਰਹਿੰਦੀ ਹੈ।

**ਪੰਜਾਬੀ ਵਿੱਚ ਸ੍ਵੈਜੀਵਨੀ :** ਪੰਜਾਬੀ ਵਿੱਚ ਸ੍ਵੈਜੀਵਨੀ ਆਧੁਨਿਕ ਕਾਲ ਵਿੱਚ ਹੀ ਪੈਦਾ ਹੋਈ। ਇਸ ਤੋਂ ਪੂਰਵਲੇ ਸਮੇਂ ਵਿੱਚ ਟਾਂਵੇਂ-ਟਾਂਵੇਂ ਪੰਜਾਬੀ ਸਾਹਿਤਕਾਰਾਂ ਨੇ ਆਪਣੀ ਰਚਨਾ ਨਾਲ਼ ਕੇਵਲ ਆਪਣਾ ਨਾਂ-ਪਤਾ ਆਦਿ ਹੀ ਲਿਖਿਆ ਹੈ। ਉਹ ਵੀ ਬਹੁਤੀ ਵਾਰ ਅਤਿ ਸੰਖੇਪ ਜਾਂ ਸੰਕੇਤਿਕ ਰੂਪ ਵਿੱਚ। ਕਿਸੇ-ਕਿਸੇ ਪੰਜਾਬੀ ਸਾਹਿਤਕਾਰ ਨੇ ਆਪਣੇ ਨਿੱਜ ਬਾਰੇ ਜਾਂ ਆਪਣੀ ਰਚਨਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਉਦਾਹਰਨ ਵਜੋਂ ਕੁਝ ਕੁ ਕਿੱਸਾਕਾਰਾਂ ਨੇ ਆਪਣੇ ਕਿੱਸੇ ਦੇ ਅਰੰਭ ਜਾਂ ਅੰਤ ਵਿੱਚ ਆਪਣੇ ਨਾਂਵਾਂ-ਥਾਂਵਾਂ ਬਾਰੇ ਦੱਸਿਆ ਹੈ ਅਤੇ ਕੁਝ ਨੇ ਆਪਣੀ ਰਚਨਾ ਦੇ ਪ੍ਰੇਰਨਾ-ਸ੍ਰੋਤਾਂ ਵੱਲ ਸੰਕੇਤ ਕੀਤੇ ਹਨ। ਪਰ ਉਹਨਾਂ ਸਾਹਿਤਕਾਰਾਂ ਵੱਲੋਂ ਦਿੱਤੇ ਅਜਿਹੇ ਸੰਖੇਪ ਹਵਾਲਿਆਂ ਵਿੱਚ ਸ੍ਵੈਜੀਵਨੀ ਨੂੰ ਵੱਧ ਤੋਂ ਵੱਧ ਬੀਜ-ਰੂਪ ਵਿੱਚ ਹੀ ਵੇਖਿਆ ਜਾਂਦਾ ਹੈ। ਪੰਜਾਬ ਅੰਦਰ ਮੱਧ-ਕਾਲ ਵਿੱਚ ਰਚਿਤ 'ਬਚਿੱਤਰ ਨਾਟਕ' ਨੂੰ ਕਾਵਿ-ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਵੈਜੀਵਨੀ ਮੰਨਿਆ ਜਾਂਦਾ ਹੈ। ਇਸ ਦੀ ਭਾਸ਼ਾ ਆਮ ਤੌਰ 'ਤੇ ਬ੍ਰਿਜ ਭਾਸ਼ਾ ਹੈ।

ਪੰਜਾਬੀ ਵਿੱਚ ਕਿਸੇ ਸਾਹਿਤਕਾਰ ਵੱਲੋਂ ਸ੍ਵੈਜੀਵਨੀ ਲਿਖਣ ਦੇ ਅਰੰਭਿਕ ਜਤਨਾਂ ਵਿੱਚ ਗਿਆਨੀ ਦਿੱਤ ਸਿੰਘ ਦੀ ਪੁਸਤਕ 'ਪੰਡਤ ਦਯਾ ਨੰਦ ਨਾਲ਼ ਮੇਰਾ ਸੰਬਾਦ' ਰੱਖੀ ਜਾ ਸਕਦੀ ਹੈ। ਇਸ ਪੁਸਤਕ ਦੇ ਅਰੰਭ ਵਿੱਚ ਗਿਆਨੀ ਦਿੱਤ ਸਿੰਘ ਨੇ ਆਪਣੇ ਮੁਢਲੇ ਜੀਵਨ ਤੇ ਵਿੱਦਿਆ ਪ੍ਰਾਪਤ ਕਰਨ ਬਾਰੇ ਜਾਣਕਾਰੀ ਦਿੱਤੀ ਹੈ ਪਰ ਇਸ ਪੁਸਤਕ ਦਾ ਅਸਲ ਮਨੋਰਥ ਗਿਆਨੀ ਦਿੱਤ ਸਿੰਘ ਦੇ ਸਵਾਮੀ ਦਯਾ ਨੰਦ ਨਾਲ਼ ਹੋਏ ਸੰਵਾਦ ਦੇ ਵੇਰਵਿਆਂ ਨੂੰ ਦੱਸਣਾ ਹੈ, ਸ੍ਵੈਜੀਵਨੀ ਲਿਖਣਾ ਨਹੀਂ।

**ਸ੍ਵੈ-ਜੀਵਨੀ ਲੇਖਕ, ਪੰਜਾਬੀ ਸਾਹਿਤਕਾਰ :** ਸਹੀ ਅਰਥਾਂ ਵਿੱਚ ਪੰਜਾਬੀ ਵਿੱਚ ਸ੍ਵੈਜੀਵਨੀ ਵੀਹਵੀਂ ਸਦੀ ਵਿੱਚ ਹੀ ਲਿਖੀ ਜਾਣੀ ਸ਼ੁਰੂ ਹੋਈ ਹੈ। ਆਧੁਨਿਕ ਪੰਜਾਬੀ ਸਾਹਿਤਕਾਰਾਂ ਵਿੱਚੋਂ ਪ੍ਰੋ.ਪੂਰਨ ਸਿੰਘ*, ਪ੍ਰਿੰ. ਤੇਜਾ ਸਿੰਘ, ਪ੍ਰਿੰ.ਸਾਹਿਬ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਸਿੰਘ ਸੇਖੋਂ, ਮਹਿੰਦਰ ਸਿੰਘ ਰੰਧਾਵਾ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਮਹਿੰਦਰ ਸਿੰਘ ਜੋਸ਼ੀ, ਡਾ. ਦੀਵਾਨ ਸਿੰਘ, ਡਾ. ਹਰਿਭਜਨ ਸਿੰਘ, ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬਚਿੰਤ ਕੌਰ, ਡਾ.ਵਣਜਾਰਾ ਬੇਦੀ, ਰਾਮ ਸਰੂਪ ਅਣਖੀ, ਪ੍ਰੇਮ ਗੋਰਖੀ, ਬਲਦੇਵ ਸਿੰਘ, ਕੈਲਾਸ਼ ਪੁਰੀ, ਪ੍ਰੋ. ਪ੍ਰੀਤਮ ਸਿੰਘ, ਪ੍ਰਭਜੋਤ ਕੌਰ ਅਤੇ ਦਲਜੀਤ ਮਾਧੋਪੁਰੀ ਨੇ ਆਪਣੀਆਂ ਸ੍ਵੈਜੀਵਨੀਆਂ ਲਿਖੀਆਂ ਹਨ। ਪ੍ਰਿੰ. ਐੱਸ.ਐੱਸ. ਅਮੋਲ ਆਪਣੀ ਸ੍ਵੈਜੀਵਨੀ ਦਾ ਕੁਝ ਭਾਗ ਹੀ ਲਿਖ ਸਕੇ। ਡਾ. ਮੋਹਣ ਸਿੰਘ ਦੀਵਾਨਾ, ਡਾ. ਅਤਰ ਸਿੰਘ, ਪ੍ਰੇਮ ਸਿੰਘ ਪ੍ਰੇਮ, ਆਦਿ ਸਾਹਿਤਕਾਰਾਂ ਦੇ ਕੁਝ ਸ੍ਵੈਜੀਵਨੀ-ਅੰਸ਼ ਸਮਾਚਾਰ-ਪੱਤਰਾਂ ਵਿੱਚ ਛਪੇ ਹਨ। ਧਨੀ ਰਾਮ ਚਾਤ੍ਰਿਕ, ਗੁਰਮੁਖ ਸਿੰਘ ਮੁਸਾਫ਼ਿਰ ਤੇ ਗੁਰਦਿਆਲ ਸਿੰਘ ਦੇ ਆਪ ਲਿਖੇ ਆਪਣੇ ਸੰਖੇਪ ਜੀਵਨ-ਬਿਓਰੇ ਉਹਨਾਂ ਦੇ ਅਭਿਨੰਦਨ ਗ੍ਰੰਥਾਂ ਵਿੱਚ ਮਿਲਦੇ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵੱਲੋਂ ਕਈ ਪੰਜਾਬੀ ਲੇਖਕਾਂ ਦੀਆਂ ਸਾਹਿਤਿਕ ਸ੍ਵੈਜੀਵਨੀਆਂ ਛਾਪੀਆਂ ਗਈਆਂ ਹਨ। ਅਜਿਹੇ ਸ੍ਵੈਜੀਵਨੀਕਾਰ ਹਨ : ਬ੍ਰਿਜ ਲਾਲ ਸ਼ਾਸਤਰੀ, ਡਾ. ਰੋਸ਼ਨ ਲਾਲ ਆਹੂਜਾ, ਸੁਜਾਨ ਸਿੰਘ, ਸੋਹਣ ਸਿੰਘ ਸੀਤਲ, ਡਾ. ਗੁਰਦਿਆਲ ਸਿੰਘ ਫੁੱਲ, ਡਾ. ਹਰਚਰਨ ਸਿੰਘ, ਮਹਿੰਦਰ ਸਿੰਘ ਸਰਨਾ, ਕਰਤਾਰ ਸਿੰਘ ਦੁੱਗਲ, ਜਸਵੰਤ ਸਿੰਘ ਨੇਕੀ, ਸੁਰਜੀਤ ਸਿੰਘ ਸੇਠੀ, ਅਜਾਇਬ ਚਿਤਰਕਾਰ ਅਤੇ ਗੁਰਦੇਵ ਸਿੰਘ ਮਾਨ ਆਦਿ। ਡਾ. ਨੇਕੀ ਨੇ ਆਪਣੀ ਇੱਕ ਸ੍ਵੈਜੀਵਨੀ ਕਵਿਤਾ ਵਿੱਚ ਵੀ ਲਿਖੀ ਹੈ। ਕਰਤਾਰ ਸਿੰਘ ਦੁੱਗਲ ਅਤੇ ਸੰਤੋਖ ਸਿੰਘ ਧੀਰ ਨੇ ਸ੍ਵੈਜੀਵਨੀ ਤੇ ਸਾਹਿਤਿਕ ਸ੍ਵੈਜੀਵਨੀ ਦੋਵੇਂ ਲਿਖੀਆਂ ਹਨ। ਪ੍ਰਸਿੱਧ ਪਹਿਲਵਾਨ ਦਾਰਾ ਸਿੰਘ ਨੇ ਵੀ ਸ੍ਵੈਜੀਵਨੀ ਲਿਖੀ ਹੈ।

**ਇਸ ਪਾਠ-ਪੁਸਤਕ ਦੇ ਮਨੋਰਥ :** ਹਥਲੀ ਪਾਠ-ਪੁਸਤਕ ਨੂੰ ਪੰਜਾਬੀ ਦੇ ਸਾਹਿਤਕਾਰਾਂ ਦੀਆਂ ਸ੍ਵੈਜੀਵਨੀਆਂ ਵਿੱਚੋਂ ਅੰਸ਼ ਲੈ ਕੇ ਸੰਪਾਦਿਤ ਕੀਤਾ ਗਿਆ ਹੈ। ਇਸ ਦੇ ਮਨੋਰਥ ਹਨ : (1) ਵਿਦਿਆਰਥੀਆਂ ਨੂੰ ਸ੍ਵੈਜੀਵਨੀ ਸਾਹਿਤ-ਰੂਪ ਦੀ ਜਾਣਕਾਰੀ ਦੇਣਾ, (2) ਉਸ ਦੇ ਸਾਹਿਤ- ਸੁਆਦ ਵਿੱਚ ਵਾਧਾ ਕਰਨਾ, (3) ਉੱਚ ਪਾਏ ਦੀਆਂ ਸ੍ਵੈਜੀਵਨੀਆਂ ਪੜ੍ਹਨ ਦੀ ਚੇਟਕ ਲਾਉਣਾ; (4) ਇਹਨਾਂ ਸਾਹਿਤ-ਸਾਧਕਾਂ ਦੇ ਉਹਨਾਂ ਦੇ ਆਪ ਲਿਖੇ ਜੀਵਨ-ਸਮਾਚਾਰਾਂ ਨੂੰ ਪੜ੍ਹਨ ਦਾ ਮੌਕਾ ਦੇ ਕੇ ਵਿਦਿਆਰਥੀਆਂ ਦੀ ਆਚਰਨ-ਉਸਾਰੀ ਦੀਆਂ ਸੰਭਾਵਨਾਵਾਂ ਵਧਾਉਣਾ; (5) ਵਿਦਿਆਰਥੀ ਦੀ ਭਾਸ਼ਾ-ਸਮਰੱਥਾ ਵਧਾਉਣਾ ਆਦਿ। ਪਾਠ-ਪੁਸਤਕ ਦੇ ਆਕਾਰ ਦੀ ਸੀਮਾ ਕਾਰਨ ਸਾਰੀਆਂ ਪੰਜਾਬੀ ਸ੍ਵੈਜੀਵਨੀਆਂ ਵਿੱਚੋ ਪਾਠ-ਸਮਗਰੀ ਲੈਣੀ ਸੰਭਵ ਨਹੀਂ ਸੀ। ਇਸੇ ਕਾਰਨ ਜਿਸ ਕਿਸੇ ਵੀ ਸ੍ਵੈਜੀਵਨੀ ਨੂੰ ਇਸ ਪਾਠ-ਪੁਸਤਕ ਵਿੱਚ ਪ੍ਰਤੀਨਿਧਤਾ ਦਿੱਤੀ ਗਈ, ਉਸ ਵਿੱਚੋਂ ਵੀ ਸਧਾਰਨ ਲੰਬਾਈ ਦੀ ਕਹਾਣੀ ਜਾਂ ਲੇਖ ਦੇ ਆਕਾਰ ਜਿੰਨੀ ਹੀ ਪਾਠ-ਸਮਗਰੀ ਚੁਣੀ ਗਈ ਹੈ। ਕੋਸ਼ਸ਼ ਕੀਤੀ ਗਈ ਹੈ ਕਿ ਸ੍ਵੈਜੀਵਨੀ ਦੇ

* ਪ੍ਰੋ. ਪੂਰਨ ਸਿੰਘ ਅਤੇ ਖ਼ੁਸ਼ਵੰਤ ਸਿੰਘ ਨੇ ਆਪਣੀ ਸ੍ਵੈਜੀਵਨੀ ਅੰਗਰੇਜ਼ੀ ਵਿੱਚ ਲਿਖੀ, ਬਾਅਦ ਵਿੱਚ ਇਸ ਦਾ ਪੰਜਾਬੀ ਵਿੱਚ ਅਨੁਵਾਦ ਹੋਇਆ।

ਲੇਖਕ ਵੱਲੋਂ ਬਣਾਇਆ ਅਧਿਆਇ ਜਾਂ ਕਾਂਡ ਪੂਰਾ ਰੱਖ ਲਿਆ ਜਾਵੇ, ਪਰ ਜਿੱਥੇ ਅਜਿਹਾ ਅਧਿਆਇ ਜਾਂ ਕਾਂਡ ਲਮੇਰਾ ਸੀ ਉੱਥੇ ਭਾਵ-ਇਕਾਈ ਨੂੰ ਬਰਕਰਾਰ ਰੱਖਦਾ ਉਸ ਦਾ ਇੱਕ ਭਾਗ ਲਿਆ ਗਿਆ ਹੈ। ਜਿੱਥੇ ਸ੍ਵੈਜੀਵਨੀ ਦੇ ਖੰਡ ਛੋਟੇ ਸਨ, ਉੱਥੇ ਇੱਕ-ਦੂਜੇ ਨਾਲ਼ ਜੁੜਦੇ ਇੱਕ ਤੋਂ ਵਧੇਰੇ ਖੰਡ ਜੋੜੇ ਗਏ ਹਨ। ਇਸ ਤਰ੍ਹਾਂ ਸ੍ਵੈਜੀਵਨੀਆਂ ਵਿੱਚੋਂ ਪਾਠ-ਸਮਗਰੀ ਦੀ ਚੋਣ ਇਸ ਪਾਠ-ਪੁਸਤਕ ਦੇ ਉਦੇਸ਼ਾਂ ਤੇ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਨੂੰ ਮੁੱਖ ਰੱਖ ਕੇ ਹੀ ਕੀਤੀ ਗਈ ਹੈ। ਇਸ ਚੋਣ ਤੋਂ ਬਾਹਰ ਰਹਿੰਦੇ ਕਿਸੇ ਸ੍ਵੈਜੀਵਨੀ ਦੇ ਬਾਕੀ ਭਾਗ ਜਾਂ ਪੂਰੀ ਸ੍ਵੈਜੀਵਨੀ ਨੂੰ ਕੇਵਲ ਇਸ ਚੋਣ ਕਾਰਨ ਘਟੀਆ ਜਾਂ ਵਧੀਆ ਨਹੀਂ ਮੰਨਿਆ ਜਾਣਾ ਚਾਹੀਦਾ।

**ਵਿਓਂਤ :** ਇਸ ਪੁਸਤਕ ਵਿੱਚ ਦਿੱਤੇ ਨਮੂਨੇ ਵਜੋਂ ਸ੍ਵੈਜੀਵਨੀਆਂ ਦੇ ਅੰਸ਼ ਵਿਸ਼ੇ ਪੱਖੋਂ ਵੰਨਗੀ ਭਰਪੂਰ ਹਨ। ਇਹਨਾਂ ਤੋਂ ਵਿਦਿਆਰਥੀਆਂ ਨੂੰ ਵੱਖ-ਵੱਖ ਸ੍ਵੈਜੀਵਨੀਕਾਰਾਂ ਦਾ ਆਪਣੇ ਬਾਰੇ ਕਹਿਣ ਦਾ ਅੰਦਾਜ਼, ਸੱਚ ਪੇਸ਼ ਕਰਨ ਦੀ ਜੁਰਅਤ ਤੇ ਉਹਨਾਂ ਦੇ ਵਿਸ਼ੇਸ਼ ਜੀਵਨ-ਸਮਾਚਾਰਾਂ ਦੀ ਜਾਣਕਾਰੀ ਮਿਲ਼ੇਗੀ। ਆਸ ਕੀਤੀ ਜਾਂਦੀ ਹੈ ਕਿ ਇਸ ਉਪਰੰਤ ਵਿਦਿਆਰਥੀ ਇਹਨਾਂ ਸਾਹਿਤਕਾਰਾਂ ਦੀਆਂ ਪੂਰੀਆਂ ਸ੍ਵੈਜੀਵਨੀਆਂ ਪੜ੍ਹਨ ਵੱਲ ਰੁਚਿਤ ਹੋਵੇਗਾ। ਇਸ ਤੋਂ ਵੀ ਅੱਗੇ, ਉਸ ਨੂੰ ਹੋਰ ਸ੍ਵੈਜੀਵਨੀਆਂ ਪੜ੍ਹਨ ਦੀ ਚੇਟਕ ਲੱਗੇਗੀ।

ਇਸ ਪਾਠ-ਪੁਸਤਕ ਵਿੱਚ ਦਿੱਤੇ ਹਰ ਸ੍ਵੈਜੀਵਨੀ ਅੰਸ਼ ਤੋਂ ਪਹਿਲਾਂ ਉਸ ਦੇ ਲੇਖਕ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਫਿਰ ਹਰ ਪਾਠ ਦੇ ਅੰਤ ਵਿੱਚ ਅਭਿਆਸ ਲਈ ਕੁਝ ਪ੍ਰਸ਼ਨ ਦਿੱਤੇ ਗਏ ਹਨ। ਇਹਨਾਂ ਪ੍ਰਸ਼ਨਾਂ ਦਾ ਮਨੋਰਥ ਦਿੱਤੇ ਪਾਠ ਦੇ ਵਸਤੂ ਨੂੰ ਉਘਾੜਨਾ, ਉਸ ਵਿੱਚੋਂ ਲੇਖਕ ਦੀ ਸ਼ਖ਼ਸੀਅਤ 'ਤੇ ਪੈਂਦੀ ਝਾਤ ਨੂੰ ਸਮਝਣਾ, ਉਸ ਲੇਖਕ ਦੀ ਨਿੱਖੜਵੀਂ ਸ਼ੈਲੀ ਨੂੰ ਸਲਾਹੁਣ ਅਤੇ ਇਸ ਸਾਹਿਤ-ਰੂਪ ਦੀ ਵਿਸ਼ੇਸ਼ਤਾ ਤੇ ਵਡਿਆਈ ਨੂੰ ਪਛਾਣਨ ਵਿੱਚ ਵਿਦਿਆਰਥੀ ਦੀ ਸਹਾਇਤਾ ਕਰਨਾ ਹੈ। ਇਸ ਮਨੋਰਥ-ਸਿੱਧੀ ਲਈ ਅਧਿਆਪਕ ਆਪ ਵੀ ਅਜਿਹੇ ਹੋਰ ਪ੍ਰਸ਼ਨ ਘੜ ਸਕਦਾ ਹੈ।

ਪਾਠ-ਪੁਸਤਕ ਵਿੱਚ ਸ੍ਵੈਜੀਵਨੀ-ਅੰਸ਼ਾਂ ਨੂੰ ਲੇਖਕਾਂ ਦੀ ਜਨਮ-ਮਿਤੀ ਅਨੁਸਾਰ ਤਰਤੀਬ ਦਿੱਤੀ ਗਈ ਹੈ ਪਰ ਅਧਿਆਪਕ ਪੜ੍ਹਾਉਣ ਸਮੇਂ, ਆਪਣੀ ਤੇ ਵਿਦਿਆਰਥੀਆਂ ਦੀ ਲੋੜ ਅਤੇ ਸੁਵਿਧਾ ਅਨੁਸਾਰ ਇਹਨਾਂ ਪਾਠਾਂ ਨੂੰ ਵੱਖਰੀ ਤਰਤੀਬ ਵਿੱਚ ਰੱਖ ਕੇ ਵੀ ਪੜ੍ਹਾ ਸਕਦਾ ਹੈ। ਚੰਗਾ ਹੋਵੇਗਾ ਜੇ ਅਧਿਆਪਕ ਕੋਈ ਪਾਠ ਪੜ੍ਹਾਉਂਦਾ ਹੋਇਆ ਵਿਦਿਆਰਥੀਆਂ ਨੂੰ ਉਸ ਸ੍ਵੈਜੀਵਨੀ ਦੀ ਪੁਸਤਕ ਵੀ ਵਿਖਾਵੇ। ਸਮਾਂ ਹੋਵੇ ਤਾਂ ਉਸ ਵਿੱਚੋਂ ਕੋਈ ਪ੍ਰਸੰਗ ਪੜ੍ਹ ਕੇ ਸੁਣਾਵੇ। ਇਸ ਨਾਲ਼ ਵਿਦਿਆਰਥੀਆਂ ਦੀ ਦਿਲਚਸਪੀ ਵਿੱਚ ਵਾਧਾ ਹੋਵੇਗਾ।

ਪਰਮਿੰਦਰ ਕੌਰ

**ਵਿਸ਼ਾ-ਮਾਹਰ**

# 1

# ਪ੍ਰੋ. ਪੂਰਨ ਸਿੰਘ
(1881-1931)

| | | |
|---|---|---|
| ਪਿਤਾ | : | ਸਰਦਾਰ ਕਰਤਾਰ ਸਿੰਘ |
| ਜਨਮ-ਸਥਾਨ | : | ਪਿੰਡ ਸਲਹੱਡ, ਜ਼ਿਲ੍ਹਾ ਐਬਟਾਬਾਦ (ਹੁਣ ਪਾਕਿਸਤਾਨ ਵਿੱਚ)। |
| ਵਿੱਦਿਆ | : | ਡੀ. ਏ. ਵੀ. ਕਾਲਜ ਲਾਹੌਰ ਤੋਂ ਐੱਫ. ਏ. ਕਰਨ ਉਪਰੰਤ ਜਪਾਨ ਵਿੱਚ ਤਿੰਨ ਸਾਲ ਵਿਗਿਆਨ ਦੀ ਪੜ੍ਹਾਈ ਕੀਤੀ। |
| ਕੰਮ-ਕਿੱਤਾ | : | ਸਮੇਂ-ਸਮੇਂ ਕਈ ਕੰਮ ਕੀਤੇ, ਜਿਸ ਵਿੱਚ ਆਪਣਾ ਕਾਰੋਬਾਰ ਕਰਨਾ ਅਤੇ ਪ੍ਰੋਫ਼ੈਸਰੀ ਕਰਨਾ ਸ਼ਾਮਲ ਹਨ। |

**ਮੁੱਖ ਰਚਨਾਵਾਂ** : ਪੂਰਨ ਸਿੰਘ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖਿਆ। ਪੰਜਾਬੀ ਵਿੱਚ ਉਹਨਾ ਦੇ ਤਿੰਨ ਕਾਵਿ-ਸੰਗ੍ਰਹਿ ਹਨ-'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ' ਅਤੇ 'ਖੁੱਲ੍ਹੇ ਅਸਮਾਨੀ ਰੰਗ'।

ਪੂਰਨ ਸਿੰਘ ਨੂੰ ਪੰਜਾਬੀ ਸਾਹਿਤ ਵਿੱਚ ਗੱਦ-ਕਾਵਿ (ਖੁੱਲ੍ਹੀ ਕਵਿਤਾ) ਦਾ ਮੋਢੀ ਮੰਨਿਆ ਜਾਂਦਾ ਹੈ। ਅੰਗਰੇਜ਼ੀ ਵਿੱਚ ਉਸ ਨੇ ਨਾਵਲ, ਕਵਿਤਾ ਅਤੇ ਜੀਵਨੀਆਂ ਲਿਖੀਆਂ। ਉਹਨਾ ਨੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਵੀ ਕੀਤੇ। On Paths of Life ਉਹਨਾਂ ਦੀ ਅੰਗਰੇਜ਼ੀ ਵਿੱਚ ਲਿਖੀ ਸ੍ਵੈਜੀਵਨੀ ਹੈ।

ਇਸ ਪਾਠ ਵਿੱਚ ਪੂਰਨ ਸਿੰਘ ਦੀ ਡੁੱਲ੍ਹ-ਡੁੱਲ੍ਹ ਪੈਂਦੀ ਸੰਵੇਦਨਸ਼ੀਲ ਕਵੀ-ਸ਼ਖ਼ਸੀਅਤ ਦੇ ਨਿਰਮਾਣ ਵਿੱਚ ਮੁਢਲੇ ਸਾਲਾਂ ਵਿੱਚ ਪਏ ਪ੍ਰਭਾਵਾਂ ਦੀ ਝਲਕ ਮਿਲਦੀ ਹੈ। ਇਹਨਾਂ ਵਰ੍ਹਿਆਂ ਦਾ ਬਿਆਨ ਕਰਦੇ ਹੋਏ ਪੂਰਨ ਸਿੰਘ ਆਪਣੀ ਮਾਂ ਦੇ ਸੁਭਾਅ, ਪ੍ਰਕਿਰਤੀ-ਪਿਆਰ, ਗ਼ੈਰਜ਼ੁੰਮੇਵਾਰ ਤੇ ਕੁਰਖ਼ਤ ਮਾਪਿਆਂ, ਅਧਿਆਪਕਾਂ ਆਦਿ ਬਾਰੇ ਭਾਵ-ਪੂਰਨ ਟਿੱਪਣੀਆਂ ਕਰਦਾ ਹੈ। ਇਹ ਪਾਠ ਭਾਰਤ ਦੀ ਗੌਰਵਮਈ ਸੰਸਕ੍ਰਿਤੀ ਪ੍ਰਤਿ ਪੂਰਨ ਸਿੰਘ ਦੇ ਮੋਹ ਦੀ ਵੀ ਗਵਾਹੀ ਦਿੰਦਾ ਹੈ।

* ਪੂਰਨ ਸਿੰਘ, 'ਜ਼ਿੰਦਗੀ ਦੇ ਰਾਹਾਂ 'ਤੇ' (ਅਨੁਵਾਦਕ ਗੁਰਬਖ਼ਸ਼ ਸਿੰਘ ਪ੍ਰੀਤਲੜੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1987

# ਐਬਟਾਬਾਦ

ਮੇਰਾ ਜਨਮ ਸਰਹੱਦੀ ਜ਼ਿਲ੍ਹਾ ਹਜ਼ਾਰਾ ਦੇ ਸਦਰ, ਐਬਟਾਬਾਦ ਦੇ ਨੇੜੇ, ਸਲਹੱਡ ਪਿੰਡ ਦੇ ਇੱਕ ਕੱਚੇ ਘਰ ਵਿੱਚ ਹੋਇਆ। ਸਲਹੱਡ ਇੱਕ ਪਠਾਣੀ ਪਿੰਡ ਹੈ। ਕਿਉਂਕਿ ਮੈਂ ਪਿੰਡ ਦਾ ਹਰਮਨ-ਪਿਆਰਾ ਬੱਚਾ ਸਾਂ ਤੇ ਪਠਾਣ ਮੈਨੂੰ ਪਿਆਰ ਕਰਦੇ ਸਨ।

ਆਪਣਾ ਬਾਲਪਣ ਮੈਂ ਇਸ ਪਿੰਡ ਵਿੱਚ ਬਿਤਾਇਆ ਤੇ ਦਿਨੋ-ਦਿਨ ਅਜ਼ਾਦੀ ਤੇ ਉੱਚਤਾ ਦੇ ਆਪ-ਮੁਹਾਰੇ ਜਜ਼ਬੇ ਵਿੱਚ ਮੈਂ ਵੱਡਾ ਹੁੰਦਾ ਗਿਆ। ਮੇਰੀ ਮਾਂ ਮੈਨੂੰ ਝਾਲਾਂ ਦੇ ਹੇਠਾਂ ਬਿਠਾ ਦੇਂਦੀ ਤੇ ਠੰਢਾ ਪਾਣੀ ਮੇਰੀ ਕੰਡ ਉੱਤੇ ਪੈਂਦਾ। ਇੱਕ ਵਾਰੀ ਮੈਂ ਲੋਹੇ ਦੇ ਨਲ ਨਾਲ, ਜਿਹੜਾ ਗਿੱਲੀ ਮਿੱਟੀ ਵਿੱਚ ਗੱਡਿਆ ਹੋਇਆ ਸੀ ਤੇ ਜਿਦ੍ਹੇ ਵਿੱਚੋਂ ਪਾਣੀ ਹੇਠਾਂ ਵਗਦਾ ਸੀ, ਖੇਡ ਰਿਹਾ ਸਾਂ ਕਿ ਉਹ ਉੱਖੜ ਕੇ ਮੇਰੇ ਪੈਰ ਉੱਤੇ ਆ ਢੱਠਾ। ਬੜਾ ਲਹੂ ਵਗਿਆ ਤੇ ਅੱਜ ਤੱਕ ਉਹਦਾ ਦਾਗ਼ ਪਿਆ ਹੈ। ਕੁਝ ਵੀ ਅਸੀਂ ਕਰੀਏ, ਆਪਣੇ ਹਰ ਕੰਮ ਦਾ ਦਾਗ਼ ਜਾਂ ਚੰਗਿਆੜਾ ਸਾਰੀ ਉਮਰ ਸਾਡੇ ਨਾਲ ਰਹਿੰਦਾ ਹੈ। ਮੈਂ ਹੈਰਾਨ ਹਾਂ, ਛੋਟੇ-ਛੋਟੇ ਅਮਲਾਂ ਦੀ ਸਾਡੀ ਅਜ਼ਾਦੀ ਕੇਡੀ ਸਰਬ-ਸਮਰੱਥ ਹੈ ਕਿ ਓੜਕ ਅਸੀਂ ਆਪਣੀ ਖਿਡੌਣੀ ਅਜ਼ਾਦੀ ਦੇ ਗ਼ੁਲਾਮ ਬਣ ਜਾਂਦੇ ਹਾਂ। ਸਾਡੀ ਭਾਵਨਾ ਦੇ ਅਤਿ ਲਿਸ਼ਕਦੇ ਚੰਗਿਆੜੇ ਕਾਲ਼ੇ ਡੱਬ ਬਣ ਜਾਂਦੇ ਹਨ।

ਜਦੋਂ ਮੈਂ ਪੰਜ-ਛੇ ਸਾਲ ਦਾ ਬੱਚਾ ਸਾਂ, ਜ਼ਰੂਰ ਹੱਦ ਦਰਜੇ ਦਾ ਖ਼ਬਤੀ ਹੋਵਾਂਗਾ। ਮੈਂ ਹੁਣ ਵੀ ਉਸੇ ਤਰ੍ਹਾਂ ਹਾਂ। ਬਾਲ ਮਨੁੱਖ ਬਣ ਜਾਂਦਾ ਹੈ ਤੇ ਅਸੀਂ ਸਮਝਦੇ ਹਾਂ ਮਨੁੱਖ ਵਧੀਆ ਹੋ ਗਿਆ ਹੈ ਪਰ ਹੁੰਦਾ ਇਹ ਆਪਣਾ ਹੀ ਵਿਸਤਾਰ ਹੈ। ਮੈਨੂੰ ਵੱਡੇ ਹੋਏ ਨੂੰ ਮੇਰੇ ਦੋਸਤ ਨੀਮ-ਪਾਗਲ ਆਖਦੇ ਸਨ ਉਹਨਾਂ ਦੀ ਉਸ ਸਿਫ਼ਤ ਨਾਲ ਜਿਹਨੂੰ ਮੈਂ ਆਪਣੇ ਵਿੱਚ ਬਹੁਮੁੱਲੀ ਸਮਝਦਾ ਹਾਂ ਤੇ ਜਿਹਨੂੰ ਮੇਰੀ ਮਾਂ ਮੇਰੇ ਵਿੱਚ ਬਹੁਮੁੱਲੀ ਸਮਝਦੀ ਸੀ, ਕੋਈ ਦਿਲਚਸਪੀ ਨਹੀਂ। ਉਹ ਮੈਨੂੰ ਜੰਗਲੀ ਤੇ ਅੱਖੜ ਸਮਝਦੇ ਹਨ, ਅਤਿ ਭਾਵਕ, ਅਤਿ ਜੋਸ਼ੀਲਾ ਤੇ ਅਤਿ ਉਤਸ਼ਾਹੀ। ਮੇਰੀ ਮਾ ਮੈਨੂੰ ਦੱਸਿਆ ਕਰਦੀ ਸੀ, ਇੱਕ ਦਿਨ ਮੈਂ ਚਿੱਟਾ ਕਹਿ ਦਾ ਕੌਲ ਭੰਨ ਸੁੱਟਣ ਲਈ ਜ਼ਿਦ ਕਰ ਰਿਹਾ ਸਾਂ ਤੇ ਮਾ ਨੇ ਮੇਰੀ ਜ਼ਿਦ ਮੰਨ ਲਈ ਸੀ। ਇੱਕ ਪੱਥਰ ਉੱਤੇ ਉਹਨੂੰ ਮੈਂ ਧੈਂ ਮਾਰਿਆ ਤੇ ਉਹ ਟੋਟੇ-ਟੋਟੇ ਹੋ ਗਿਆ ਤੇ ਉਹਨੂੰ ਤੋੜ ਕੇ ਮੈਂ ਰੋਣ ਲੱਗ ਪਿਆ, "ਹੈਂ! ਹੈਂ! ਇਹ ਟੋਟੇ-ਟੋਟੇ ਕਿਉਂ ਹੋ ਗਿਆ?"

ਲਾਲ ਜੱਤ ਵਾਲ਼ੀ ਬੱਕਰੀ ਨੂੰ ਮੈਂ ਭੁੱਲ ਨਹੀਂ ਸਕਦਾ ਜਿਦ੍ਹੇ ਪਿੱਛੇ ਛੰਨਾ ਲੈ ਕੇ ਮੈਂ ਦਿਨ ਵਿੱਚ ਕਈ ਵਾਰੀ ਦੌੜਦਾ ਤੇ ਉਹ ਮੈਨੂੰ ਦੁੱਧ ਦੇਂਦੀ ਸੀ। ਮੇਰੇ ਸੰਘਣੇ ਸੁਨਹਿਰੀ ਵਾਲ ਮੇਰੀ ਧੌਣ ਉੱਤੇ ਉੱਡਦੇ ਜਦੋਂ ਮੈਂ ਬੱਕਰੀ ਦੇ ਮਗਰ ਦੌੜਦਾ ਸਾਂ, ਬੱਕਰੀ ਨਾਲ ਮੇਰੀ ਰਿਸ਼ਤੇਦਾਰੀ ਦਾ ਸੁੱਝ ਦੇਂਦੇ ਸਨ। ਉਹਨੀ ਦਿਨੀਂ ਮੇਰੇ ਜਵਾਨ ਮਾਮਾ ਜੀ ਆਏ। ਇਹ ਮੇਰੀ ਮਾਂ ਦੇ ਇੱਕੋ-ਇੱਕ ਭਰਾ ਸਨ ਤੇ ਉਹ ਮੇਰੀ ਮਾਂ ਨੂੰ ਬੜੇ ਪਿਆਰੇ ਸਨ। ਆਪਣੇ ਪਿਤਾ ਨਾਲੋਂ ਮੈਂ ਆਪਣੇ ਮਾਮੇ ਦਾ ਵਧੇਰੇ ਚਾਹਵਾਨ ਸਾਂ। ਉਹ ਆਪਣੇ ਖਾਣ-ਪੀਣ ਲਈ ਮੇਰੀ ਬੱਕਰੀ ਦੇ ਲੇਲੇ ਨੂੰ ਮਾਰ ਲੈਣਾ ਚਾਹੁੰਦੇ ਸਨ। ਮਾਮੇ ਨੇ ਇੱਕ ਤਮਾਸ਼ੇ ਦਾ ਮੇਰੇ ਨਾਲ ਇਕਰਾਰ ਕੀਤਾ ਤੇ ਉਹਨਾਂ ਨੇ ਲੇਲਾ ਮਾਰ ਲਿਆ। ਮੈਨੂੰ ਸਲਾਹਿਆ ਗਿਆ ਕਿ ਮੈਂ ਆਪਣਾ ਲੇਲਾ ਮਾਮੇ ਨੂੰ ਦੇ ਦਿੱਤਾ ਸੀ। ਸ਼ਾਮੀਂ ਜਦੋਂ ਬੱਕਰੀ ਦਿਨ ਭਰ ਪਹਾੜ ਉੱਤੇ ਚਰ ਕੇ ਘਰ ਆਈ, ਉਸ ਨੇ ਲੇਲੇ ਨੂੰ ਢੂੰਡਿਆ, ਬੁਲਾਇਆ ਤੇ ਕੋਈ ਜਵਾਬ ਨਾ ਮਿਲਣ 'ਤੇ ਉਹ ਅੰਦਰ ਪੈਰ ਧਰੇ ਬਿਨਾਂ ਪਿੱਛੇ ਮੁੜ ਗਈ। ਰੱਬ ਜਾਣੇ ਉਸ ਦੇ ਮਨ ਉੱਤੇ ਕੀ ਬੀਤਿਆ ਹੋਵੇਗਾ ਤੇ ਉਸ ਸਮੇਂ ਜਿਹੜਾ ਸਦਮਾ ਮੈਂ ਉਹਨੂੰ ਪੁਚਾਇਆ ਸੀ, ਉਹਦੇ ਲਈ ਮੇਰੇ ਅੱਥਰੂ ਕਬੂਲੇ ਬਿਨਾਂ, ਕਿਧਰੇ ਚਲੀ ਗਈ। ਬੱਕਰੀ ਚਲੀ ਗਈ। ਮੈਂ ਬੱਕਰੀ ਤੇ ਲੇਲੇ ਦੋਹਾਂ ਲਈ ਰੋਂਦਾ ਰਿਹਾ।

ਮੇਰੀ ਮਾਂ ਨੇ ਇੱਕ ਵਾਰੀ ਸੋਨੇ ਦੀ ਮੋਹਰ ਮੇਰੇ ਮੱਥੇ ਉੱਪਰਲੀ ਮੀਢੀ ਨਾਲ ਗੁੰਦ ਦਿੱਤੀ ਤੇ ਪਹਿਲੀ ਵਾਰੀ ਕੁੜੀਆਂ ਵਾਂਗ ਮੇਰੇ ਵਾਲ਼ ਉਸ ਬਣਾ ਦਿੱਤੇ ਸਨ। ਜਦੋਂ ਸਿੱਖ ਬੱਚਿਆਂ ਦੇ ਵਾਲ ਲੰਮੇ ਹੋ ਜਾਂਦੇ ਤਾਂ ਸਭਨਾਂ ਦੇ ਗੁੰਦ ਦਿੱਤੇ ਜਾਂਦੇ ਸਨ ਤੇ ਏਸ ਤਰ੍ਹਾਂ ਪਿੰਡ ਦੀ ਗਲੀ ਮੈਂ ਤੁਰਿਆ ਗਿਆ। ਮੈਂ ਇੱਕ ਫ਼ਕੀਰ ਵੇਖਿਆ, ਝੋਲਾ ਉਹਦੀ ਪਿੱਠ ਪਿੱਛੇ, ਖੱਪਰ ਹੱਥ ਵਿੱਚ ਤੇ ਅਨੇਕਾਂ ਮਣਕਿਆਂ ਦੀ ਮਾਲਾ ਉਹਦੇ ਗਲ ਵਿੱਚ। ਉਹ ਮੇਰੇ ਕੋਲ਼ ਆ ਕੇ ਮੇਰੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਲੱਗ ਪਿਆ। ਮੈਂ ਉਹਦਾ ਸੱਜਾ ਹੱਥ ਫੜ ਲਿਆ ਜਿਹੜਾ ਉਸ ਨੇ ਮੇਰੇ ਵੱਲ ਵਧਾਇਆ ਸੀ। ਜਿਵੇਂ ਮੇਰੇ ਪਿਤਾ ਮੈਨੂੰ ਅਗਾਂਹ ਤੋਰਨ ਲਈ ਹਮੇਸ਼ਾ ਵਧਾਇਆ ਕਰਦੇ ਸਨ, ਉਵੇਂ ਉਹਦਾ ਹੱਥ ਫੜੀ ਮੈਂ ਤੁਰੀ ਗਿਆ। ਜਾਪਦੈ, ਮਲਕੜੇ ਕੈਂਚੀ ਕੱਢ ਉਸ ਨੇ ਉਹ ਸੁਨਹਿਰੀ ਮੋਹਰ ਜੋ ਮੇਰੀ ਮਾਂ ਨੇ ਮੇਰੀ ਮੀਢੀ ਨਾਲ ਗੁੰਦੀ ਸੀ ਨੂੰ ਕੱਟ ਕੇ ਝੋਲ਼ੇ ਵਿੱਚ ਪਾ ਲਿਆ ਤੇ ਇਕਦਮ ਉਸ ਨੇ ਮੈਨੂੰ ਛੱਡ ਦਿੱਤਾ। ਮੋਹਰ ਤੇ ਮੁਤਬੱਰਕ ਵਾਲਾਂ ਦੀ ਲਿਟ ਕੱਟੀ ਮੈਂ ਘਰ ਆਇਆ। ਮਾਂ ਨੇ ਪੁੱਛਿਆ, "ਮੋਹਰ ਕਿੱਥੇ ਗਈ?" ਤੇ ਦੱਸਦੇ ਨੇ ਕਿ ਮੈਂ ਉਸ ਪਾਸੇ ਉਂਗਲ਼ ਕਰ ਕੇ ਆਖਿਆ, "ਬਾਵਾ," ਤੇ ਪਿੱਪਲ਼ ਦੇ ਦੋ ਪੱਤਿਆਂ ਵਾਂਗ ਆਪਣੀਆਂ ਦੋਵੇਂ ਹੱਥ-ਤਲ਼ੀਆਂ ਖੋਲ੍ਹ ਕੇ ਪੁੱਠੀਆਂ ਕਰ ਲਈਆਂ। ਮੇਰੀ ਮਾਂ ਨੇ ਮੇਰੀਆਂ ਖ਼ਾਲੀ ਤਲੀਆਂ ਚੁੰਮ ਲਈਆਂ, ਮੈਨੂੰ ਆਪਣੇ ਕੁੱਛੜ ਚੁੱਕ ਲਿਆ ਤੇ ਰੱਬ ਦਾ ਸ਼ੁਕਰ ਕੀਤਾ ਕਿ ਸੋਨੇ ਦੀ ਚੰਦਰੀ ਮੋਹਰ ਨਾਲ ਮੈਂ ਨਹੀਂ ਸਾਂ ਚੁੱਕਿਆ ਗਿਆ।

ਮੇਰੇ ਪਿਤਾ ਦਾ ਵਿਹਾਰ ਉਹਨਾਂ ਨੂੰ ਥਾਂ ਪੁਰ ਥਾਂ ਲਿਜਾਂਦਾ ਰਹਿੰਦਾ ਸੀ ਤੇ ਅਗਲੀ ਥਾਂ ਅਸੀਂ ਐਬਟਾਬਾਦ ਗਏ। ਪੰਜਾਬੀ ਸਿਪਾਹੀ ਜਿਹੜੇ ਉੱਥੇ ਆਏ, ਉਹ ਇਹਨੂੰ ਹੈਬਟਾਬਾਦ ਆਖਦੇ ਸਨ। ਸਮੁੰਦਰ ਤੋਂ ਤਿੰਨ ਹਜ਼ਾਰ ਫ਼ੁੱਟ ਉਚਾਈ ਦੇ ਏਸ ਪਿਆਰੇ-ਪਿਆਰੇ ਪਹਾੜੀ ਥਾਂ ਦਾ ਇਹ ਨਾਂ ਸ੍ਰਾਪ ਜਿਹਾ ਲੱਗਦਾ ਸੀ। ਐਬਟਾਬਾਦ ਕਿਉਂ? ਕਿਉਂਕਿ ਇੱਕ ਚੰਗੇ ਅੰਗਰੇਜ਼ ਨੂੰ ਏਥੋਂ ਦਾ ਪੱਧਰਾ-ਸਾਵਾਂ ਮੈਦਾਨ ਚੰਗਾ ਲੱਗਾ ਸੀ

ਤੇ ਉਸ ਨੇ ਇਹਨੂੰ ਆਪਣਾ ਸਦਰ ਬਣਾ ਲਿਆ ਸੀ। ਕੇਡੀ ਕੁਢੱਬੀ ਗੱਲ ਕਿ ਅੰਗਰੇਜ਼ ਦਾ ਨਾਂ ਇਹਨੂੰ ਦਿੱਤਾ ਗਿਆ। ਭਾਰਤ ਵਿੱਚ ਭਾਰਤ ਦੀਆਂ ਪੁਰਾਣੀਆਂ ਯਾਦਾਂ ਆਪਣੇ ਨਵੇਂ ਸ਼ਹਿਰਾਂ ਤੇ ਗਲ਼ੀਆਂ ਦੇ ਨਾਂਵਾਂ ਵਿੱਚ ਸੁਰਜੀਤ ਹੋਣੀਆਂ ਚਾਹੀਦੀਆਂ ਹਨ; ਨਹੀਂ ਤਾਂ ਲੋਕਾਂ ਦੀ ਯਾਦ ਨੂੰ ਸਦਾ ਸਫ਼ਲ ਰੱਖਣ ਦੇ ਮੌਕੇ ਜਾਂਦੇ ਰਹਿਣਗੇ। ਕਿਉਂ ਕੋਈ ਸ਼ਖ਼ਸ  ਭਾਵੇਂ ਉਹ ਕੇਡੇ ਹੀ ਚੰਗੇ ਤੇ ਸਾਊ ਹੋਣ, ਦੂਜੇ ਮੁਲਕ ਉੱਤੇ ਆਪਣੀ ਨਿਰਜੀਵ ਯਾਦ ਠੋਸਣ ? ਸਾਡੀ ਸ਼ਾਨ ਤੇ ਸਾਡਾ ਵਿਰਸਾ, ਗੌਰੀ ਸ਼ੰਕਰ, ਸਾਡੀ ਅਤਿ ਉੱਚੀ ਸਿਖਰ ਨੂੰ ਮੌਂਟ-ਐਵਰੈਸਟ ਦਾ ਨਵਾਂ ਨਾਂ ਦੇ ਦੇਣਾ ਦਿਮਾਗ਼ੀ ਤਬਾਹਕਾਰੀ ਦੀ ਮਿਸਾਲ ਹੈ। ਮੈਂ ਹੈਰਾਨ ਹਾਂ, ਅੰਗਰੇਜ਼ੀ ਜੁਗਰਾਫ਼ੀਆ-ਸੁਸਾਇਟੀ ਜ਼ਰਾ ਜਿੰਨੀ ਵੀ ਸੱਚੀ ਸਾਇੰਸੀ ਜ਼ਮੀਰ ਰੱਖਦਿਆਂ, ਕਿਵੇਂ ਏਸ ਵਹਿਸ਼ਤ ਨੂੰ ਪ੍ਰਵਾਨ ਕਰ ਲੈਂਦੀ ਹੈ। ਇਹਨਾਂ ਸਾਡੀਆਂ ਛਾਤੀਆਂ ਵਿੱਚੋਂ ਸਾਡੇ ਦੇਵਤਿਆਂ ਨੂੰ ਪੁੱਟ ਕੇ ਉਹਨਾਂ ਦੀ ਥਾਂ ਐਵਰੈਸਟਾਂ ਨੂੰ ਗੱਡ ਦੇਣਾ ਹੈ।

ਪਰ ਮੇਰੇ ਲਈ ਹੈਬਟਾਬਾਦ ਇੱਕ ਨਵਾਂ ਪੰਘੂੜਾ ਸੀ ਜਿਹੜਾ ਆਪਣੇ ਦੁਆਲ਼ੇ ਵਗਦੀਆਂ ਨਦੀਆਂ ਦੀਆਂ ਚਾਂਦੀ-ਲੜੀਆਂ ਉੱਤੇ ਝੂਲ ਰਿਹਾ ਸੀ। ਇਹਦੇ ਮਰਕਵੇਂ ਠੰਢੇ ਪਾਣੀ, ਇਹਦੀਆਂ ਸੜਕਾਂ ਉੱਤੇ ਲੰਮੇ ਸਫ਼ੈਦੇ, ਨਿੱਕੀਆਂ ਚੀੜ੍ਹਾਂ ਨਾਲ ਕੱਜੀ, ਮੰਦਰ ਵਰਗੀ ਸੋਹਣੀ ਪਹਾੜੀ ਤੇ ਪੌਣਾਂ ਜਿਹੜੀਆਂ ਚੀੜ੍ਹਾਂ  ਦੀ ਭਰਪੂਰ ਸੁਗੰਧੀ ਤੇ ਉਹਨਾਂ ਦੀਆਂ ਸੁੱਕੀਆਂ ਸੂਈਆਂ ਨੂੰ ਪਹਾੜੀ ਦੇ ਹਰ ਪਾਸੇ ਖਲੇਰਦੀਆਂ ਸਨ। ਤੇ ਮੈਂ ਉਹਨਾਂ 'ਤੇ ਠੇਡਾ ਖਾ ਕੇ ਡਿਗਣ ਦੀ ਖ਼ੁਸ਼ੀ ਨਾਲ ਰਿੜ੍ਹਦਾ। ਸਵੇਰ ਦਾ ਇਸ਼ਨਾਨ ਮੈਂ ਆਪਣੇ ਪਿਤਾ ਦੇ ਨਾਲ ਵਗਦੀਆਂ ਨਦੀਆਂ ਦੇ ਕੰਢਿਆਂ ਉੱਤੇ ਆਪਣੇ ਹੱਥਾਂ ਨਾਲ ਰੇਤ ਖੁੰਦ-ਖੁੰਦ ਬਣਾਏ ਕੁੰਡਾਂ ਵਿੱਚ ਕਰਦਾ। ਮੇਰੇ ਪਿਤਾ 'ਰਾਮ-ਰਾਮ' ਆਖਦੇ, ਤੇ ਮੈਂ 'ਪਿਤਾ-ਪਿਤਾ' ਆਖਦਾ ਤੇ ਕੀਕਰ ਆਪਣੇ ਕੰਵਾਰੇ ਕੇਸ ਪੱਗ ਵਿੱਚ ਬੱਧੀ, ਗਿੱਲੇ ਕੱਪੜੇ ਝੁਲਾਰਦਾ, ਉੱਗਦੇ ਸੂਰਜ ਦੀਆਂ ਸੂਹੀਆਂ ਕਿਰਨਾਂ ਝੌਂਪਦਾ, ਮੈਂ ਘਰ ਮੁੜਦਾ ਸਾਂ ਤੇ ਮੈਨੂੰ ਜਾਪਦਾ ਜਿਉਂ ਸੂਰਜ ਸਾਡੇ ਵਾਂਗ ਅਸਮਾਨ ਦੀ ਨਿਲੱਤਣ ਵਿੱਚ ਨਹਾ ਰਿਹਾ ਸੀ।

ਤੇ ਛੋਟਾ ਪੱਥਰ-ਕੰਧਾ ਸਕੂਲ ਜਿਦ੍ਹੇ ਬੂਹਿਆ-ਬਾਰੀਆਂ ਉੱਤੇ ਫੁੱਲਾ-ਲੱਦੀਆ ਗੁਲਾਬੀ ਵੇਲਾ ਚਾੜ੍ਹੀਆ ਹੋਈਆ ਸਨ, ਮੈਨੂੰ ਯਾਦ ਹੈ। ਸਕੂਲ ਪਾਸੇ ਨਾਲ਼ ਪੌਲੀ ਕੁ ਦੀ ਵਾਟ ਉੱਤੇ ਕਮੇਟੀ ਦੇ ਬਾਗ਼ ਸਨ ਜਿਨ੍ਹਾਂ ਵਿੱਚੋਂ ਪੂਦਨੇ ਤੇ ਵਰਬੀਨੇ ਦੀਆਂ ਲਪਟਾਂ ਸਾਡੇ ਜਮਾਤ-ਕਮਰਿਆਂ ਵਿੱਚ ਆਉਂਦੀਆਂ ਸਨ। ਮੈਂ ਹਾਂ ਏਡਾ ਭਾਵਕ, ਮੈਂ ਆਪਣੀਆਂ ਨਾਸਾਂ ਹੁਣ ਵੀ ਖੋਲ੍ਹਦਾ ਸਾਂ ਤਾਂ ਉਸ ਵੇਲ਼ੇ ਦੀਆਂ ਖ਼ੁਸ਼ਬੋਈਆਂ ਉਸੇ ਤਰ੍ਹਾਂ ਲਪਟਾ ਮਾਰਨ ਲੱਗ ਪੈਂਦੀਆਂ ਹਨ, ਹਰਿਆਲੇ ਘਾਹ ਕਿਤੇ ਮੈਨੂੰ ਸਾਵੀ ਮਖ਼ਮਲ ਦੇ ਫ਼ਰਸ਼ ਜਾਪਦੇ ਸਨ। ਮੇਰਾ ਜਾਂਗਲੀਪੁਣਾ ਡੱਠੇ ਬੈਂਚਾ ਉੱਤੇ ਟਿਕਦਾ ਨਹੀਂ ਸੀ। ਮੈਂ ਘਾਹ ਉੱਤੇ ਵਿਲਿੱਦਨ ਲੱਗ ਪੈਂਦਾ ਸਾਂ ਤੇ ਆਪਣੇ ਕੱਪੜਿਆਂ ਨੂੰ ਘਾਹ ਦੇ ਰੰਗ ਤੇ ਉਹਦੀ ਖ਼ੁੱਲ੍ਹ ਨਾਲ਼ ਲਬੇੜ ਕੇ ਖ਼ੁਸ਼ ਹੁੰਦਾ ਸਾਂ। ਪੀਲੀਆਂ ਮੰਗਲੋਪੁਰੀ ਨਾਲ ਝੁਕੀਆਂ ਡਾਲਾਂ ਨੂੰ ਯਾਦ ਕਰ ਕੇ ਹੁਣ ਵੀ ਮੇਰੇ ਮੂੰਹ ਵਿੱਚ ਪਾਣੀ ਭਰ ਆਉਂਦਾ ਹੈ। ਮੇਰਾ ਖ਼ਿਆਲ ਹੈ ਕਿ ਇਹਨਾਂ ਤੋਂ ਹੀ ਫਲਾਂ ਲਈ ਮੇਰੇ ਅੰਦਰ ਤਰੰਗੀ ਲੋਚਨਾ ਪੈਦਾ ਹੋਈ ਹੈ। ਰੁੱਤ ਦਾ ਆਲੂਬੁਖ਼ਾਰਾ, ਅੰਗੂਰ ਤੇ ਰਸੀਲੀਆਂ ਨਾਖਾਂ ਹੀ ਨਹੀਂ, ਪਹਾੜ ਦੀਆਂ ਪੱਥਰ-ਨਾਖਾਂ ਵੀ ਮੇਰੇ ਭਰਮਾਵੇ ਸਨ। ਮਾਲੀ ਮਿਹਰਬਾਨ ਸੀ। ਉਹਦਾ ਇਕਲੌਤਾ ਪੁੱਤਰ ਪ੍ਰੇਮਾ ਮੇਰਾ ਜਮਾਤੀ ਸੀ; ਤੇ ਸਾਨੂੰ ਖੁੱਲ੍ਹ ਸੀ ਕਿ ਜੋ ਚੰਗਾ ਲੱਗੇ ਅਸੀਂ ਤੋੜ ਲਈਏ। ਕਮੇਟੀ-ਬਾਗ਼ ਵਿੱਚ ਇੱਕ ਛੋਟਾ ਜਿਹਾ ਡਿੱਗੀ-ਤਲਾਅ ਸੀ ਤੇ ਉਹਦੇ ਵਿੱਚ ਨਿੱਕੀ ਜਿੰਨੀ ਚਿੱਟੀ ਬੇੜੀ ਤਰਦੀ ਹੁੰਦੀ ਸੀ ਤੇ ਤਲਾਅ ਦੁਆਲੇ ਬੇਦ-ਮਜਨੂੰਆਂ ਦਾ ਝੁੰਡ ਸੀ। ਜਾਪਦਾ ਸੀ ਜਿਉਂ ਇਹ ਪਰੀਆਂ ਦੀ ਲਡਿੱਕੀ ਠਾਹਰ ਸੀ। ਕਈ ਵਾਰੀ ਕਿਸੇ ਬੇਦ-ਮਜਨੂੰ ਹੇਠਾਂ ਮੈਂ ਖਲੋ ਜਾਂਦਾ ਤੇ "ਪਰੀਆਂ" ਨੂੰ ਆਉਂਦਿਆਂ ਵੇਖਦਾ। ਲੋਕ ਉਹਨਾਂ ਕੋਲੋਂ ਡਰਦੇ ਤੇ ਪ੍ਰੇਮੇ ਦਾ ਪਿਤਾ ਤਾਂ ਉਹਨਾਂ ਨੂੰ ਵੇਖ ਕੇ ਕੰਬਣ ਹੀ ਲੱਗ ਪੈਂਦਾ ਸੀ  ਭਾਵੇਂ ਆਪ ਉਹ ਆਪਣੇ ਅਧੀਨ ਮਾਲੀਆਂ ਲਈ ਇੱਕ ਆਫ਼ਤ ਹੁੰਦਾ ਸੀ। ਉਹ ਮੈਨੂੰ ਹਮੇਸ਼ਾਂ ਕਹਿੰਦਾ ਸੀ ਕਿ ਮੈਂ ਡਿੱਗੀ ਦੇ ਨੇੜੇ ਨਾ ਜਾਇਆ ਕਰਾਂ। ਉਹ ਸਿਰਫ਼ ਏਨਾ ਕਹਿੰਦਾ ਸੀ, "ਬੜਾ ਸਾਹਿਬ-ਵੱਡਾ ਲਾਟ ਉੱਥੇ ਆਉਂਦਾ ਹੈ।" ਇੱਕ ਦਿਨ ਮੈਂ "ਬੜੇ ਸਾਹਿਬ" ਤੇ ਉਹਦੀ ਮੇਮ ਨੂੰ ਡਿੱਗੀ ਵੱਲ ਜਾਂਦਿਆਂ ਵੇਖਿਆ, ਤੇ ਮੈਂ ਵੀ ਉਹਨਾਂ ਮਗਰ ਹੋ ਪਿਆ। ਪ੍ਰੇਮਾ ਉਹਨਾਂ ਦੀ ਹਾਜ਼ਰੀ ਵਿੱਚ ਸੀ ਤੇ ਉਸ ਨੇ ਮੈਨੂੰ ਵਰਜਣ ਦੇ ਬੜੇ ਹੀ ਜਤਨ ਕੀਤੇ ਪਰ ਮੈਂ ਤੁਰਿਆ ਗਿਆ। ਮੇਮ ਸਾਹਿਬ ਨੇ ਭੌਂ ਕੇ ਤੱਕਿਆ ਤੇ ਮੁਸਕਰਾਈ ਤੇ ਮੈਨੂੰ ਇਸ਼ਾਰਾ ਕੀਤਾ, ਮੈਂ ਦੌੜ ਕੇ ਆ ਗਿਆ। ਉਸ ਦਿਨ ਮੈਨੂੰ ਉਹਦੇ ਨਾਲ਼ ਬੇੜੀ ਵਿੱਚ ਬਿਠਾਇਆ ਗਿਆ, ਮੇਰੀ ਇਹ ਖ਼ਾਹਿਸ਼ ਕੋਈ ਵੀ ਹੋਰ ਪੂਰੀ ਨਹੀਂ ਸੀ ਕਰ ਸਕਦਾ। "ਓਹ! ਅੱਜ ਮੈਂ ਪਾਣੀ ਉੱਤੇ ਤਰਿਆ।" ਆਪਣੀ ਮਾਂ ਨੂੰ ਮੈਂ ਆਖਿਆ ਤੇ ਮੇਰੇ ਪਿਤਾ ਨੂੰ ਮਾਣ ਸੀ ਕਿ ਜ਼ਿਲ੍ਹੇ ਦੇ ਮਾਲਕ ਦੀ ਸੰਗਤ ਮੈਨੂੰ ਮਿਲ਼ੀ ਸੀ। ਮੈਨੂੰ ਵੀ ਜਾਪਿਆ ਕਿ ਉਹ ਮਨੁੱਖਾਂ 'ਚੋਂ ਅਤਿ ਮਿਹਰਬਾਨ ਸਨ। ਮਾਲੀ ਮੈਨੂੰ ਫਲ਼ ਤੇ ਫੁੱਲ ਦੇਂਦਾ ਸੀ, ਬੜਾ ਹੀ ਚੰਗਾ ਸੀ ਤੇ ਜਿਹੜਾ ਕੋਈ ਮੇਰੇ ਉੱਤੇ ਮਿਹਰਬਾਨੀ ਕਰਦਾ ਸੀ ਮੈਂ ਸਮਝਦਾ ਸਾਂ, ਜ਼ਰੂਰ ਚੰਗਾ ਹੋਵੇਗਾ। ਮੈਂ ਹੁਣ ਵੀ ਇਹੋ ਖ਼ਿਆਲ ਕਰਦਾ ਹਾਂ। ਜਦੋਂ ਮੈਂ ਬਾਲ- ਜਮਾਤਾਂ ਵਿੱਚ ਸਾਂ, ਮੈਨੂੰ ਇੱਕ ਤਕੜੇ ਹੱਟੇ-ਕੱਟੇ ਬੇਲੀ ਰਾਮ ਦੀ ਯਾਦ ਆਉਂਦੀ ਹੈ ਜਿਹੜਾ ਉੱਪਰਲੀਆਂ ਜਮਾਤਾਂ ਨੂੰ ਪੜ੍ਹਾਂਦਾ ਸੀ। ਉਹ ਗੱਲਾਂ ਕਰਦਾ ਸੀ ਤੇ ਅਸਾਂ ਨਿਆਣਿਆਂ ਲਈ ਹਊਆ ਜਾਪਿਆ ਕਰਦਾ ਸੀ। ਮੈਂ ਹੁਣ ਖ਼ਿਆਲ ਕਰਦਾ ਹਾਂ ਕਿ ਮੰਦ-ਸਰੀਰੇ ਤੇ ਕੋਝੇ-ਕਜਾਏ ਆਦਮੀਆਂ ਨੂੰ ਛੋਟੇ ਬੱਚਿਆਂ ਦੀ ਸਿਖਲਾਈ ਉੱਤੇ ਕਦੀ ਵੀ ਨਹੀਂ ਲਾਉਣਾ ਚਾਹੀਦਾ। ਸਾਰੀਆਂ ਕੌਮਾਂ ਦੀ ਵਿੱਦਿਅਕ ਨਿਯਮਾਵਲੀ ਵਿੱਚ ਅਧਿਆਪਕਾਂ ਦੀ ਚੋਣ ਸੰਬੰਧੀ ਸੁਹਜ ਦੀ ਸੋਝੀ ਜ਼ਰੂਰ ਹੋਣੀ ਚਾਹੀਦੀ ਹੈ। ਬੇਲੀ ਰਾਮ ਦਾ ਪੁੱਤਰ, ਇੱਕ ਟੈਣਾ ਜਿਹਾ ਮੁੰਡਾ ਮੇਰਾ ਜਮਾਤੀ, ਮੇਰਾ ਗੂੜ੍ਹਾ ਦੋਸਤ ਬਣ ਗਿਆ। ਇਹ ਟੈਣਾ ਮੈਨੂੰ ਦੱਸਿਆ ਕਰਦਾ ਸੀ, "ਮੇਰੀ ਮਾਂ ਸਾਲ ਹੋਇਆ ਮਰ ਗਈ ਨੂੰ, ਮੇਰੇ ਪਿਤਾ ਨੇ ਦੂਜਾ ਵਿਆਹ ਕਰ ਲਿਐ। ਮੈਂ ਨਵੀਂ ਜਨਾਨੀ, ਛੋਕਰੀ ਜਿਹੀ ਨੂੰ, ਮਾਂ ਵਾਂਗ ਪਿਆਰ ਨਹੀਂ ਕਰ ਸਕਦਾ। ਪਰ ਮੇਰਾ ਪਿਓ ਮੈਨੂੰ ਮਾਰਦੈ ਜੇ ਮੈਂ ਨਹੀਂ ਕਰਦਾ। ਉਹ ਮੈਨੂੰ ਨਫ਼ਰਤ ਕਰਦੀ ਤੇ ਮੈਨੂੰ ਭੁੱਖਿਆਂ ਰੱਖਦੀ ਏ, ਕੀ ਤੂੰ ਮੈਨੂੰ ਕੁਝ ਪੈਸੇ ਦੇ ਸਕਦੈਂ ?" ਮੈਂ ਆਪਣੀ ਮਾਂ ਕੋਲੋਂ ਕੁਝ ਪੈਸੇ ਆਪਣੇ ਲਈ ਮੰਗ ਲਿਆਉਂਦਾ ਤੇ ਉਹਨੂੰ ਦੇ ਦੇਂਦਾ, ਨਿੱਕਾ ਮੁੰਡਾ ਰੋ ਪੈਂਦਾ ਜਿਉਂ ਉਹਨੂੰ ਡਾਢੀ ਤਸੱਲੀ ਹੋਈ ਹੁੰਦੀ। ਕਈ ਵਾਰੀ ਉਹ ਆਪਣੀ ਮਤਰੇਈ ਮਾਂ ਦੇ

ਜ਼ੁਲਮਾਂ ਦੀ ਕਹਾਣੀ ਸੁਣਾਉਂਦਾ। ਮੈਂ ਹੁਣ ਵੀ ਮਹਿਸੂਸ ਕਰਦਾ ਹਾਂ ਕਿ ਉਹ ਮਾਪੇ ਕੇਡੇ ਬੇਰਹਿਮ ਹੁੰਦੇ ਹੋਣਗੇ ਜਿਹੜੇ ਛੋਟੇ ਬੱਚਿਆਂ ਤੋਂ ਅਣਗਹਿਲ ਆਪਣੀਆਂ ਵਾਸ਼ਨਾਵਾਂ ਪਿੱਛੇ ਭਟਕਦੇ ਰਹਿੰਦੇ ਹਨ।

ਮੇਰੇ ਪਿਤਾ ਨੂੰ ਕਈ ਥਾਵਾਂ ਬਦਲਣੀਆ ਪੈਂਦੀਆਂ ਸਨ ਮੈਨੂੰ ਭਾਸਦਾ ਜਿਉਂ ਗੰਧਾਰਾ ਦੇਸ ਵਿੱਚ ਮੇਰਾ ਘਰ ਸਭਨੀਂ ਥਾਈਂ ਸੀ। ਮੈਨੂੰ ਅਨੁਭਵ ਹੁੰਦਾ ਜਿਉਂ ਮੈਂ ਇੱਕ ਉੱਡਦਾ ਪੰਛੀ ਸਾਂ ਜਿਦ੍ਹੇ ਖੰਭ ਪਹਾੜਾਂ ਤੇ ਵਾਦੀਆਂ ਉੱਤੇ ਜੇਡੀ ਦੂਰ ਉਹਨੂੰ ਲਿਜਾ ਸਕਣ, ਉਹਨੂੰ ਉੱਡਣ ਦਾ ਸ਼ਾਹੀ ਹੱਕ ਪ੍ਰਾਪਤ ਸੀ, ਮੈਂ ਅੱਜ ਵੀ ਮਹਿਸੂਸ ਕਰਦਾ ਹਾਂ, ਮੇਰੇ ਵਾਲ਼ਾਂ ਵਿੱਚ-ਵਿੱਚ ਚਾਂਦੀ-ਫ਼ੀਤਿਆਂ ਵਰਗੀਆਂ ਕੱਸੀਆਂ ਵਗਦੀਆਂ ਹਨ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਵਾਲ਼ ਮੈਨੂੰ ਕੁਦਰਤ ਨਾਲ਼ ਇੱਕ-ਮਿੱਕ ਕਰਦੇ ਹਨ। ਘੋਨ-ਮੋਨ ਲੋਕ ਕੁਦਰਤ ਲਈ ਜ਼ਰੂਰ ਓਪਰੇ ਹੁੰਦੇ ਹੋਣਗੇ। ਗੰਧਾਰਾ ਦੇ ਉਹ ਪਿੰਡ ਅਜੇ ਵੀ ਮੇਰੀ ਯਾਦ ਦੇ ਅਕਾਸ਼ ਵਿੱਚ ਮਧੂ-ਮੱਖੀਆਂ ਵਾਂਗ ਗੁੰਜਾਰਦੇ ਝੂੰਮਦੇ ਹਨ।

ਪੋਠੋਹਾਰ, ਮੇਰੇ ਮਾਤਾ-ਪਿਤਾ ਦੋਂਹਾਂ ਦੀ ਮਾਤ-ਭੂਮੀ, ਨੇ ਮੇਰਾ ਮਨ ਮੋਹ ਲਿਆ। ਉਹਨੀਂ ਦਿਨੀ ਉੱਥੇ ਸਾਡੇ ਇਹੋ-ਜਿਹੇ ਸਾਕ ਸਨ, ਜਿਨ੍ਹਾਂ ਦਾ ਜਿਵੇਂ ਮੈਨੂੰ ਉਦੋਂ ਜਾਪਦਾ ਸੀ, ਮੁੱਖ ਕੰਮ ਸਾਡਾ ਸੁਆਗਤ ਕਰਨਾ, ਮੈਨੂੰ ਪਿਆਰ ਕਰਨਾ ਤੇ ਸਾਡੇ ਨਾਲ ਖਾਣਾ-ਪੀਣਾ ਹੁੰਦਾ ਸੀ। ਇਹ ਨਿਗੂਣੀਆਂ ਗੱਲਾਂ ਬੂਹਿਆਂ ਉੱਤੇ ਖਲੋ ਉਡੀਕਣਾ, ਸਾਨੂੰ "ਜੀਉ ਆਇਆਂ" ਆਖ ਤੇ ਹੱਥ ਜੋੜ ਵਿਦਾ ਕਰਨਾ, ਨਿੱਕੀਆਂ ਮਨੁੱਖ-ਛੂਹਾਂ, ਗਲ਼-ਲੱਗਣੀਆਂ ਤੇ ਹੱਥ-ਘੁਟਣੀਆਂ, ਹੰਝੂ, ਮੁਸਕਾਨਾਂ, ਦੁੱਖਾਂ-ਸੁੱਖਾਂ ਵਿੱਚ ਸ਼ਾਮਲ ਹੋਣਾ— ਜ਼ਿੰਦਗੀ ਨੂੰ ਦਿਲਰੋਚਕ ਬਣਾ ਦੇਂਦੀਆਂ ਹਨ। ਅੱਜ ਤੱਕ ਵੀ ਮਾਰਗਲਾ ਦੱਰਾ, ਪਾਵਨ ਨਾਲ਼ ਸੋਮਾ, ਪੰਜਾ ਸਾਹਿਬ, ਵਲੀ ਕੰਧਾਰੀ ਦੀ ਵਰਾਨ ਸੁੱਕੀ ਪਹਾੜੀ ਤੇ ਮਾਰਗਲੇ ਦਾ ਉਹ ਭਾਗ ਜਿਦ੍ਹੇ ਵਿੱਚ ਕਲਕੱਤਿਓਂ ਪਿਸ਼ੌਰ ਜਾਂਦੀ ਜਰਨੈਲੀ ਸੜਕ ਲੰਘਦੀ ਭਾਰਤ ਨੂੰ ਪੱਛਮੀ ਏਸ਼ੀਆ ਨਾਲ਼ ਮਿਲਾਉਂਦੀ ਹੈ-ਮੇਰੇ ਅੰਦਰ ਕੋਈ ਪ੍ਰੇਰਕ ਝੁਣਝੁਣੀ ਛੇੜਦੇ ਹਨ। ਇਹਨਾ ਦੀ ਇੱਕ ਝਾਤ ਵੀ ਮੈਨੂੰ ਜਵਾਨੀ ਦਾ ਅਹਿਸਾਸ ਦੇਂਦੀ ਹੈ। ਹਰ ਵਾਰੀ ਇਹਨਾ ਦਾ ਜਾਦੂ-ਅਸਰ ਮੇਰਾ ਅੰਦਰ ਧੜਕਾ ਦੇਂਦਾ ਹੈ।"

ਇੱਥੇ ਟੈਕਸਿਲਾ ਦੀ ਮਹਾਨ ਯੂਨੀਵਰਸਿਟੀ ਸੀ ਜਿੱਥੇ ਸਾਰਾ ਪੂਰਬ ਤੇ ਪੱਛਮ ਮਹਾਨ, ਸੱਚੀਂ-ਮੁੱਚੀਂ ਮਹਾਨ ਬੋਧੀ ਮਨੁੱਖਤਾ ਦੀ ਰੂਹਾਨੀਅਤ ਸਿੱਖਣ ਆਉਂਦੇ ਸਨ। ਕਈ ਵਾਰੀ ਏਥੋਂ ਲੰਘਦਿਆਂ ਮੈ ਖ਼ਿਆਲ ਕਰਦਾ ਹਾਂ ਕਿ ਸਾਇਦ ਮੈਂ ਕੋਈ ਰਮਤੀ ਰੂਹ ਹਾਂ, ਉਸ ਤਖ਼ਤ ਬਾਈ ਵੱਲੋਂ ਆਈ ਜਿੱਥੇ ਕਦੇ ਇੱਕ ਹਜ਼ਾਰ ਯੂਨਾਨੀ ਗੰਧਾਰਾ ਚਟਾਨਾਂ ਦੇ ਨੀਲੇ ਪੱਥਰ ਵਿੱਚ "ਨਮੋ ਬੁਧ, ਨਮੋ ਬੁਧ" ਦੀ ਧੁਨੀ ਉਚਾਰਦੇ, ਬੁੱਧ ਦਾ ਪਵਿੱਤਰ ਚਿਹਰਾ ਘੜਦੇ ਸਨ ਤੇ ਏਥੇ ਇਸ ਥਾ ਮੈਂ ਅਜੇ ਵੀ ਸੋਚਦਾ ਹਾ ਕਿ ਪੂਰਬ-ਪੂਰਬ ਨਹੀਂ ਰਹਿੰਦਾ, ਪੱਛਮ-ਪੱਛਮ ਨਹੀਂ ਰਹਿੰਦਾ ਤੇ ਦੋਵੇਂ ਇੱਕ ਨਿਰਵੈਰ ਮਨੁੱਖਤਾ ਵਿੱਚ ਇੱਕ-ਮਿੱਕ ਹੋ ਜਾਂਦੇ ਹਨ, ਇੱਕ ਸੱਭਿਆ, ਅਸਲੀ ਸੱਭਿਆ ਮਨੁੱਖਤਾ ਵਿੱਚ ਮਨੁੱਖ ਦੀ ਮੁਹੱਬਤ ਦੀ ਸਦੀਵੀ ਸਾਂਝ ਵਿੱਚ। ਉਹ ਸੁਪਨਾ ਏਥੇ ਦੱਬਿਆ ਪਿਆ ਹੈ ਤੇ ਮਨੁੱਖਾਂ ਦੀ ਇਹ ਅਵਸਥਾ ਭਵਿਖ ਵਿੱਚ ਪਈ ਜਾਗਦੀ ਹੈ। ਮੇਰਾ ਹੁਣ ਵੀ ਇਹੋ ਅਨੁਭਵ ਹੈ ਕਿ ਇਹੀ ਥਾਂ ਹੈ ਜਿੱਥੇ ਗੁਰੂ ਨਾਨਕ ਦੇਵ ਦੀ ਦੇਵ-ਭਾਹ, ਬੁੱਧ ਦੀ ਮਹਾਨ ਮਨੁੱਖਤਾ ਨਾਲ਼ ਰਲ਼ ਮਿਲ਼ੇਗੀ ਤੇ ਏਥੇ ਸੁਰਗ ਜੁੜੇਗਾ। ਕੌਮਾਂਤਰੀ ਯੂਨੀਵਰਸਿਟੀਆਂ ਏਸ ਨੂੰ ਆਤਮ-ਸੱਭਿਆਚਾਰ ਨਾਲ਼ ਵਸਾ ਦੇਣਗੀਆਂ ਤੇ ਇੱਕ ਵਾਰੀ ਫੇਰ ਜਿਸ ਆਤਮਾ ਦੀ ਮਨੁੱਖਤਾ ਦਾ ਸੁਪਨਾ ਗੁਰੂ ਨਾਨਕ ਦੇਵ ਨੇ ਲਿਆ ਸੀ, ਉਹਦੀਆਂ ਨਵੀਂਆਂ ਯਾਤਰਾ-ਥਾਵਾਂ ਦਾ ਕੇਂਦਰ ਏਥੇ ਬਣੇਗਾ। ਅਮਰੀਕਾ ਦੇ ਕਰੋੜਪਤੀ ਜਾਗਣਗੇ, ਜਰਮਨ ਵਿਦਵਤਾ ਤੇ ਸਾਇੰਸ ਆਉਣਗੇ, ਜਪਾਨੀ ਕਲਾ ਪਾਵਨ ਯਾਤਰਾ ਉੱਪਰ ਆਵੇਗੀ ਤੇ ਏਸ ਮਨੁੱਖਤਾ ਵਿੱਚ ਰੂਹ ਫੂਕਣ ਵਾਲ਼ੇ ਕੇਂਦਰ ਅਸਥਾਪਨ ਹੋਣਗੇ। ਇਹ ਵਿਸ਼ਵ—ਵਾਦ ਦਾ ਨਵੀਨ ਸੱਭਿਆਚਾਰ ਹੋਵੇਗਾ ਜਿਸ ਦਾ ਸੁਪਨਾ ਪੰਜਾਬ ਦੇ ਗੁਰੂਆਂ ਨੇ ਲਿਆ, ਗੁਰੂ ਗੋਬਿੰਦ ਸਿੰਘ ਨੇ ਲਿਆ, ਜਿਸ ਨੇ ਸੁਤੰਤਰ ਸੁਭਾਵਿਕ ਮਨੁੱਖਤਾ, ਸੰਯੁਕਤ ਤੇ ਪੂਰਨ ਮਨੁੱਖਤਾ ਦੀਆਂ ਬੁਨਿਆਦਾਂ ਪਹਿਲਾਂ ਧਰੀਆਂ, ਧਰਤੀ ਦੀਆਂ ਸਾਰੀਆਂ ਕੌਮਾਂ ਦਾ ਪਿੱਛਾ ਭੁੱਲ ਜਾਏਗਾ। ਇਹ ਉਹਨਾਂ ਦੇ ਲਹੂ ਵਿੱਚ ਭਾਵੇਂ ਰਹਿ ਜਾਏ ਪਰ ਉਹਨਾਂ ਦੇ ਦਿਮਾਗ਼ ਵਿੱਚ ਨਹੀਂ ਰਹੇਗਾ। ਉਮਰਾਂ ਦੀ ਮੈਲ਼-ਮਿੱਟੀ ਜਿਹੜੀ ਪੁਰਾਣੇ ਵਤਨ ਦੀ ਪਿਆਰੀ ਮਿੱਟੀ ਵਾਂਗ ਕੌਮਾਂ ਨੂੰ ਚਿੰਬੜੀ ਰਹਿੰਦੀ ਹੈ, ਮਨੁੱਖੀ ਪਿਆਰ ਦੇ ਹੜ੍ਹ ਵਿੱਚ ਧੋਤੀ ਜਾਏਗੀ। ਕੌਮਾਂ ਦੇ ਦੇਵਤੇ ਨਿਸ਼ਫਲ ਰਹੇ ਹਨ। ਏਥੇ ਕੌਮਾਂ ਦੇ ਮਨੁੱਖ ਸੰਗਤ ਵਿੱਚ ਜੁੜਨਗੇ। ਮਨੁੱਖ ਦਾ ਪੁੱਤਰ ਵਿਸ਼ਵਧਰਮ ਹੋਵੇਗਾ ਤੇ ਮਨੁੱਖ ਨਾਲ ਪਿਆਰ ਨਿਸ਼ਚਾ ਹੋਵੇਗਾ। ਮਨੁੱਖੀ ਮਨ ਸਦਾ ਲਈ ਸੁਤੰਤਰ ਹੋਵੇਗਾ, ਬੁੱਧੀ ਤੇ ਇੱਛਾ ਉਜਲਾਏ ਸਹਿਜ ਗਿਆਨ ਦੇ ਝਲਕਾਰਿਆਂ ਦੇ ਸੇਵਕ ਹੋਣਗੇ ਤੇ ਸਿਰਫ਼ ਪਰਮ ਪੁਰਖ ਦੀਆਂ ਏਜੰਸੀਆਂ ਦੇ ਨਾਇਬ ਵਾਂਗ ਕੰਮ ਕਰਨਗੇ।

ਇੱਕ ਵਾਰੀ ਸਿੰਧ, ਮਹਾਂ ਅਟਕ ਦਰਿਆ ਦੇ ਕੰਢੇ ਉੱਤੇ ਮੇਰੀ ਮਾਂ ਨੇ ਮੈਨੂੰ ਦੱਸਿਆ ਕਿ ਸਿੰਧ ਸੱਚੀ-ਮੁੱਚੀ ਇੱਕ ਜਿਊੜਾ ਹੈ, ਰੂਹ ਹੈ। ਉਸ ਨੇ ਦੱਸਿਆ ਕਿ ਜਦੋਂ ਮੈਂ ਕੁੜੀ-ਮਾ ਹੁੰਦੀ ਸੀ, ਉਦੋਂ ਮੇਰੇ ਹੱਥੋਂ ਤੂੰ ਸਿੰਧ ਦੇ ਤਿੱਖੇ ਰੋੜ੍ਹ ਵਿੱਚ ਡਿਗ ਪਿਆ ਸੈਂ ਤਾ ਦੇਵੀ ਨੇ ਮੈਨੂੰ ਤੂੰ ਮੋੜ ਦਿੱਤਾ ਸੈਂ। ਮੈਂ ਵੱਡੇ ਸਾਰੇ ਬਲੌਰੀ ਪੱਥਰ ਉੱਤੇ ਬੈਠੀ ਹੋਈ ਸਾਂ ਤੇ ਬੁੱਕਾਂ ਨਾਲ਼ ਪਿੰਡੇ ਉੱਤੇ ਦਰਿਆ ਦੀਆਂ ਲਹਿਰਾਂ ਪਾ ਕੇ ਮੈਂ ਨਹਾ ਲਿਆ ਤੇ ਤੈਨੂੰ ਪਾਵਨ ਚੁੱਭੀ ਲਆਉਣ ਦਾ ਖ਼ਿਆਲ ਕੀਤਾ। ਤੇਰੀਆਂ ਨਿੱਕੀਆਂ-ਨਿੱਕੀਆਂ ਬਾਂਹਾਂ ਫੜ ਕੇ ਆਪੀਂ ਉੜ ਕੇ ਮੈਂ ਤੈਨੂੰ ਤਿੱਖੀ ਰੌ ਵਿੱਚ ਨੀਵਾਂ ਕੀਤਾ। ਤੂੰ ਮੇਰੇ ਹੱਥੋਂ ਫੁੜਕ ਗਇਓਂ। ਮੈਂ ਜਾਤਾ ਮੈਂ ਤੈਨੂੰ ਗੁਆ ਬੈਠੀ। ਓਦੋਂ ਮੈਨੂੰ ਆਪਣੇ ਨੁਕਸਾਨ ਦਾ ਪੂਰਾ ਅਨੁਭਵ ਨਹੀਂ ਸੀ। ਓਦੋਂ ਅਜੇ ਕੰਵਾਰੀ ਸੁਝ ਏਡੀ ਹਲਕੀ ਤੇ ਟਹਿਕਵੀਂ ਜਿਹੀ ਸੀ ਪਰ ਅਜੇ ਮੈਂ ਖ਼ਿਆਲ ਵਿੱਚ ਡੁੱਬੀ ਹੀ ਸਾ ਕਿ ਇੱਕ ਚੜ੍ਹਦੀ ਛੱਲ ਨੇ ਤੈਨੂੰ ਚੁੱਕ ਕੇ ਮੇਰੀਆਂ ਕੰਬਦੀਆਂ ਬਾਂਹਾਂ ਵਿੱਚ ਧਰ ਦਿੱਤਾ, ਜਿਹੜੀਆਂ ਅਜੇ ਤੱਕ ਮੈਂ ਰੌਂ ਦੇ ਰਹਿਮ ਲਈ ਓਸੇ ਤਰ੍ਹਾਂ ਅੱਡੀਆਂ ਹੋਈਆਂ ਸਨ।

"ਸਿਧ, ਦੇਵੀ ਏ" ਉਸ ਆਖਿਆ। ਤੇ ਮੈਂ ਖ਼ਿਆਲ ਕਰਦਾ ਹਾਂ, ਉਹ ਬਿਲਕੁਲ ਠੀਕ ਸੀ। ਜਦੋਂ ਦਰਿਆ ਚੜ੍ਹਿਆ ਹੋਇਆ ਸੀ ਤੇ ਮਹਾਰਾਜਾ ਰਣਜੀਤ ਸਿੰਘ ਨੇ ਉਹਦੇ ਪਾਰ ਹੋਣਾ ਸੀ। ਉਹਦੀ ਫ਼ੌਜ ਦੇ ਕਿਸੇ ਸਿਪਾਹੀ ਨੂੰ ਪਾਣੀਆਂ ਵਿੱਚ ਘੋੜਾ ਵਾੜ ਦੇਣ ਦਾ ਹੀਆ ਨਾ ਪਿਆ। ਮਹਾਰਾਜੇ ਨੇ ਘੋੜਾ ਠੇਲ੍ਹ ਦਿੱਤਾ ਤੇ ਆਖਿਆ, "ਅਟਕ (ਅਰਥਾਤ ਰੁਕਾਵਟ) ਉਹਨਾਂ ਨੂੰ ਹੀ ਅਟਕਾਂਦਾ ਹੈ ਜਿਨ੍ਹਾਂ ਦੇ ਆਪਣੇ ਦਿਲ ਵਿੱਚ ਅਟਕਾਂ ਹੁੰਦੀਆਂ ਹਨ।" ਜਿੰਨਾਂ ਚਿਰ ਮਹਾਰਾਜੇ ਦਾ ਘੋੜਾ ਵਿੱਚ ਰਿਹਾ, ਸਾਰੀ ਫ਼ੌਜ ਸਹੀ ਸਲਾਮਤ ਪਾਰ ਹੋ ਗਈ।

**ਔਖੇ ਸ਼ਬਦ :** **ਸਦਰ**-ਮੁੱਖ, ਸਹਿਰ ਦਾ ਉਹ ਮੁੱਖ ਹਿੱਸਾ ਜਿਸ ਵਿੱਚ ਸਰਕਾਰੀ ਅਫ਼ਸਰ ਅਤੇ ਕਚਹਿਰੀਆ ਆਦਿ ਹੋਣ। **ਮੁਤਬੱਰਕ**-ਬਰਕਤ ਵਾਲਾ, ਭਾਗ ਦੀ ਵਿਧੀ ਕਰਨ ਵਾਲਾ, ਸ਼ੁੱਭ, ਪਵਿੱਤਰ। **ਮਰਕ**-ਚਲਾਉਣਾ, ਉੱਛਲਨਾ। **ਵਰਜਣ**-ਰੋਕਣ।

## ਅਭਿਆਸ

### (ੳ) ਵਸਤੂਨਿਸ਼ਠ ਪ੍ਰਸ਼ਨ :—

1. ਆਪ-ਬੀਤੀਆਂ ਪੁਸਤਕ ਵਿੱਚ ਪ੍ਰੋ. ਪੂਰਨ ਸਿੰਘ ਰਚਿਤ ਕਿਹੜਾ ਸੰਜੀਵਨੀ-ਅੰਸ਼ ਦਰਜ ਹੈ ?
2. ਬਾਲ ਪੂਰਨ ਸਿੰਘ ਕੀ ਭੰਨਣ ਦੀ ਜ਼ਿਦ ਕਰ ਰਿਹਾ ਸੀ ?
3. ਪੂਰਨ ਸਿੰਘ ਨੂੰ ਕਿਹੜੇ ਮਾਸਟਰ ਦੀ ਯਾਦ ਆਉਂਦੀ ਹੈ ?
4. ਪੂਰਨ ਸਿੰਘ ਦਾ ਜਨਮ ਐਬਟਾਬਾਦ ਨੇੜੇ ਸਲਹੱਡ ਪਿੰਡ ਦੇ ਇੱਕ ਮਹੱਲ ਵਿੱਚ ਹੋਇਆ। (ਸਹੀ/ਗਲਤ)
5. ਲਾਲ ਜੱਤ ਵਾਲੀ ਬੱਕਰੀ ਨੂੰ ਪੂਰਨ ਸਿੰਘ ਕਦੇ ਭੁੱਲ ਨਾ ਸਕਿਆ। (ਸਹੀ/ਗਲਤ)
6. ਪੂਰਨ ਸਿੰਘ ਦੀ ਮਾਂ ਅਟਕ ਨੂੰ 'ਇੱਕ ਜਿਊੜਾ' ਸਮਝਦੀ ਸੀ। (ਸਹੀ/ਗਲਤ)
7. ਪੂਰਨ ਸਿੰਘ ਨੂੰ ਉਸ ਦੇ ਦੋਸਤ __________ ਸਮਝਦੇ ਸਨ। (ਖ਼ਾਲੀ ਸਥਾਨ ਭਰੋ)
8. ਪੂਰਨ ਸਿੰਘ ਲਈ ਐਬਟਾਬਾਦ ਇੱਕ ਨਵਾਂ __________ ਸੀ। (ਖ਼ਾਲੀ ਸਥਾਨ ਭਰੋ)
9. ਜਦੋਂ ਕਿਸੇ ਫ਼ਕੀਰ ਨੇ ਪੂਰਨ ਸਿੰਘ ਦੇ ਵਾਲਾਂ ਵਿੱਚ ਗੁੰਦੀ ਸੋਨੇ ਦੀ ਮੋਹਰ ਕੱਟ ਲਈ ਤਾਂ ਉਸ ਦੀ ਮਾਂ ਨੇ —

   (1) ਉਸ ਨੂੰ ਬਹੁਤ ਮਾਰਿਆ। (2) ਉਸ ਦੀਆਂ ਖ਼ਾਲੀ ਤਲ਼ੀਆਂ ਚੁੰਮ ਲਈਆਂ।
   (3) ਉਸ ਦੀ ਰੋਟੀ ਬੰਦ ਕਰ ਦਿੱਤੀ। (4) ਉਸ ਨੂੰ ਮੋਹਰ ਲੱਭ ਕੇ ਲਿਆਉਣ ਲਈ ਕਿਹਾ।
10. ਜਿੰਨਾ ਚਿਰ ਮਹਾਰਾਜਾ ਰਣਜੀਤ ਸਿੰਘ ਦਾ ਘੋੜਾ ਅਟਕ ਦਰਿਆ ਵਿੱਚ ਖੜ੍ਹਾ ਰਿਹਾ, ਸਾਰੀ ਫ਼ੌਜ __________.

   (1) ਸਹੀ-ਸਲਾਮਤ ਪਾਰ ਹੋ ਗਈ। (2) ਪਾਣੀ ਵਿੱਚ ਖੜ੍ਹੀ ਰਹੀ।
   (3) ਪਾਣੀ ਵਿੱਚ ਡੁੱਬ ਗਈ। (4) ਤਿੰਨਾਂ ਵਿੱਚੋਂ ਕੋਈ ਨਹੀਂ।

### (ਅ) ਦੱਸੋ :—

1. 'ਕੁਝ ਵੀ ਅਸੀ ਕਰੀਏ, ਆਪਣੇ ਹਰ ਕੰਮ ਦਾ ਦਾਗ ਜਾਂ ਚੰਗਿਆੜਾ ਸਾਰੀ ਉਮਰ ਸਾਡੇ ਨਾਲ਼ ਰਹਿੰਦਾ ਹੈ', ਪ੍ਰੋ. ਪੂਰਨ ਸਿੰਘ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ ?
2. ਪੂਰਨ ਸਿੰਘ ਨੇ ਆਪਣੀ ਮਾਂ ਦੀ ਵਡਿਆਈ ਕਿਹੜੀਆਂ ਘਟਨਾਵਾਂ ਦਰਸਾ ਕੇ ਕੀਤੀ ਹੈ ?
3. ਐਬਟਾਬਾਦ ਦਾ ਜ਼ਿਕਰ ਕਰਦੇ ਹੋਏ ਲੇਖਕ ਨੇ ਨਾਂ ਰੱਖਣ ਦੀ ਮਹੱਤਤਾ ਬਾਰੇ ਜੋ ਟਿੱਪਣੀਆਂ ਕੀਤੀਆਂ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
4. 'ਐਬਟਾਬਾਦ' ਪਾਠ ਵਿਚਲੇ ਕਿਹੜੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਪੂਰਨ ਸਿੰਘ ਨੂੰ ਬਚਪਨ ਤੋਂ ਹੀ ਪ੍ਰਕਿਰਤੀ ਨਾਲ਼ ਪਿਆਰ ਸੀ ?
5. ਲੇਖਕ ਅਨੁਸਾਰ ਇੱਕ ਚੰਗੇ ਅਧਿਆਪਕ ਅਤੇ ਮਾਪੇ ਵਿੱਚ ਕਿਹੜੇ ਗੁਣ ਵਿਸ਼ੇਸ਼ ਤੌਰ 'ਤੇ ਹੋਣੇ ਚਾਹੀਦੇ ਹਨ।
6. ਪੂਰਨ ਸਿੰਘ ਦੀ ਮਾਂ ਅਟਕ ਨੂੰ 'ਜਿਊੜਾ' ਕਿਉਂ ਕਹਿੰਦੀ ਹੈ ?

❄❄❄❄❄

2

# ਪ੍ਰਿੰ. ਤੇਜਾ ਸਿੰਘ

(1893-1958)

| | | |
|---|---|---|
| ਪਿਤਾ | : | ਸ. ਭਲਾਕਰ ਸਿਘ |
| ਜਨਮ-ਸਥਾਨ | : | ਪਿੰਡ ਅਡਿਆਲਾ, ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ ਵਿੱਚ)। |
| ਵਿੱਦਿਆ | : | ਐੱਮ.ਏ. |
| ਕੰਮ-ਕਿੱਤਾ | : | ਅਧਿਆਪਨ। |

ਪ੍ਰਿੰ. ਤੇਜਾ ਸਿੰਘ ਨੂੰ ਮੁੱਖ ਤੌਰ 'ਤੇ ਇੱਕ ਗੱਦਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਉਸ ਨੇ ਸਾਹਿਤ-ਆਲੋਚਨਾ ਵੀ ਲਿਖੀ। ਉਹਨਾਂ ਦੀ ਮੁੱਖ ਰੁਚੀ ਅੰਗਰੇਜ਼ੀ ਸਾਹਿਤ ਦਾ ਅਧਿਐਨ ਤੇ ਅਧਿਆਪਨ, ਇਤਿਹਾਸ ਅਤੇ ਗੁਰਬਾਣੀ ਦੀ ਖੋਜ ਤੇ ਵਿਆਖਿਆ ਸੀ ਪਰ ਉਹਨਾ ਦਾ ਪੰਜਾਬੀ ਬੋਲੀ ਦਾ ਪਿਆਰ ਸਾਰਿਆ ਤੋਂ ਉੱਤੇ ਸੀ। ਉਹਨਾ ਨੇ ਬਹੁਤ ਸਾਰੇ ਪੁੰਗਰਦੇ ਪੰਜਾਬੀ ਲੇਖਕਾ ਨੂੰ ਹਲਾਸ਼ੇਰੀ ਦਿੱਤੀ ਅਤੇ ਉਹਨਾਂ ਦੀਆਂ ਪੁਸਤਕਾਂ ਦੇ ਉਤਸਾਹ ਭਰਪੂਰ ਮੁੱਖ-ਬੰਦ ਲਿਖੇ। ਇਸ ਕਾਰਨ ਪ੍ਰਿੰ. ਤੇਜਾ ਸਿੰਘ ਭੂਮਕਈ ਦੇ ਤੌਰ 'ਤੇ ਵੀ ਪ੍ਰਸਿੱਧ ਹੋਏ। ਉਹਨਾਂ ਨੇ ਅੰਗਰੇਜ਼ੀ ਵਿੱਚ ਵੀ ਪੁਸਤਕਾਂ ਲਿਖੀਆਂ ਹਨ।

ਪੰਜਾਬੀ ਵਿੱਚ ਮੁੱਖ ਰਚਨਾਵਾਂ : ਸਹਿਜ ਸੁਭਾ, ਨਵੀਆਂ ਸੋਚਾਂ, ਸੱਭਿਆਚਾਰ, ਗ਼ੁਸਲਖਾਨਾ ਤੇ ਹੋਰ ਲੇਖ, ਸਾਹਿਤ ਦਰਸ਼ਨ।

ਉਹਨਾਂ ਨੇ ਇੱਕ ਪੰਜਾਬੀ-ਪੰਜਾਬੀ ਕੋਸ਼ ਵੀ ਤਿਆਰ ਕੀਤਾ।

'ਆਰਸੀ'* ਪ੍ਰਿੰ. ਤੇਜਾ ਸਿੰਘ ਦੀ ਸ੍ਵੈਜੀਵਨੀ ਹੈ। ਅੱਗੇ ਦਿੱਤਾ ਪਾਠ ਇਸੇ ਪੁਸਤਕ ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਉਹਨਾਂ ਦੀ, ਮੁਢਲੇ ਜੀਵਨ ਦੀਆਂ ਅਨੇਕਾਂ ਔਕੜਾਂ ਦੇ ਬਾਵਜੂਦ, ਪੜ੍ਹਨ ਦੀ ਪ੍ਰਬਲ ਇੱਛਾ ਦਿਖਾਈ ਦਿੰਦੀ ਹੈ।

'ਆਰਸੀ' ਪੁਸਤਕ ਦੇ ਅਰੰਭ ਵਿੱਚ ਪ੍ਰਿੰ. ਤੇਜਾ ਸਿੰਘ ਨੇ 'ਪ੍ਰਾਰਥਨਾ' ਸਿਰਲੇਖ ਹੇਠਾਂ ਰੱਬ ਨੂੰ ਸੰਬੋਧਨ ਕਰ ਕੇ ਕੁਝ ਸ਼ਬਦ ਲਿਖੇ ਹਨ। ਇਹਨਾਂ ਵਿੱਚੋਂ ਕੁਝ ਅੰਸ਼ ਇਸ ਪ੍ਰਕਾਰ ਹਨ :

"ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ ਸਗੋਂ ਬਹੁਤ ਕੁਝ ਉਹਨਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣੀਆਂ, ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖ਼ਸ਼ੋ ਕਿ ਜੋ ਕੁਝ ਮੈਂ ਲਿਖਾਂ ਸੱਚਾ ਸੱਚ ਹੋਵੇ, ਪਰ ਇਸ ਲਿਖਣ ਵਿੱਚ ਕੋਈ ਕੁਢੱਬਣ, ਲਾਗਤਬਾਜ਼ੀ ਜਾਂ ਦਿਲ-ਦੁਖਾਵੀਂ ਗੱਲ ਨਾ ਆ ਪਵੇ।"

* ਪ੍ਰਿੰਸੀਪਲ ਤੇਜਾ ਸਿੰਘ-ਆਰਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਤੀਜੀ ਵਾਰ 1985

# I. ਮੁਢਲੀ ਅਵਸਥਾ

ਸੰਨ 1902 ਈਸਵੀ ਵਿੱਚ ਮੈਂ ਪੰਜਵੀ ਜਮਾਤ ਪਾਸ ਕੀਤੀ। ਫਿਰ ਵਿਹਲਾ ਹੋ ਗਿਆ। ਘਰ ਵਾਲੇ ਕਹਿਣ, "ਸਾਡਾ ਪਟਵਾਰੀ ਤਿੰਨ ਜਮਾਤਾਂ ਪਾਸ ਹੈ ਤੇ ਨੰਬਰਦਾਰ ਚਾਰ। ਤੈਨੂੰ ਅਸੀਂ ਪੰਜ ਪਾਸ ਕਰਾ ਦਿੱਤੀਆਂ ਹਨ। ਹੋਰ ਕੀ ਲੈਣਾ ਈ?" ਸੋ, ਮੈਂ ਘਰ-ਬਹਿ ਗਿਆ। ਦੋ ਸਾਲ ਡੰਗਰ ਚਾਰੇ, ਹੱਟੀ ਕੀਤੀ, ਆਟਾ ਪਿਹਾਇਆ, ਬਾਲਣ ਲਿਆਂਦਾ ਅਤੇ ਹੋਰ ਹਰ ਤਰ੍ਹਾਂ ਦਾ ਪੇਂਡੂ ਜੀਵਨ ਬਿਤਾਇਆ। ਹਰ ਰੋਜ਼ ਡੰਗਰ ਲੈ ਕੇ ਹੋਰਨਾਂ ਵਾਗੀਆਂ ਨਾਲ ਪਿੰਡ ਕੋਲ ਦੀਆਂ ਜੂਹਾਂ ਵਿੱਚ ਜਾਂਦਾ ਅਤੇ ਦੁਪਹਿਰ ਵੇਲੇ ਛੱਪੜ ਦੇ ਕੰਢੇ ਪਿੱਪਲ ਹੇਠ ਸਫ ਵਿਛਾ ਕੇ ਬਹਿੰਦਾ। ਮੇਰੇ ਕੋਲ ਇੱਕ ਸੋਹਣੀ ਜਿਹੀ ਖੂੰਡੀ ਹੁੰਦੀ ਸੀ ਜਿਸ ਉੱਤੇ ਪਿੱਤਲ ਦੇ ਕੋਕੇ ਜੜੇ ਹੁੰਦੇ ਸਨ ਅਤੇ ਸਿਰੇ 'ਤੇ ਨਿੱਕੇ-ਨਿੱਕੇ ਘੁੰਗਰੂ ਲੱਗੇ ਹੁੰਦੇ ਸਨ। ਜਦ ਮੌਜ ਆਉਂਦੀ ਜਾਂ ਪਸ਼ੂਆਂ ਨੂੰ ਮੋੜਨ ਦੀ ਲੋੜ ਪੈਂਦੀ ਤਾਂ ਉਸ ਘੰਗਰੂਆਂ ਵਾਲੀ ਸੋਟੀ ਨੂੰ ਉਛਾਲ ਕੇ ਛਣਕਾਂਦਾ। ਇਸ ਖੂੰਡੀ ਦੇ ਨਾਲ ਇੱਕ ਵੱਡੀ ਸਾਰੀ ਕਿੱਸਿਆਂ ਦੀ ਕਿਤਾਬ ਹੁੰਦੀ ਸੀ ਜਿਸ ਨੂੰ ਸਫ ਉੱਤੇ ਰੱਖ ਕੇ ਬਹਿੰਦਾ ਤੇ ਨਾਲ ਦੇ ਵਾਗੀਆਂ ਨੂੰ ਪੜ੍ਹ-ਪੜ੍ਹ ਕੇ ਸੁਣਾਂਦਾ ਸੀ। ਉਸੇ ਪੋਥੀ ਦੇ ਇੱਕ ਸਿਰੇ 'ਮਸ਼ਹੂਰ ਆਲਮ ਜੰਤਰੀ' ਵੀ ਸੀਤੀ ਹੁੰਦੀ ਸੀ ਜਿਸ ਵਿੱਚੋਂ ਮੀਂਹ-ਝੱਖੜ ਦੇ ਆਉਣ ਦੀਆਂ ਤਰੀਕਾਂ ਕੱਢ ਕੇ ਦੱਸਦਾ ਸਾਂ ਜਾਂ ਪਰੀਛਿਆ ਪਾ ਕੇ ਲੋਕਾਂ ਦੀਆਂ ਕਿਸਮਤਾਂ ਪੜ੍ਹ ਕੇ ਸੁਣਾਉਂਦਾ ਸਾਂ।

ਇੱਕ ਵੇਰ ਮੈਨੂੰ ਸੂਹਾਂ ਵਿੱਚ ਲੱਗੇ ਜੰਦਰਾਂ 'ਤੇ ਆਟਾ ਪਿਹਾਉਣ ਲਈ ਕਣਕ ਦੀ ਬੋਰੀ ਦੇ ਕੇ ਘੱਲਿਆ ਗਿਆ। ਨਾਲ ਸੀ ਤਾਇਆ ਜਗਨਨਾਥ। ਸਾਰਾ ਦਿਨ ਮੈਂ ਸੂਹਾਂ ਦੇ ਰੇਤੜ ਵਿੱਚ ਰਿੜ੍ਹ ਕੇ ਖੇਡਾਂ ਖੇਡਦਾ ਰਿਹਾ। ਮੇਰੀ ਪਿਹਾਉਣ ਦੀ ਵਾਰੀ ਨੌਂ ਵਜੇ ਰਾਤ ਦੇ ਆਈ। ਅੱਧੀ ਰਾਤ ਦੇ ਮਗਰੋਂ ਮੇਰੀ ਬੋਰੀ ਪੀਠੀ ਗਈ ਅਤੇ ਮੈਂ ਤੇ ਜਗਨਨਾਥ ਆਪੋ-ਆਪਣੀ ਬੋਰੀ ਚੁੱਕ ਕੇ ਪਿੰਡ ਵੱਲ ਤੁਰੇ। ਰਸਤੇ ਵਿੱਚ ਸਿਵੇ ਆਉਣੇ ਸਨ ਜਿੱਥੇ ਅਰਬੀ ਪੜ੍ਹਾਉਣ ਵਾਲਾ ਚੰਦਰ ਭਾਨ ਸਾੜਿਆ ਗਿਆ ਸੀ। ਕਹਿੰਦੇ ਸਨ ਕਿ ਹਿੰਦੂ ਹੋ ਕੇ ਅਰਬੀ ਪੜ੍ਹਾਉਣ ਵਾਲਾ ਆਦਮੀ ਜ਼ਰੂਰ ਜਿੰਨ ਬਣ ਗਿਆ ਹੋਣੈਂ। ਸੋ, ਜਗਨਨਾਥ ਨੇ ਮੈਨੂੰ ਕਿਹਾ ਕਿ ਬਚ ਕੇ ਲੰਘੀਂ, ਰਸਤੇ ਵਿੱਚ ਚੰਦਰ ਭਾਨ ਦੀ ਚਿਹਾਣੀ ਆਉਣੀ ਊ। ਨਿਸ਼ਾਨੀ ਉਸ ਦੀ ਲਾਲ ਟਾਕੀ ਹੈ, ਦੋ ਚਾਰ ਕਿੱਲੀਆਂ ਉੱਤੇ ਵਿਛੀ ਹੋਊ। ਅਸੀਂ ਦੋ ਕੁ ਵਜੇ ਚੱਲੇ ਅਤੇ ਦਿਲ ਵਿੱਚ ਚੰਦਰ ਭਾਨ ਕੋਲੋਂ ਬਚ ਕੇ ਲੰਘਣ ਦੀਆਂ ਸੋਚਾਂ ਸੋਚਦੇ ਗਏ। ਪਰ ਹੋਈ ਉਹੋ ਗੱਲ ਜਿਸ ਦਾ ਡਰ ਸੀ। ਅਸੀਂ ਚਾਹੁੰਦੇ ਸਾਂ ਕਿ ਚਾਰ ਕਿੱਲੀਆਂ ਵਾਲੀ ਲਾਲ ਟਾਕੀ ਵੱਲ ਨਾ ਜਾਈਏ ਪਰ ਪੈਰ ਸਾਨੂੰ ਉੱਧਰ ਹੀ ਲੈ ਗਏ। ਹਨੇਰੇ ਵਿੱਚ ਜਗਨਨਾਥ ਨੇ ਚੀਕ ਮਾਰ ਕੇ ਕਿਹਾ, "ਆਹ ਈ ਚੰਦਰ ਭਾਨ ਵਾਲੀ ਥਾਂ।" ਇਹ ਸੁਣ ਕੇ ਮੇਰੇ ਸਿਰ ਤੋਂ ਬੋਰੀ ਡਿਗ ਪਈ। ਪਰ ਜਗਨਨਾਥ ਤ੍ਰਹਿ ਕੇ ਭੱਜ ਗਿਆ ਅਤੇ ਵਗੋਤਗ ਪਿੰਡ ਜਾ ਅੱਪੜਿਆ। ਮੈਂ ਬੋਰੀ ਨੂੰ ਛੱਡ ਕੇ ਕਿਵੇਂ ਜਾਂਦਾ? ਉੱਥੇ ਬੋਰੀ ਚੁਕਾਉਣ ਵਾਲਾ ਵੀ ਕੋਈ ਨਹੀਂ ਸੀ। ਸੋ, ਮੈਂ ਕੋਲ ਦੇ ਖੂਹ 'ਤੇ ਚਲਾ ਗਿਆ ਅਤੇ ਡਰ ਤੋਂ ਬਚਣ ਲਈ ਇੱਕ ਤੂਤ ਨੂੰ ਜੱਫਾ ਪਾ ਲਿਆ। ਜਦ ਤੋੜੀ ਮੂੰਹ-ਝਾਖਰਾ ਹੋ ਗਿਆ, ਮੇਰੀ ਨਜ਼ਰ ਆਟੇ ਦੀ ਬੋਰੀ ਵੱਲ ਹੀ ਲੱਗੀ ਰਹੀ। ਜਦ ਚਾਨਣਾ ਹੋਇਆ ਤਾ ਮੈਂ ਤੂਤ ਨੂੰ ਛੱਡ ਕੇ ਹੌਲੀ-ਹੌਲੀ ਬੋਰੀ ਵੱਲ ਗਿਆ ਅਤੇ ਇੱਕ ਰਾਹ ਜਾਂਦੇ ਪਾਸੋਂ ਚੁਕਵਾ ਕੇ ਘਰ ਲੈ ਗਿਆ।

ਮੈਂ ਇਸ ਜ਼ਿੰਦਗੀ ਨਾਲ ਰਾਜ਼ੀ ਨਹੀਂ ਸਾਂ। ਹਰ ਵੇਲੇ ਸੁਫਨੇ ਇਹੋ ਆਉਂਦੇ ਕਿ ਕਿਵੇਂ ਪਿੰਡ ਤੋਂ ਛੁਟਕਾਰਾ ਪਾ ਕੇ ਸ਼ਹਿਰ ਵਿੱਚ ਜਾਵਾਂ ਅਤੇ ਸੋਲਾਂ ਜਮਾਤਾਂ ਪਾਸ ਕਰ ਕੇ ਵਿੱਦਿਆ ਦੇ ਸਿਖਰ ਨੂੰ ਛੂਹਾਂ। ਹਰ ਵਕਤ ਹਰ ਹੀਲੇ ਆਪਣੇ-ਆਪ ਨੂੰ ਆਪਣੇ ਬਣਨ ਵਾਲੇ ਭਵਿਖ ਲਈ ਤਿਆਰ ਕਰਦਾ ਰਹਿੰਦਾ ਸਾਂ। ਉਹ ਭਵਿਖ ਇਹ ਸੀ ਕਿ ਮੈਂ ਪੜ੍ਹ ਕੇ ਪੜ੍ਹਾਉਣਾ ਹੈ। ਨੰਬਰਦਾਰ ਨੂਰ ਖ਼ਾਨ ਨੇ ਮੈਨੂੰ ਤਸਵੀਰਾ ਖਿੱਚਣ ਦਾ ਸ਼ੌਕ ਪਾਇਆ। ਈਸਰ ਦਾਸ ਇੱਕ ਗੁਆਂਢੀ ਦੁਕਾਨਦਾਰ ਨੇ ਪੁਰਾਤਨ ਸਾਹਿਤ ਦੀ ਚਾਟ ਲੁਆਈ। ਉਸ ਨੇ ਰਾਮਾਇਣ, ਮਹਾਂਭਾਰਤ, ਭਾਗਵਤ ਆਦਿ ਦੀਆਂ ਕਥਾ-ਕਹਾਣੀਆਂ ਪੜ੍ਹ ਕੇ ਮੈਨੂੰ ਹੋਰ ਦਾ ਹੋਰ ਬਣਾ ਦਿੱਤਾ। ਹੁਣ ਤੱਕ ਮੈਨੂੰ ਜੋ ਵੀ ਵਾਕਫ਼ੀ ਹਿੰਦੂ ਮੱਤ ਸੰਬੰਧੀ ਆਪਣੇ ਲੈਕਚਰਾਂ ਜਾਂ ਕਿਤਾਬਾਂ ਵਿੱਚ ਵਰਤਣੀ ਪਈ, ਉਹ ਬਹੁਤ ਸਾਰੀ ਲੂਣ- ਸਾਬਣ ਵੇਚਣ ਵਾਲੇ ਪੰਡਤ ਈਸਰ ਦਾਸ ਦੀ ਮਿਹਰਬਾਨੀ ਕਰਕੇ ਹੈ। ਜਿਹੜੀ ਜਾਣ-ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ, ਉਹੋ ਤੋੜ ਨਿਭਦੀ ਹੈ। ਪਿੱਛੋਂ ਜਾ ਕੇ ਨਾ ਉਹ ਯਾਦਾਂ ਰਹਿੰਦੀਆਂ ਹਨ ਤੇ ਨਾ ਉਹ ਸ਼ੌਕ।

ਹਿੰਦ ਦੇ ਇਤਿਹਾਸ ਅਤੇ ਨਾਟਕ ਵੱਲ ਮੇਰੀ ਰੁਚੀ ਉਹਨਾਂ ਦਿਨਾਂ ਤੋਂ ਬਣਨੀ ਸ਼ੁਰੂ ਹੋਈ ਜਦੋਂ ਹੋਲੀਆਂ ਵਿੱਚ ਸਾਰਾ ਪਿੰਡ ਰਲ ਕੇ ਝਾਕੀਆਂ ਕੱਢਦਾ ਸੀ। ਇੱਕ ਵੇਰ ਮੈਂ ਰਾਜਾ ਹਰੀਸ਼ ਚੰਦਰ ਦੀ ਰਾਣੀ ਤਾਰਾਮਤੀ ਦਾ ਪਾਰਟ ਅਦਾ ਕਰ ਰਿਹਾ ਸਾਂ। ਮੇਰੇ ਮੂੰਹੋਂ ਇਹ ਲਫ਼ਜ਼ ਨਿਕਲੇ, "ਰੇ ਪੰਡਤ! ਕਾਂਸ਼ੀ ਕਾ ਰਸਤਾ ਕਿਹੜਾ ਹੈ?" ਇਹ ਸੁਣ ਕੇ ਬੇਅੰਤ ਸਿੰਘ, ਮੇਰਾ ਇੱਕ ਸੰਬੰਧੀ ਸ੍ਰੋਤਿਆਂ ਵਿੱਚੋਂ ਉੱਠ ਕੇ ਸਟੇਜ 'ਤੇ ਆ ਗਿਆ ਤੇ ਮੈਨੂੰ ਥੱਪੜ ਜੜ ਕੇ ਕਹਿਣ ਲੱਗਾ, "ਹੱਤ ਤੇਰੀ! ਸਹੁਰੇ ਨੂੰ ਕਿਤਨੇ ਵਰ੍ਹੇ ਪੜ੍ਹਦਿਆਂ ਹੋਏ ਨੇ, ਅਜੇ ਵੀ 'ਕਿਹੜਾ' ਹੀ ਕਹਿੰਦਾ ਹੈ।".... ਸਾਡੇ ਇਹਨਾਂ ਘਰੋਗੀ ਸਾਂਗਾਂ ਨੂੰ ਵੇਖਣ ਲਈ ਦਸ-ਦਸ ਪਿੰਡਾਂ ਦੇ ਲੋਕੀਂ ਆਉਂਦੇ ਸਨ। ਕਈ-ਕਈ ਦਿਨ ਪਿੰਡ ਵਿੱਚ ਗਹਿਮਾ-ਗਹਿਮ ਲੱਗੀ ਰਹਿੰਦੀ।

ਮੇਰੇ ਹੁੰਦਿਆਂ ਪਿੰਡ ਵਿੱਚ ਇੱਕ-ਦੋ ਵਾਰੀ ਰਾਸਧਾਰੀਆਂ ਦੀਆਂ ਮੰਡਲੀਆਂ ਆਈਆਂ। ਉਹਨਾਂ ਦਾ ਡੇਰਾ ਗੁਆਂਢੀ ਬਖਸ਼ੀ ਜੈ ਕਿਸ਼ਨ ਦੇ ਘਰ ਹੁੰਦਾ ਸੀ। ਉਹਨਾਂ ਨੂੰ ਮਿਲਣ-ਗਿਲਣ ਨਾਲ ਮੇਰੀ ਰੁਚੀ ਹਿੰਦ ਦੀਆਂ ਪੁਰਤਾਨ ਕਥਾ-ਕਹਾਣੀਆਂ ਵੱਲ ਵਧਦੀ ਗਈ ਅਤੇ ਨਾਟਕੀ ਵਿਖਾਵਿਆਂ ਦਾ ਸ਼ੌਕ ਪੈਂਦਾ ਗਿਆ।

ਜੈ ਕਿਸ਼ਨ ਦਾ ਪਿਤਾ ਫ਼ਾਰਸੀ ਤੇ ਸੰਸਕ੍ਰਿਤ ਦਾ ਆਲਮ ਸੀ ਅਤੇ ਸਿੱਖਾਂ ਦੇ ਰਾਜ ਵਿੱਚ ਸਰਕਾਰੀ ਅਹਿਲਕਾਰ ਰਿਹਾ ਸੀ। ਉਸ ਦੇ ਘਰ ਪੁਰਾਣੀਆਂ ਲਿਖਤਾਂ ਤੇ ਫ਼ਾਈਲਾਂ ਪਈਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਚੋਖੇ ਚਾਅ ਨਾਲ ਵੇਖਦਾ ਹੁੰਦਾ ਸਾਂ। ਸਰਕਾਰੀ ਕਾਗਜ਼ ਫ਼ਾਰਸੀ ਵਿੱਚ

ਲਿਖੇ ਹੁੰਦੇ ਸਨ ਪਰ ਉਹਨਾਂ ਦੇ ਸਿਰ 'ਤੇ ਸਦਾ 'ਇੱਕ ਓਅੰਕਾਰ ਸਤਿਗੁਰੂ ਪ੍ਰਸਦਿ' (ਫ਼ਾਰਸੀ ਅੱਖਰਾਂ ਵਿੱਚ) ਲਿਖਿਆ ਹੁੰਦਾ ਸੀ।

ਜਦ ਜੈ ਕਿਸ਼ਨ ਦਾ ਪਿਤਾ ਬਹੁਤ ਬਿਰਧ ਹੋ ਗਿਆ ਤਾਂ ਉਹ ਆਪਣਾ ਅੰਤ ਨੇੜੇ ਆਉਂਦਾ ਜਾਣ ਕੇ ਕਾਂਸ਼ੀ ਜੀ (ਬਨਾਰਸ) ਚਲਾ ਗਿਆ। ਨਾਲ਼ ਸਾਰੇ ਟੱਬਰ ਨੂੰ ਲੈ ਗਿਆ। ਕਈ ਵਰ੍ਹੇ ਮੌਤ ਨੂੰ ਉਡੀਕਣ ਮਗਰੋਂ ਵੀ ਜਦ ਅੰਤ ਨਾ ਹੋਇਆ ਤਾਂ ਉਹ ਆਪ ਓਥੇ ਹੀ ਰਹਿ ਪਿਆ ਪਰ ਬਾਕੀ ਦਾ ਟੱਬਰ ਪਰਤ ਆਇਆ।

ਉਸ ਦਾ ਪੋਤਰਾ ਬਖ਼ਸ਼ੀ ਕਿਰਪਾ ਰਾਮ, ਕਈ ਵਾਰੀ ਮੇਰੇ ਘਰ ਆਉਂਦਾ ਅਤੇ ਬਹੁਤ ਧਰਮੀ ਹੋਣ ਕਰਕੇ ਸ੍ਰੀ ਕ੍ਰਿਸ਼ਨ ਦੀ ਮੂਰਤੀ ਆਪਣੇ ਨਾਲ਼ ਲਿਆਉਂਦਾ ਅਤੇ ਨਿੱਤ ਉੱਠ ਕੇ ਧੂਪ-ਦੀਪ ਕਰ ਕੇ ਪੂਜਾ ਕਰਦਾ। ਬੰਬਈ ਤੇ ਪਟਿਆਲ਼ੇ ਜਦ ਉਹ ਮੇਰੇ ਘਰ ਪੂਜਾ ਕਰਦਾ ਤਾਂ ਮੇਰਾ ਜੀਅ ਬਹੁਤ ਪ੍ਰਸੰਨ ਹੁੰਦਾ। ਉਸ ਦੇ ਪਿਆਰ ਅਤੇ ਮਿਹਰਬਾਨੀਆਂ ਵਿੱਚੋਂ ਮੈਨੂੰ ਇੱਕ ਗੱਲ ਸਦਾ ਚੇਤੇ ਰਹਿੰਦੀ ਹੈ। ਮੇਰੇ ਕੈਦ ਹੋ ਜਾਣ ਉੱਤੇ ਸ. ਚਰਨਜੀਤ ਸਿੰਘ ਵਾਂਙੂ ਉਹ ਵੀ ਇੱਕ ਚੋਖੀ ਰਕਮ ਮੇਰੀ ਸਹਾਇਤਾ ਲਈ ਲਿਆਇਆ ਸੀ ਭਾਵੇਂ ਮੇਰੀ ਪਤਨੀ ਨੇ ਧੰਨਵਾਦ ਸਹਿਤ ਮੋੜ ਦਿੱਤੀ ਸੀ।

## II. ਮਿਡਲ ਦੀ ਪੜ੍ਹਾਈ

ਸੰਨ 1905 ਈਸਵੀ ਵਿੱਚ ਇੱਕ ਦਿਨ ਸਵੇਰੇ ਮੈਂ ਘਰਦਿਆਂ ਤੋਂ ਚੋਰੀ ਕੁਝ ਥੋਰੀਆਂ ਨਾਲ਼ ਰਲ਼ ਕੇ ਰਾਵਲਪਿੰਡੀ ਭੱਜ ਆਇਆ। ਜਦ ਉਹ ਸਬਜ਼ੀ ਮੰਡੀ ਵਿੱਚ ਆ ਲੱਥੇ ਤਾਂ ਅਜੇ ਮੂੰਹ-ਝਾਖਰਾ ਹੀ ਸੀ। ਉਹ ਮੈਨੂੰ ਇਕੱਲਾ ਛੱਡ ਕੇ ਆਪੋ-ਆਪਣੇ ਆਹਰੇ ਲੱਗ ਪਏ। ਮੈਨੂੰ ਭੁੱਖ ਲੱਗੀ। ਮੇਰੇ ਪਾਸ ਜੇਬ ਵਿੱਚ ਦੋ ਪੈਸੇ ਸਨ। ਰੁੱਤ ਸਰਦੀ ਦੀ ਸੀ। ਮੇਰੇ ਗਲ਼ ਇੱਕ ਕੁਰਤਾ ਸੀ ਤੇ ਇੱਕ ਚੱਦਰ। ਮੈਂ ਆਪਣੇ-ਆਪ ਨੂੰ ਸਾਂਭ ਕੇ ਇੱਕ ਸਬਜ਼ੀ ਦੀ ਦੁਕਾਨ ਮੂਹਰੇ ਜਾ ਖਲੋਤਾ। ਨਜ਼ਰ ਮਾਰ ਕੇ ਵੇਖਿਆ ਤਾਂ ਇੱਕ ਛਾਬੇ ਵਿੱਚ ਪਏ ਸੂਹੇ ਗੋਲ਼-ਗੋਲ਼ ਫਲ਼ ਦਿਸੇ। ਮੈਂ ਹਟਵਾਣੀਏ ਨੂੰ ਇੱਕ ਪੈਸਾ ਵਿਖਾ ਕੇ ਕਿਹਾ. "ਮਿਧੀ ਹੋਰ ਦੇ।" ਉਸ ਨੇ ਮੈਨੂੰ ਦੋ ਲਾਲ ਬਿੰਬ ਫਲ਼ ਫੜਾ ਦਿੱਤੇ। ਮੈਂ ਲਾਵ੍ਹੇ ਹੋ ਕੇ ਜਦ ਇੱਕ ਨੂੰ ਚੱਕ ਮਾਰਿਆ ਤਾਂ ਉਹ ਕੌੜਾ ਖਪਰਾ ਜਿਹਾ ਲੱਗਾ। ਮੈਂ ਸੁੱਟ ਦਿੱਤਾ। ਉਹ ਟਮਾਟਰ ਸੀ ਜੋ ਨਾ ਕਦੀ ਡਿੱਠਾ ਨਾ ਖਾਧਾ ਸੀ। ਫਿਰ ਆਪਣੇ ਆਪ ਨੂੰ ਕੋਸ ਕੇ ਇਰਾਦਾ ਕੀਤਾ ਕਿ ਹੁਣ ਧੋਖਾ ਨਹੀਂ ਖਾਣਾ, ਹੁਣ ਕੋਈ ਆਪਣੀ ਪਰਤਾਈ ਹੋਈ ਚੀਜ਼ ਲਵਾਂਗਾ। ਸੋ ਦੂਜੇ ਪੈਸੇ ਦੀਆਂ ਦੋ ਡਾਂਗਾਂ ਜਿੱਡੀਆਂ ਮੂਲ਼ੀਆਂ ਮੁੱਲ ਲਈਆ ਅਤੇ ਚੜ੍ਹਦੀ ਧੁੱਪ ਵਿੱਚ ਇੱਕ ਨੁਕਰੇ ਬਹਿ ਕੇ ਖ਼ੂਬ ਰੱਜ ਕੇ ਖਾਧੀਆਂ।

ਮੈਂ ਪਹਿਲੀ ਵੇਰ ਸ਼ਹਿਰ ਆਇਆ ਸਾਂ। ਉੱਥੇ ਨਾ ਸੀ ਕੋਈ ਜਾਣ ਨਾ ਪਛਾਣ, ਸਾਰਾ ਦਿਨ ਭੌਂਦਾ ਰਿਹਾ। ਚਾਅ ਸੀ ਪੜ੍ਹਨ ਦਾ। ਪਰ ਸਕੂਲ ਤੱਕ ਪਹੁੰਚਣ ਕਿਵੇਂ ਹੋਵੇ? ਸ਼ਾਮ ਦੇ ਚਾਰ ਕੁ ਵਜੇ ਇੱਕ ਧਰਮਸ਼ਾਲਾ ਦੇ ਥੜ੍ਹੇ ਕੋਲੋਂ ਲੰਘ ਰਿਹਾ ਸਾਂ। ਉਸ ਉੱਤੇ ਇੱਕ ਬਿਰਧ ਸਿੰਘ ਬੈਠਾ ਸੀ ਤੇ ਇੱਕ ਬਿਰਧ ਹਿੰਦੂ। ਸਿੰਘ ਜੀ ਨੇ ਮੈਨੂੰ ਓਪਰਾ ਜਿਹਾ ਵੇਖ ਕੇ ਪੁੱਛਿਆ, "ਕਾਕਾ! ਕੇ ਢੂੰਡਨਾ ਵੇਂ?" ਮੈਂ ਕਿਹਾ, "ਜੀ ਮੈਂ ਕੰਮ ਲਭਨਾ ਵਾਂ।" ਕਿਹੜੀ ਨੌਕਰੀ ਕਰਨੀ ਆਂ?" "ਜੀ, ਜਿਹੜੀ ਲੱਭ ਪਵੇ।" ਬਿਰਧ ਹਿੰਦੂ ਕਹਿਣ ਲੱਗਾ, "ਘਰੇ ਨੀ ਨੌਕਰੀ ਕਰਸੋ? ਭਾਂਡੇ ਮਾਂਜਸੋਂ? ਕੱਪੜੇ ਧੋਸੋਂ?" "ਜੀ ਹਾਂ, ਹਭੋ ਕੁਝ ਕਰਸਾਂ।" "ਕੈ ਲੈਸੋਂ?" "ਸਿਰਫ਼ ਰੋਟੀ ਤੇ ਪੜ੍ਹਨ ਜੋਗੀ ਖੁੱਲ੍ਹ ਤੇ ਸਮਾਂ।" ਸੋ, ਉਹ ਬਿਰਧ ਹਿੰਦੂ ਮੈਨੂੰ ਆਪਣੇ ਨਾਲ਼ ਲੈ ਗਿਆ ਅਤੇ ਮੈਂ ਉਸ ਦੇ ਘਰ ਨੌਕਰੀ ਕਰਨ ਲੱਗਾ। ਸਵੇਰੇ ਪਾਣੀ ਢੋਂਦਾ ਫਿਰ ਭਾਂਡੇ ਮਾਂਜਦਾ। ਦਸ ਵਜੇ ਮਿਸ਼ਨ ਸਕੂਲ ਪੜ੍ਹਨ ਜਾਂਦਾ। ਸ਼ਾਮ ਨੂੰ ਫਿਰ ਆ ਕੇ ਕੰਮ ਕਰਦਾ ਜਾਂ ਸੌਦਾ-ਵਸਤ ਖ਼ਰੀਦਣ ਲਈ ਬਜ਼ਾਰ ਜਾਂਦਾ। ਐਤਵਾਰ ਸਾਰੇ ਟੱਬਰ ਦੇ ਕੱਪੜੇ ਧੋਣ ਲੈ ਜਾਂਦਾ। ਰਾਤ ਨੂੰ ਘਰ ਦੇ ਬੁੱਢੇ ਦੀ ਮੁੱਠੀ-ਚਾਪੀ ਕਰਦਾ ਅਤੇ ਨਾਲ਼-ਨਾਲ਼ ਉਸ ਦੀ ਆਗਿਆ ਅਨੁਸਾਰ ਪ੍ਰਹਿਲਾਦ, ਧਰੂ, ਜਨਮੇਜਾ, ਰਾਮ, ਲਛਮਣ, ਸੀਤਾ, ਅਰਜਨ, ਭੀਮ, ਕ੍ਰਿਸ਼ਨ ਆਦਿ ਦੀਆਂ ਕਥਾਵਾਂ ਸੁਣਾਂਦਾ ਜੋ ਆਪਣੇ ਪਿੰਡ ਰਹਿੰਦਿਆਂ ਪੜ੍ਹੀਆਂ ਸਨ। ਹੌਲੀ ਜਿਹੀ ਘੁੱਟਣਾ ਛੱਡ ਕੇ ਦੇਖਦਾ ਲਾਲਾ ਜੀ ਸੌਂ ਗਏ ਹਨ ਕਿ ਨਹੀਂ? ਪਰ ਉਹ ਝੱਟ ਜਾਗ ਉੱਠਦੇ ਅਤੇ ਹੰਗੂਰਾ ਮਾਰ ਕੇ ਕਹਿੰਦੇ, "ਬੱਸ ਕਿਉਂ ਕਰ ਦਿੱਤੀ? ਮੁੱਠੀਆਂ ਭਰੀ ਜਾ।" ਇਸ ਤਰ੍ਹਾਂ ਕਈ ਪਰਤਾਵੇ ਕਰਨ ਮਗਰੋਂ ਜਦ ਉਹ ਸੱਚੀਂ-ਮੁੱਚੀਂ ਸੌਂ ਜਾਂਦੇ ਤਾਂ ਮੈਂ ਯਾਰਾਂ ਕੁ ਵਜੇ ਵਿਹਲਾ ਹੋ ਕੇ ਆਪਣੀ ਪੜ੍ਹਾਈ ਕਰਨ ਬਹਿੰਦਾ ਅਤੇ ਇੱਕ ਜਾਂ ਦੋ ਵਜੇ ਸੌਂ ਜਾਂਦਾ। ਉਹਨਾਂ ਦਿਨਾਂ ਤੋਂ ਹੀ ਉਨੀਂਦਰੇ ਕੱਟਣ ਦੀ ਵਾਦੀ ਪਈ ਹੋਈ ਹੈ। ਮੈਨੂੰ ਸਾਰੀ ਉਮਰ ਤਿੰਨ ਘੰਟੇ ਤੋਂ ਵੱਧ ਕਦੀ ਨੀਂਦ ਨਹੀਂ ਆਈ।

ਥੋੜ੍ਹੇ ਚਿਰ ਮਗਰੋਂ ਮੇਰੀ ਹੋਂਦ ਦਾ ਮੇਰੇ ਨਾਨਕਿਆਂ ਨੂੰ ਪਤਾ ਲੱਗ ਗਿਆ ਜੋ ਉਸੇ ਸ਼ਹਿਰ ਵਿੱਚ ਰਹਿੰਦੇ ਸਨ। ਉਹ ਮੈਨੂੰ ਆਪਣੇ ਘਰ ਜੋ ਸੈਦਪੁਰੀ ਮਹੱਲੇ ਵਿੱਚ ਸੀ, ਲੈ ਗਏ ਅਤੇ ਅਡਿਆਲੇ ਵਾਲ਼ੇ ਵੀ ਆਣ ਮਿਲ਼ੇ। ਫਿਰ ਤਾਂ ਮੈਂ ਹਰ ਸਨਿੱਚਰ ਨੂੰ ਆਪਣੇ ਪਿੰਡ ਚਲਾ ਜਾਂਦਾ ਅਤੇ ਸੋਮਵਾਰ ਦੀ ਸਵੇਰੇ ਨੂੰ ਪਰਤ ਆਉਂਦਾ। ਜਿਵੇਂ ਮੈਂ ਕਿਤਾਬ 'ਸੱਭਿਆਚਾਰ' ਦੇ ਲੇਖ 'ਘਰ ਦਾ ਪਿਆਰ' ਵਿੱਚ ਦੱਸਿਆ ਹੈ ਕਿ ਅਡਿਆਲੇ ਪਿੰਡ ਦੀ ਝਾਕੀ ਮੈਨੂੰ ਇੰਨੀ ਪਿਆਰੀ ਲੱਗਦੀ ਸੀ ਕਿ ਜਾਂਦੀ ਵੇਰ ਅਤੇ ਆਉਂਦੀ ਵੇਰ ਕਈ-ਕਈ ਕਦਮ ਪਿੱਛੇ ਹਟ ਕੇ ਵੇਖਦਾ ਪਰ ਫੇਰ ਵੀ ਨਾ ਰੱਜਦਾ। (ਹੁਣ ਤਾਂ ਉਹ ਝਾਕੀਆਂ ਸਾਡੇ ਲਈ ਬਿਗਾਨੀਆਂ ਹੀ ਹੋ ਗਈਆਂ ਹਨ।)

ਮੇਰੇ ਨਾਨਕੇ ਮੋਨੇ ਸਨ ਪਰ ਮੇਰੀ ਇੱਕ ਮਾਮੀ (ਦਵਾਨ ਦਈ) ਸਿੱਖਾਂ ਦੀ ਧੀ ਸੀ। ਉਹ ਮੈਨੂੰ ਬਹੁਤ ਲਾਡ- ਪਿਆਰ ਕਰਦੀ ਸੀ। ਸਕੂਲ ਜਾਣ ਤੋਂ ਪਹਿਲਾਂ ਮੈਨੂੰ ਰੋਟੀ ਖੁਆਂਦੀ ਅਤੇ ਗਰਮ-ਗਰਮ ਫੁਲਕੇ ਉੱਤੇ ਘਿਓ ਪਾ ਕੇ ਕਹਿੰਦੀ, "ਲੁਠਿਆ! ਛੇਤੀ-ਛੇਤੀ ਖਾ ਲੈ, ਆਈ

ਉ ਨਾਨੀ!" ਮੈਂ ਸੜਦੇ ਮੂੰਹ ਘਿਓ ਵਾਲੀ ਬੁਰਕੀ ਮੂੰਹ ਵਿੱਚ ਪਾਉਂਦਾ ਅਤੇ ਅੰਦਰ ਲੰਘਾਣ ਦੀ ਕਰਦਾ। ਉਹ ਮੈਥੋਂ ਸਵੇਰੇ ਜਪੁਜੀ ਅਤੇ ਸ਼ਾਮ ਨੂੰ ਰਹਿਰਾਸ ਦਾ ਪਾਠ ਸੁਣਦੀ।

ਉਸ ਨੂੰ 1905 ਈਸਵੀ ਵਿੱਚ ਪਲੇਗ ਹੋ ਗਈ। ਮੈਂ ਉਸ ਨੂੰ ਅੱਕ ਦੀਆਂ ਕਰੂੰਮਲਾਂ ਲਿਆ- ਲਿਆ ਦਿੰਦਾ ਤੇ ਉਹ ਹੜੱਪ-ਹੜੱਪ ਕਰਕੇ ਖਾ ਜਾਂਦੀ। ਪਰ ਉਸ ਦੀ ਵਧੀ ਹੋਈ ਨਹੀਂ ਸੀ। ਉਹ ਮੇਰੇ ਸਾਮ੍ਹਣੇ ਪੂਰੀ ਹੋ ਗਈ। ਜਾਂਦੀ ਵੇਰ ਮੈਨੂੰ ਆਪਣੀ ਇੱਕੋ-ਇੱਕ ਬੱਚੀ 'ਭੈਣ ਲੱਛਮੀ' ਵੱਲ ਧਿਆਨ ਦੁਆ ਕੇ ਇਹ ਸੌਂਪਣੀ ਕਰ ਗਈ ਕਿ ਇਸ ਦਾ ਵਿਆਹ ਕਿਸੇ ਸਿੱਖ ਨਾਲ਼ ਹੋਵੇ। ਲੱਛਮੀ ਦਾ ਨਾਤਾ ਇੱਕ ਮੋਨੇ ਨਾਲ਼ ਹੋਇਆ ਸੀ ਜੋ ਅਨਪੜ੍ਹ ਲੋਲ੍ਹ ਜਿਹਾ ਅਤੇ ਅੱਖੋਂ ਭੈਂਗ ਮਾਰਦਾ ਸੀ। ਲੜਕੀ ਪੜ੍ਹਾਈ ਵਿੱਚ ਲਾਇਕ, ਸੁਨੱਖੀ ਅਤੇ ਹਰ ਤਰ੍ਹਾਂ ਨਾਲ਼ ਉੱਚੀ ਬਿਰਤੀ ਵਾਲ਼ੀ ਸੀ। ਸੰਜੋਗ ਨਾਲ਼ ਹੋਇਆ ਵੀ ਇਉਂ ਹੀ ਕਿ ਉਸ ਦਾ ਵਿਆਹ ਇੱਕ ਉੱਚੇ ਖ਼ਾਨਦਾਨ ਦੇ ਲਾਇਕ ਸਿੱਖ ਨਾਲ਼ ਕਰਾਇਆ ਗਿਆ ਭਾਵੇਂ ਲੜਕੀ ਦਾ ਪਿਤਾ ਵਿਆਹ ਵਿੱਚ ਨਾ ਬੈਠਾ ਅਤੇ ਵਰ੍ਹਿਆ ਤੀਕ ਉਸ ਨੂੰ ਨਾ ਅਪਣਾਇਆ। ਲੱਛਮੀ ਨੂੰ ਸੁੱਖ ਮਿਲਿਆ ਅਤੇ ਧਾਰਮਿਕ ਦੁਆਲ਼ਾ ਮਿਲਿਆ ਜਿਸ ਵਿੱਚ ਰਹਿ ਕੇ ਉਹ ਆਪਣੀ ਮਾਂ ਤੇ ਨਾਨੀ ਦੇ ਪੂਰਨਿਆਂ 'ਤੇ ਚੱਲ ਕੇ ਆਪਣੇ ਖ਼ਰਚ 'ਤੇ ਗੁਰਦੁਆਰਾ ਸਜਾ ਕੇ ਉਸ ਵਿੱਚ ਨਿੱਤ ਕੀਰਤਨ ਕਰਵਾਉਂਦੀ ਅਤੇ ਸਾਰੇ ਟੱਬਰ ਨੂੰ ਧਰਮੀ ਬਣਾ ਰੱਖਦੀ। ਸੰਨ 1947 ਈਸਵੀ ਦੇ ਘਲੂਘਾਰੇ ਵਿੱਚ ਉਸ ਦਾ ਸਭ ਕੁਝ ਲੁੱਟਿਆ ਗਿਆ ਅਤੇ ਰਾਵਲਪਿੰਡੀ ਤੋਂ ਉੱਜੜ ਕੇ ਖ਼ਾਲੀ ਹੱਥੀਂ ਦਿੱਲੀ ਵਿੱਚ ਆਣ ਵੱਸੀ। ਉਸ ਦੇ ਪੁੱਤਰ ਦਾ ਸਾਕ ਮੈਂ ਵੱਡੇ ਚਾਅ ਨਾਲ਼ ਆਪਣੇ ਮਿੱਤਰ ਡਾਕਟਰ ਸੁੱਚਾ ਸਿੰਘ ਦੀ ਲਾਇਕ ਲੜਕੀ ਨਾਲ਼ ਕਰਵਾਇਆ। ਉਹ ਲੜਕਾ ਮੇਰੇ ਪਿਆਰ ਨੂੰ ਵੇਖ ਕੇ ਕਈ ਵੇਰ ਹੈਰਾਨ ਹੁੰਦਾ ਸੀ। ਉਸ ਨੂੰ ਕੀ ਪਤਾ ਕਿ ਮੈਂ ਇਹ ਪਿਆਰ ਕਿਸੇ ਘਿਓ ਖੁਆਣ ਵਾਲ਼ੀ ਧਰਮਾਤਮਾ ਮਾਮੀ ਦੀ ਯਾਦ ਵਿੱਚ ਕਰ ਰਿਹਾ ਹਾਂ।

ਉਹ ਮਾਮੀ ਮੈਨੂੰ ਹਰ ਹਫ਼ਤੇ ਕੁਝ ਪੈਸੇ ਦਿੰਦੀ ਹੁੰਦੀ ਸੀ। ਜਦ ਮੇਰੇ ਪਾਸ ਸਰਗੋਧੇ ਜਾਣ ਦਾ ਕਿਰਾਇਆ ਬਣ ਗਿਆ ਤਾਂ ਮੈਂ ਗੱਡੀ ਚੜ੍ਹ ਕੇ ਉੱਥੇ ਚਲਾ ਗਿਆ। ਉੱਥੇ ਭਰਾ ਕਾਹਨ ਸਿੰਘ ਬਾਰਕ-ਮਾਸਟਰੀ ਵਿੱਚ ਨੌਕਰ ਸੀ। ਉੱਥੇ ਮੈਂ 1906 ਤੋਂ ਲੈ ਕੇ 1908 ਤੱਕ ਡਿਸਟ੍ਰਿਕਟ ਬੋਰਡ ਦੇ ਮਿਡਲ ਸਕੂਲ ਵਿੱਚ ਪੜ੍ਹਦਾ ਰਿਹਾ। ਸਕੂਲ ਦਾ ਹੈੱਡਮਾਸਟਰ ਲਾਲਾ ਕੁੰਦਨ ਲਾਲ ਸੀ ਜੋ ਲੱਤੋਂ ਲੰਙ ਅਤੇ ਮੂੰਹੋਂ ਨਿਹਾਇਤ ਬੇਡੌਲ ਤੇ ਖੱਖਰ-ਖਾਧਾ ਲੱਗਦਾ ਸੀ। ਪਰ ਦਿਲ ਦਾ ਨਿਹਾਇਤ ਸੋਹਣਾ ਅਤੇ ਲਿਆਕਤ ਵਿੱਚ ਆਪਣੀ ਮਿਸਾਲ ਆਪ ਹੀ ਸੀ। ਉਸ ਨੇ ਮੇਰੀ ਅੰਗਰੇਜ਼ੀ ਠੀਕ ਕਰ ਦਿੱਤੀ ਅਤੇ ਅੰਗਰੇਜ਼ੀ ਸਾਹਿਤ ਵਿੱਚ ਡੂੰਘੀ ਦਿਲਚਸਪੀ ਪੁਆ ਦਿੱਤੀ। ਉਸ ਦਾ ਢੰਗ ਏਨਾ ਚੰਗਾ ਸੀ ਕਿ ਮੈਂ ਕਹਿ ਸਕਦਾ ਹਾਂ ਕਿ ਹੁਣ ਤੱਕ ਮੈਂ ਉਹੋ-ਜਿਹਾ ਉਸਤਾਦ ਨਹੀਂ ਡਿੱਠਾ। ਉਹ ਵਿਦਿਆਰਥੀ ਦੀ ਉਮਰ, ਸੂਝ ਅਤੇ ਰੁਚੀ ਅਨੁਸਾਰ ਕਿਤਾਬਾਂ ਆਪਣੇ ਪਾਸੋਂ ਦਿੰਦਾ ਅਤੇ ਨਿੱਤ-ਨਿੱਤ ਗਹੁ ਕਰ ਕੇ ਉਸ ਦੀ ਲਿਆਕਤ ਵਧਾਉਂਦਾ। ਉਸ ਨੇ ਮੈਨੂੰ 'ਗ੍ਰਿਮਜ਼ ਫੇਅਰੀ ਟੇਲਜ਼', 'ਰਾਬਿਨਸਨ ਕਰੂਸੋ', 'ਹੈਰੀਵਰਡ ਦੀ ਵੇਕ', 'ਅਰੇਬੀਅਨ ਨਾਈਟਸ' ਆਦਿ ਕਿਤਾਬਾਂ ਵਾਰੋ-ਵਾਰੀ ਦਿੱਤੀਆਂ ਅਤੇ ਕਿਹਾ ਕਿ ਜਿਹੜੀ ਪੁਸਤਕ ਤੁਸੀਂ ਤਿੰਨ-ਚਾਰ ਦਿਨ ਵਿੱਚ ਨਹੀਂ ਮੁਕਾ ਲੈਂਦੇ, ਉਸ ਨੂੰ ਪੜ੍ਹਨਾ ਵਿਅਰਥ ਹੈ। ਇਸ ਤਰ੍ਹਾਂ ਕਰਦਿਆਂ ਸੱਤਵੀਂ ਜਮਾਤ ਦੇ ਅੰਤ ਤੱਕ ਉਸ ਨੇ ਮੈਥੋਂ ਮੈਕਾਲੇ ਦੇ ਲੇਖਾਂ ਦੀ ਕਿਤਾਬ ਪੜ੍ਹਵਾ ਲਈ। ਉਹ ਕਿਤਾਬ ਮੈਂ ਹੁਣ ਤੱਕ ਸਾਂਭ ਕੇ ਰੱਖੀ ਹੋਈ ਹੈ। ਉਸ ਵਿੱਚ ਥਾਂ ਪਰ ਥਾਂ ਮੈਂ ਆਪਣੀ ਵੱਲੋਂ ਪਸੰਦੀ ਦੇ ਨਿਸ਼ਾਨ ਲਾਏ ਹੋਏ ਹਨ, ਖ਼ਾਸ ਕਰਕੇ ਕਲਾਈਵ, ਵਾਰਨ-ਹੇਸਟਿੰਗਜ਼ ਆਦਿ ਦੇ ਲੇਖਾਂ ਦੇ ਹਾਸ਼ੀਏ ਵਿੱਚ ਆਪਣੀਆਂ ਰਾਵਾਂ ਤੇ ਆਪਣੇ ਗੁੱਸੇ-ਗਿਲੇ ਜ਼ਾਹਰ ਕੀਤੇ ਹੋਏ ਹਨ। ਨਾਲ਼ ਹੀ ਲਾਲਾ  ਕੁੰਦਨ ਲਾਲ ਜੀ ਨੇ ਮੈਨੂੰ ਇੱਕ ਸਥਾਨਿਕ ਥਿਏਟਰ ਦਾ ਪਾਸ ਲੈ ਕੇ ਦਿੱਤਾ ਹੋਇਆ ਸੀ।

ਮੈਂ ਮਹੀਨੇ ਦੇ ਤੀਹਾਂ ਦਿਨਾਂ ਵਿੱਚੋਂ ਛੱਬੀ ਦਿਨ ਥਿਏਟਰ ਵੇਖਦਾ ਸਾਂ। ਨਾਟਕ ਵੀ ਚੰਦਰਹਾਂਸ, ਬਿਕ੍ਰਮਾਜੀਤ, ਰਾਣਾ ਪ੍ਰਤਾਪ ਆਦਿ ਦੇ ਕੌਮੀ ਉੱਚਤਾ ਦੇ ਹੁੰਦੇ ਸਨ। ਇਹਨਾਂ ਖੇਲ੍ਹਾਂ ਦਾ ਮੇਰੇ ਉੱਤੇ ਬਹੁਤ ਡੂੰਘਾ ਅਸਰ ਪਿਆ। ਮੈਂ ਖ਼ਿਆਲ ਕਰਨ ਲੱਗਾ ਕਿ ਅਸਲ ਜ਼ਿੰਦਗੀ ਤਾਂ ਸਟੇਜ ਵਾਲ਼ੀ ਹੈ, ਇਹ ਬਾਹਰਲੀ ਜ਼ਿੰਦਗੀ ਐਵੇਂ ਵਾਧੂ ਨਕਲੀ ਜਿਹੀ ਹੈ। ਇੱਕ ਵੇਰ ਮੈਂ ਚਾਹ ਪ੍ਰਗਟ ਕੀਤੀ ਕਿ ਉਹ ਐਕਟਰ ਸਾਡੇ ਕੋਠੇ ਬਹਿ ਕੇ ਆਪਣੇ ਹੁਨਰ ਦਾ ਕਮਾਲ ਵਿਖਾਉਣ। ਹੈੱਡਮਾਸਟਰ ਸਾਹਿਬ ਦੀ ਸਹਾਇਤਾ ਨਾਲ਼ ਅਜਿਹਾ ਹੀ ਕੀਤਾ ਗਿਆ। ਮੈਂ ਕੁਰਸੀ ਦੀ ਢੋਅ ਪਿੱਛੇ ਖੜੋ ਕੇ ਸੁਣਦਾ ਸਾਂ ਅਤੇ ਗਾਉਣ ਵਾਲ਼ੇ ਦੀਆਂ ਸਿਸਕੀਆਂ ਦੇ ਨਾਲ਼-ਨਾਲ਼ ਛੁਸਕਾਰੇ ਭਰਦਾ ਸਾਂ। ਉਸ ਦੀਆਂ ਇਹ ਤੁਕਾਂ ਅਜੇ ਤੱਕ ਮੇਰੀ ਯਾਦ ਨੂੰ ਟੁੰਬਦੀਆਂ ਹਨ:

ਬੇਕਸੀ ਰੋਏਗੀ ਤੁਰਬਤ ਪੈ ਮਿਰੀ ਬਾਹਦੇ ਫ਼ਨਾ,  
ਗ਼ਮੋਂ-ਰੰਜ ਹੋਂਗੇ ਮਿਰੀ ਲਾਸ਼ ਉਠਾਨੇ ਵਾਲੇ।

ਉਸ ਆਲ਼ੇ-ਦੁਆਲ਼ੇ ਦਾ ਅਸਰ ਇਹ ਹੋਇਆ ਕਿ ਮੈਂ ਵੀ ਕਲਮ-ਝਰੀਟ ਬਣਨ ਲੱਗਾ। ਉਹਨਾਂ ਦਿਨਾਂ ਵਿੱਚ ਜਦੋਂ ਮੈਂ ਅਜੇ ਸੱਤਵੀਂ ਜਮਾਤ ਵਿੱਚ ਪੜ੍ਹਦਾ ਸਾਂ, ਮੈਂ ਚਿੱਤਰਕਾਰੀ ਉੱਤੇ ਅੰਗਰੇਜ਼ੀ ਵਿੱਚ ਇੱਕ ਕਿਤਾਬ ਲਿਖੀ ਜੋ ਅਜੇ ਤੱਕ ਮੈਂ ਆਪਣੇ ਪਾਸ ਸਾਂਭ ਕੇ ਰੱਖੀ ਹੋਈ ਹੈ। ਉਪਰੰਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਦਸਮੇਸ਼ ਜੀ ਦੀ ਅਦੁੱਤੀ ਸ਼ਖ਼ਸੀਅਤ ਉੱਤੇ ਇੱਕ ਅੰਗਰੇਜ਼ੀ ਨਾਟਕ ਲਿਖਿਆ  ਜੋ ਉਸ ਵਕਤ ਦੇ ਰਿਸਾਲਿਆਂ ਨੇ ਤਾਂ ਨਾਂ ਛਾਪਿਆ  ਪਰ ਕੁਝ ਵਰ੍ਹਿਆਂ ਮਗਰੋਂ ਉਸੇ ਨੂੰ ਡਾਢੇ ਮਾਣ ਨਾਲ਼ 'ਸਿੱਖ ਰੀਵੀਊ' ਨੇ ਆਪਣੇ ਵਿੱਚ ਥਾਂ ਦਿੱਤੀ। ਫੇਰ 1956 ਈਸਵੀ ਵਿੱਚ ਕੁਝ ਸੀਨ ਅਭਿਨੰਦਨ ਗ੍ਰੰਥ ਵਿੱਚ ਛਾਪੇ। ਉਸ ਰਚਨਾ ਦੀ ਇਹ ਤੁਕ ਮੈਨੂੰ ਜ਼ਬਾਨੀ ਯਾਦ ਹੈ:

"Never was India lost but by her own"  
(ਹਿੰਦ ਜਦੋਂ ਵੀ ਹਾਰਿਆ,ਆਪਣਿਆਂ ਦੇ ਹੱਥੋਂ ਹਾਰਿਆ।)

ਸੰਨ 1908 ਈਸਵੀ ਵਿੱਚ ਮੈਂ ਮਿਡਲ ਦਾ ਇਮਤਿਹਾਨ ਦਿੱਤਾ। ਉਪਰੰਤ ਪਿੰਡੀ ਡਿਵੀਜ਼ਨ ਦੇ ਸਾਰੇ ਮਿਡਲ ਸਕੂਲਾਂ ਦਾ ਮੁਕਾਬਲੇ ਦਾ ਇਮਤਿਹਾਨ ਸਾਹਪੁਰ ਵਿੱਚ ਹੋਇਆ। ਮੈਂ ਵੀ ਉਸ ਵਿੱਚ ਬੈਠਾ। ਕੁਝ ਹਫ਼ਤਿਆਂ ਮਗਰੋਂ ਮੈਨੂੰ ਹੈੱਡਮਾਸਟਰ ਸਾਹਿਬ ਵੱਲੋਂ ਸਕੂਲ ਦੇ ਹਾਲ ਵਿੱਚ ਹਾਜ਼ਰ ਹੋਣ ਦਾ ਸੱਦਾ ਆਇਆ। ਮੈਂ ਗਿਆ। ਅੱਗੇ ਵੱਡਾ ਸਾਰਾ ਜਲਸਾ ਹੋ ਰਿਹਾ ਸੀ। ਸਰ ਮੈਲਕੁਲ ਹੇਲੀ ਜੋ ਉੱਥੋਂ ਦੇ ਕਲੋਨੀਅਲ ਅਫ਼ਸਰ ਸਨ, ਪ੍ਰਧਾਨਗੀ ਦੀ ਕੁਰਸੀ 'ਤੇ ਬੈਠੇ ਸਨ। ਖ਼ਲੀਫ਼ਾ (ਉਮਰ ਦੀਨ ?) ਸਾਹਿਬ ਜੋ ਇਸਪੈਕਟਰ ਸਨ, ਉਹ ਵੀ ਹਾਜ਼ਰ ਸਨ। ਇਸਪੈਕਟਰ ਸਾਹਿਬ ਨੇ ਇਨਾਮੀ ਟਾਕਰੇ ਦੇ ਨਤੀਜੇ ਦੱਸਦਿਆਂ ਮੇਰਾ ਜ਼ਿਕਰ ਕੀਤਾ ਕਿ ਇਹ ਲੜਕਾ ਅੱਵਲ ਰਿਹਾ ਹੈ।

**ਔਖੇ ਸ਼ਬਦ :** **ਆਲਮ**-ਵਿਦਵਾਨ। **ਬੇਕਸੀ**-ਬੇਵੱਸੀ। **ਤੁਰਬਤ**-ਕਬਰ। **ਬਾਹਦੇ ਫ਼ਨਾ**-ਫ਼ਨਾਹ ਹੋਣ ਪਿੱਛੋਂ, ਖ਼ਤਮ ਹੋਣ ਤੋਂ ਪਿੱਛੋਂ, ਭਾਵ ਮਰ ਜਾਣ ਉਪਰੰਤ।

## ਅਭਿਆਸ

### (ੳ) ਵਸਤੂਨਿਸ਼ਠ ਪ੍ਰਸ਼ਨ :—

1. 'ਆਪ-ਬੀਤੀਆਂ' ਵਿੱਚ ਦਰਜ 'ਮੁਢਲੀ ਅਵਸਥਾ' / 'ਮਿਡਲ ਦੀ ਪੜ੍ਹਾਈ' ਸ੍ਵੈਜੀਵਨੀ-ਅੰਸ਼ ਪ੍ਰਿੰ. ਤੇਜਾ ਸਿੰਘ ਦੀ ਕਿਹੜੀ ਪੁਸਤਕ ਵਿੱਚੋਂ ਲਿਆ ਗਿਆ ਹੈ ?
2. ਪ੍ਰਿੰ. ਤੇਜਾ ਸਿੰਘ ਨੂੰ ਤਸਵੀਰਾਂ ਖਿੱਚਣ ਦਾ ਸ਼ੌਕ ਕਿਸ ਨੇ ਪਾਇਆ ਸੀ ?
3. ਪ੍ਰਿੰ. ਤੇਜਾ ਸਿੰਘ ਨੂੰ ਪੁਰਾਤਨ ਸਾਹਿਤ ਦੀ ਚਾਟ ਕਿਸ ਨੇ ਲਵਾਈ ?
4. ਜੈ ਕਿਸ਼ਨ ਦਾ ਪਿਤਾ ਫ਼ਾਰਸੀ ਤੇ ਸੰਸਕ੍ਰਿਤ ਦਾ ਆਲਮ ਸੀ। (ਸਹੀ/ਗਲਤ)
5. ਪ੍ਰਿੰ. ਤੇਜਾ ਸਿੰਘ ਨੇ ਇੱਕ ਵਾਰ ਇੱਕ ਨਾਟਕ ਵਿੱਚ ਰਾਜਾ ਹਰੀਸ਼ ਚੰਦਰ ਦੀ ਭੂਮਿਕਾ ਨਿਭਾਈ ਸੀ। (ਸਹੀ/ਗਲਤ)
6. ਲੇਖਕ ਦੀ ਮਾਮੀ ਦਵਾਨ ਦੇਈ ਸਿੱਖਾਂ ਦੀ ਧੀ ਸੀ ਪਰ ਉਸ ਦੇ ਨਾਨਕੇ ਮੋਨੇ ਸਨ। (ਸਹੀ/ਗਲਤ)

(ਖ਼ਾਲੀ ਸਥਾਨ ਭਰੋ)

7. ਆਪਣਾ ਅੰਤ ਨੇੜੇ ਆਉਂਦਾ ਜਾਣ ਕੇ __________ ਦਾ ਪਿਤਾ ਕਾਂਸੀ ਜੀ ਚਲਾ ਗਿਆ।
8. ਬਖ਼ਸ਼ੀ ਕਿਰਪਾ ਰਾਮ ਜਦੋਂ ਲੇਖਕ ਦੇ ਘਰ ਆਉਂਦਾ ਤਾਂ ਉਹ __________ ਦੀ ਮੂਰਤੀ ਵੀ ਆਪਣੇ ਨਾਲ਼ ਲੈ ਕੇ ਆਉਂਦਾ।
9. ਪ੍ਰਿੰ. ਤੇਜਾ ਸਿੰਘ ਦੀ ਅੰਗਰੇਜ਼ੀ ਸਾਹਿਤ ਵਿੱਚ ਡੂੰਘੀ ਦਿਲਚਸਪੀ ਪੁਆਈ __________.
   (1) ਨੂਰ ਖ਼ਾਨ ਨੇ     (2) ਪੰਡਤ ਈਸ਼ਰ ਦਾਸ ਨੇ
   (3) ਲਾਲਾ ਕੁੰਦਨ ਲਾਲ ਨੇ     (4) ਜੈ ਕਿਸ਼ਨ ਨੇ।
10. ਪ੍ਰਿੰ. ਤੇਜਾ ਸਿੰਘ ਦੀ ਮਾਮੀ ਦਵਾਨ ਦੇਈ ਉਸ ਨੂੰ ਗਰਮ-ਗਰਮ ਫੁਲਕੇ ਉੱਤੇ ਕੀ ਪਾ ਕੇ ਦਿੰਦੀ ਸੀ –
   (1) ਸ਼ੱਕਰ     (2) ਚਟਣੀ
   (3) ਘਿਓ     (4) ਮੱਖਣ।

### (ਅ) ਦੱਸੋ :—

1. ਪ੍ਰਿੰ. ਤੇਜਾ ਸਿੰਘ ਨੇ ਆਪਣੇ ਬਚਪਨ ਦੀ ਜ਼ਿੰਦਗੀ ਬਾਰੇ ਲਿਖਿਆ ਹੈ, 'ਮੈਂ ਇਸ ਜ਼ਿੰਦਗੀ ਨਾਲ਼ ਰਾਜ਼ੀ ਨਹੀਂ ਸਾਂ।' ਦੱਸੋ, ਇਹ ਜ਼ਿੰਦਗੀ ਕਿਸ ਤਰ੍ਹਾਂ ਦੀ ਸੀ?
2. ਪ੍ਰਿੰ. ਤੇਜਾ ਸਿੰਘ ਅਤੇ ਜਗਨਨਾਥ ਆਟਾ ਪਿਹਾ ਕੇ ਵਾਪਸ ਆਉਂਦਿਆਂ, ਰਾਤ ਨੂੰ ਜਦੋਂ ਸਿਵਿਆਂ ਕੋਲੋਂ ਲੰਘ ਰਹੇ ਸਨ ਤਾਂ ਕਿਹੜੀ ਘਟਨਾ ਵਾਪਰੀ ? ਇਸ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

3. 'ਜਿਹੜੀ ਜਾਣ-ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ, ਉਹੋ ਤੋੜ ਨਿਭਦੀ ਹੈ।' ਪ੍ਰਿੰ. ਤੇਜਾ ਸਿੰਘ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ ?

4. ਤੇਜਾ ਸਿੰਘ ਨੂੰ ਪੜ੍ਹਾਈ ਕਰਨ ਵਿੱਚ ਕਿਸ ਤਰ੍ਹਾਂ ਦੀਆਂ ਔਕੜਾਂ ਆਈਆਂ ਤੇ ਉਸ ਨੇ ਇਹਨਾਂ ਨੂੰ ਕਿਵੇਂ ਹੱਲ ਕੀਤਾ ?

5. ਤੇਜਾ ਸਿੰਘ ਨੂੰ ਆਪਣੇ ਵਾਤਾਵਰਨ ਵਿੱਚ ਇਤਿਹਾਸ, ਮਿਥਿਹਾਸ, ਸਾਹਿਤ ਆਦਿ ਪ੍ਰਤਿ ਚੇਟਕ ਲਾਉਣ ਲਈ ਕਿਹੜੇ ਪ੍ਰੇਰਕ ਮਿਲੇ? ਆਪਣੇ ਸ਼ਬਦਾਂ ਵਿੱਚ ਲਿਖੋ।

6. ਇੱਕ ਸ੍ਵੈਜੀਵਨੀ ਦੇ ਤੌਰ 'ਤੇ ਤੇਜਾ ਸਿੰਘ ਦੀ ਲਿਖਤ ਦੀਆਂ ਖ਼ੂਬੀਆਂ ਦੱਸੋ।

# 3 ਪ੍ਰੋ. ਸਾਹਿਬ ਸਿੰਘ

(1892-1977)

| | | |
|---|---|---|
| ਪਿਤਾ | : | ਬਾਬਾ ਹੀਰਾ ਨੰਦ |
| ਜਨਮ-ਸਥਾਨ | : | ਪਿੰਡ ਫੱਤੇਵਾਲੀ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ ਵਿੱਚ)। |
| ਵਿੱਦਿਆ | : | ਬੀ. ਏ., ਡੀ. ਲਿਟ. |

**ਕੰਮ-ਕਿੱਤਾ :** ਡਾਕਖ਼ਾਨੇ ਵਿੱਚ ਕਲਰਕੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੀਤ ਸਕੱਤਰ ਅਤੇ ਸਕੱਤਰ ਵਜੋਂ ਨੌਕਰੀ, ਬਹੁਤ ਸਮਾਂ ਅਧਿਆਪਨ—ਕਾਰਜ।

ਸਾਹਿਬ ਸਿੰਘ ਦੀ ਪੰਜਾਬੀ ਜਗਤ ਵਿੱਚ ਪ੍ਰਸਿੱਧੀ ਗੁਰਬਾਣੀ ਦੇ ਵਿਆਕਰਨੀ ਤੇ ਟੀਕਾਕਾਰ ਵਜੋਂ ਹੈ। ਇੱਕ ਗੱਦਕਾਰ ਵਜੋਂ ਵੀ ਉਹਨਾਂ ਦਾ ਵਿਸ਼ੇਸ਼ ਸਥਾਨ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਾਹਿਬ ਸਿੰਘ ਨੂੰ ਉਹਨਾਂ ਦੀਆਂ ਬਹੁਮੁੱਲੀਆਂ ਸਾਹਿਤਿਕ ਸੇਵਾਵਾਂ ਕਾਰਨ ਡੀ. ਲਿਟ. ਦੀ ਡਿਗਰੀ ਪ੍ਰਦਾਨ ਕੀਤੀ।

**ਮੁੱਖ ਰਚਨਾਵਾਂ :** ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ (10 ਜਿਲਦਾਂ), ਗੁਰਬਾਣੀ ਵਿਆਕਰਨ, ਧਰਮ ਤੇ ਸਦਾਚਾਰ, ਸਰਬੱਤ ਦਾ ਭਲਾ, ਧਾਰਮਿਕ ਲੇਖ, ਕੁਝ ਹੋਰ ਧਾਰਮਿਕ ਲੇਖ, ਸਿੱਖ ਸਿਦਕ ਨਾ ਹਾਰੇ, ਗੁਰਮਤਿ ਪ੍ਰਕਾਸ਼, ਭਗਤ ਬਾਣੀ ਸਟੀਕ, ਚਾਨਣ ਮੁਨਾਰੇ।

'ਮੇਰੀ ਜੀਵਨ ਕਹਾਣੀ' ਸਾਹਿਬ ਸਿੰਘ ਦੀ ਸ੍ਵੈਜੀਵਨੀ ਹੈ। ਹਥਲੀ ਪੁਸਤਕ ਵਿੱਚ ਸ਼ਾਮਲ ਕੀਤੇ ਇਸ ਰਚਨਾ ਦੇ ਕੁਝ ਅੰਸ਼ ਸਾਹਿਬ ਸਿੰਘ ਦੀ ਲਗਨ, ਸਿਰੜ ਤੇ ਮਿਹਨਤ ਨੂੰ ਦਰਸਾਉਂਦੇ ਹਨ। ਕੋਈ ਵਿਅਕਤੀ ਘਰੇਲੂ ਆਰਥਿਕ ਪਛੜੇਵੇਂ ਤੇ ਸੁੱਖ-ਸਾਧਨਾਂ ਦੀ ਘਾਟ ਹੁੰਦੇ ਹੋਏ ਵੀ ਕਿਵੇਂ ਇੱਕ ਸਫਲ ਤੇ ਮਨੋਰਥ ਭਰਪੂਰ ਜੀਵਨ ਜੀਅ ਸਕਦਾ ਹੈ, ਸਾਹਿਬ ਸਿੰਘ ਦਾ ਜੀਵਨ ਇਸ ਦੀ ਸੁੰਦਰ ਉਦਾਹਰਨ ਹੈ।

ਪ੍ਰੋਫ਼ੈਸਰ ਪ੍ਰੀਤਮ ਸਿੰਘ ਦੇ ਇਸ ਸ੍ਵੈਜੀਵਨੀ ਬਾਰੇ, ਇਸ ਦੇ ਅਰੰਭ ਵਿੱਚ ਲਿਖੇ ਸ਼ਬਦਾਂ ਵਿੱਚੋਂ ਇਹ ਟੂਕ ਧਿਆਨਯੋਗ ਹੈ:

"ਇਹ ਰਚਨਾ ਜ਼ਿੰਦਗੀ ਦੇ ਧੂੜ-ਭਰੇ ਰਾਹਾਂ ਉੱਤੇ ਤੁਰਦੇ ਇੱਕ ਸਧਾਰਨ ਰਾਹੀ ਦੀ ਨਿੱਜੀ ਤੇ ਨਿਰਸ਼ਿੰਗਾਰ ਯਾਦਦਾਸ਼ਤ ਹੈ ਇਸ ਲਈ ਇਸ ਦਾ ਵੱਖਰਾ ਹੀ ਰੰਗ ਤੇ ਵੱਖਰਾ ਹੀ ਮੁੱਲ ਹੈ।"

* ਸਾਹਿਬ ਸਿੰਘ, ਮੇਰੀ ਜੀਵਨ ਕਹਾਣੀ, ਸਿੰਘ ਬਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਪਹਿਲੀ ਵਾਰ 1977

# ਧੂੜ ਭਰੇ ਰਾਹ

## ਮੇਰੀ ਮੁਢਲੀ ਤਾਲੀਮ :

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਉਂਞ ਤਾਂ ਪਿੰਡ ਜਗਦੇਵ ਦੇ ਰਹਿਣ ਵਾਲੇ ਸਨ ਜੋ ਰਾਵੀ ਤੋਂ ਪਾਰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ ਪਰ ਉਹਨਾਂ ਨੂੰ ਪਿੰਡ ਥਰਪਾਲ ਵਿੱਚ ਜਾਗੀਰ ਮਿਲੀ ਹੋਈ ਸੀ। ਉਹਨਾਂ ਦਾ ਪੁੱਤਰ ਸੀ, ਮੀਆਂ ਹਯਾਤ ਸ਼ਾਹ। ਮੀਆਂ ਹਯਾਤ ਸ਼ਾਹ ਵੀ ਆਪਣੇ ਪਿਤਾ ਵਾਂਗ ਪੰਜਾਬੀ ਦਾ ਕਵੀ ਸੀ। ਜਦੋਂ ਮੈਂ ਸਾਢੇ ਚਾਰ-ਕੁ-ਸਾਲਾਂ ਦਾ ਹੋਇਆ ਤਾਂ ਮੇਰੇ ਪਿਤਾ ਨੇ ਮੈਨੂੰ ਮੀਆਂ ਹਯਾਤ ਸ਼ਾਹ ਕੋਲ ਪੜ੍ਹਨੇ ਪਾ ਦਿੱਤਾ।

ਪਿੰਡ ਥਰਪਾਲ, ਰਤਾ ਕੁ ਹਟਵਾਂ, ਪਹਾੜ ਵਾਲੇ ਪਾਸੇ, ਉਸੇ ਸੜਕ ਉੱਤੇ ਹੈ ਜੋ ਨਾਰੋਵਾਲ ਵੱਲੋਂ ਲਾਹੌਰ ਨੂੰ ਜਾਂਦੀ ਹੈ। ਰੱਈਏ ਤਸੀਲ ਵਿੱਚ ਇੱਕ ਪ੍ਰਾਇਮਰੀ ਸਕੂਲ ਸੀ। ਮੇਰੀ ਦਾਦੀ ਦੀ ਭੈਣ ਦਾ ਪੋਤਰਾ ਅਮਰ ਸਿੰਘ ਉਸ ਸਕੂਲ ਵਿੱਚ ਪੜ੍ਹਦਾ ਸੀ। ਉਸ ਦੀ ਪ੍ਰੇਰਨਾ ਨਾਲ ਮੇਰੇ ਪਿਤਾ ਨੇ ਮੈਨੂੰ ਭੀ ਪਿੰਡ ਦੇ ਮੀਆਂ ਜੀ ਪਾਸੋਂ ਉਠਾ ਕੇ ਤਸੀਲ ਵਾਲੇ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਕਰਾ ਦਿੱਤਾ। ਇਸ ਸਕੂਲ ਵਿੱਚੋਂ ਹੀ ਸੰਨ 1902 ਈਸਵੀ ਵਿੱਚ ਮੈਂ ਪੰਜਵੀਂ ਜਮਾਤ ਪਾਸ ਕੀਤੀ।

## ਸਾਡਾ ਪਹਿਲੀ ਜਮਾਤ ਦਾ ਇਮਤਿਹਾਨ :

ਨਾਰੋਵਾਲ ਤੋਂ ਲਾਹੌਰ ਨੂੰ ਜਾਣ ਵਾਲੀ ਸੜਕ ਉੱਤੇ ਤਸੀਲ ਰੱਈਆ ਤੋਂ ਤਿੰਨਾਂ ਮੀਲਾਂ ਦੀ ਵਿੱਥ ਉੱਤੇ ਇੱਕ ਪ੍ਰਸਿੱਧ ਕਸਬਾ ਹੈ, ਬਾਠਾਂਵਾਲਾ। ਬਾਠਾਂਵਾਲੇ ਵੀ ਪ੍ਰਾਇਮਰੀ ਸਕੂਲ ਸੀ, ਸੜਕ ਦੇ ਕੰਢੇ ਉੱਤੇ ਸੀ। ਸੰਨ 1898 ਵਿੱਚ ਇਨਸਪੈੱਕਟਰ ਇਮਤਿਹਾਨ ਲੈਣ ਆਇਆ। ਉਸ ਨੇ ਚਾਰ-ਪੰਜ ਸਕੂਲਾ ਦੇ ਸਾਰੇ ਮੁੰਡੇ ਬਾਠਾਵਾਲੇ ਇੱਕਠੇ ਕਰਾ ਲਏ। ਮੈਂ ਤਦੋਂ ਪਹਿਲੀ ਜਮਾਤ ਦਾ ਇਮਤਿਹਾਨ ਦੇਣਾ ਸੀ। ਮੈਂ ਆਪਣੀ ਜਮਾਤ ਵਿੱਚ ਸਭ ਤੋਂ ਛੋਟਾ ਮੁੰਡਾ ਸਾਂ। ਮੇਰਾ ਪਿਤਾ ਮੇਰੇ ਨਾਲ ਗਿਆ। ਮੇਰਾ ਦਿਲ ਵਧਾਣ ਵਾਸਤੇ ਮੇਰੇ ਪਿਤਾ ਨੇ ਮੈਨੂੰ ਇੱਕ ਧੇਲਾ ਦਿੱਤਾ। ਇੱਕ ਪੈਸੇ ਦੇ ਦੋ ਧੇਲੇ ਹੁੰਦੇ ਸਨ। ਉਸ ਜ਼ਮਾਨੇ ਵਿੱਚ ਧੇਲਾ ਬੜੀ ਚੀਜ਼ ਹੁੰਦੀ ਸੀ। ਬਾਠਾਂਵਾਲੇ ਦੇ ਸਕੂਲ ਵਿੱਚ ਨਵੇਂ-ਨਵੇਂ ਵੱਡੇ ਫੂਹੜ ਮੰਗਾਏ ਗਏ ਸਨ। ਉਹ ਧੇਲਾ ਮੈਂ ਫੂਹੜ ਦੇ ਵਿੱਚੋਂ ਹੀ ਹੇਠਾ ਵਗਾ ਦਿੱਤਾ। ਇਤਨੇ ਵੱਡੇ ਫੂਹੜ ਵਿੱਚੋਂ ਉਹ ਧੇਲਾ ਮੈਥੋਂ ਮੁੜ ਨਿਕਲ ਨਾ ਸਕਿਆ।

ਸਾਨੂੰ ਸਾਰੇ ਮੁੰਡਿਆ ਨੂੰ ਸੜਕ ਦੇ ਦੋਹੀਂ ਪਾਸੀਂ ਪੁੱਟੀਆ ਹੋਈਆਂ ਖਾਲੀਆ ਵਿੱਚ ਬਿਠਾ ਦਿੱਤਾ ਗਿਆ। ਇਨਸਪੈੱਕਟਰ ਆਇਆ, ਆਉਂਦਿਆਂ ਹੀ ਉਹ ਕਿਸੇ ਗੱਲੇ ਸਾਡੇ ਸਕੂਲ ਦੇ ਹੈੱਡਮਾਸਟਰ ਕਾਜ਼ੀ ਜਲਾਲਦੀਨ ਨਾਲ ਨਰਾਜ਼ ਹੋ ਗਿਆ। ਕਾਜ਼ੀ ਜੀ ਨੂੰ ਉਸ ਨੇ ਉੱਥੋਂ ਪਰੇ ਬਾਹਰ ਕੱਢ ਦਿੱਤਾ ਤੇ ਗੁੱਸੇ ਨਾਲ ਲੋਹਾ-ਲਾਖਾ ਹੋਇਆ ਉਹ ਸਿੱਧਾ ਉੱਥੇ ਆ ਗਿਆ ਜਿੱਥੇ ਸਾਡੀ ਪਹਿਲੀ ਜਮਾਤ ਬੈਠੀ ਹੋਈ ਸੀ। ਜਮਾਤ ਦੇ ਸ਼ੁਰੂ ਵਿੱਚ ਹੀ ਮੈਂ ਬੈਠਾ ਹੋਇਆ ਸਾ। ਆਉਂਦਿਆਂ ਹੀ ਉਸ ਨੇ ਕੜਕ ਕੇ ਮੈਨੂੰ ਆਖਿਆ, "ਤੀਨ ਕਾ ਪਹਾੜਾ ਸੁਨਾਓ।" ਉਸ ਦਾ ਕਾਲਾ ਚਿਹਰਾ ਵੇਖ ਕੇ ਸਾਰੇ ਮੁੰਡੇ ਸਹਿਮ ਜਿਹੇ ਗਏ ਸਨ ਪਰ ਜਦੋਂ ਉਸ ਨੇ ਕੜਕ ਕੇ ਮੈਨੂੰ ਪਹਾੜਾ ਸੁਣਾਉਣ ਲਈ ਆਖਿਆ, ਮੈਂ ਵੀ ਅੱਗੋਂ ਕੜਕ ਕੇ ਹੀ ਸੁਣਾਇਆ। ਇਨਪੈੱਕਟਰ ਸੁਣ ਕੇ ਬਹੁਤ ਖ਼ੁਸ਼ ਹੋਇਆ। ਉਸ ਨੇ ਸਾਡੇ ਕਾਜ਼ੀ ਜੀ ਨੂੰ ਵਾਪਸ ਬੁਲਾ ਲਿਆ ਤੇ ਉਹਨਾਂ ਦੇ ਸਾਹਮਣੇ ਮੈਨੂੰ ਸ਼ਾਬਾਸ਼ ਆਖੀਓਸੁ। ਮੇਰਾ ਪਿਤਾ ਵੀ ਲਾਂਭੇ ਖੜ੍ਹਾ ਸੁਣ-ਵੇਖ ਰਿਹਾ ਸੀ। ਉਸ ਨੇ ਤਾਂ ਖ਼ੁਸ਼ ਹੋਣਾ ਹੀ ਸੀ।

ਇਮਤਿਹਾਨ ਖ਼ਤਮ ਹੋਇਆ ਤੇ ਸਾਨੂੰ ਸਭ ਮੁੰਡਿਆਂ ਨੂੰ ਛੁੱਟੀ ਹੋ ਗਈ।

## ਕਾਜ਼ੀ ਜਲਾਲਦੀਨ ਜੀ :

ਕਾਜ਼ੀ ਜਲਾਲਦੀਨ ਜੀ ਨਾਰੋਵਾਲ ਦੇ ਰਹਿਣ ਵਾਲੇ ਸਨ। ਹਰ ਸ਼ਨਿੱਚਰਵਾਰ ਲੌਢੇ ਵੇਲੇ ਉਹ ਸਕੂਲੋਂ ਆਪਣੇ ਘਰ ਚਲੇ ਜਾਇਆ ਕਰਦੇ ਸਨ। ਸਾਡਾ ਪਿੰਡ ਉਸ ਸੜਕ ਦੇ ਉੱਤੇ ਸੀ, ਰਤਾ ਕੁ ਹਟਵਾਂ। ਕਾਜ਼ੀ ਜੀ ਕਦੇ-ਕਦੇ ਸਾਡੇ ਪਿੰਡ ਵਿੱਚੋਂ ਹੀ ਹੋ ਕੇ ਲੰਘਦੇ, ਮੇਰੇ ਪਿਤਾ ਜੀ ਨੂੰ ਮਿਲਦੇ ਤੇ ਮੇਰੀ ਬਾਬਤ ਇਹ ਪ੍ਰੇਰਨਾ ਭੀ ਕਰ ਜਾਇਆ ਕਰਦੇ ਸਨ ਕਿ ਇਸ ਬੱਚੇ ਨੂੰ ਪ੍ਰਾਇਮਰੀ ਤੋਂ ਅਗਾਂਹ ਮਿਡਲ ਸਕੂਲ ਵਿੱਚ ਵੀ ਜ਼ਰੂਰ ਦਾਖ਼ਲ ਕਰਾਉਣਾ। ਮੇਰਾ ਪਿਤਾ ਭਾਵੇਂ ਬਹੁਤ ਗ਼ਰੀਬ ਸੀ ਪਰ ਉਸ ਨੂੰ ਕਾਜ਼ੀ ਦੀ ਨਿੱਤ ਦੀ ਪ੍ਰੇਰਨਾ ਨਾਲ ਹੌਸਲਾ ਬਣਨ ਲੱਗ ਪਿਆ।

## ਸਾਡੇ ਪਿੰਡ ਦਾ ਚੁਗਿਰਦਾ ਤੇ ਸਾਡਾ ਘਰ :

ਥਰਪਾਲ ਦੀ ਸੜਕ ਤੋਂ ਪਹਾੜ ਪਾਸੇ ਦੀ ਸਾਰੀ ਜ਼ਮੀਨ ਬੜੀ ਕਲਰਾਠੀ ਸੀ। ਲੋਕ ਉਸ ਵਿੱਚ ਆਮ ਤੌਰ ਉੱਤੇ ਮੁੰਜੀ-ਝੋਨਾ ਹੀ ਬੀਜਿਆ ਕਰਦੇ ਸਨ ਤੇ ਫ਼ਸਲਾਂ ਨੂੰ ਖੂਹਾਂ ਦਾ ਪਾਣੀ ਦਿਆ ਕਰਦੇ ਸਨ। ਉਹ ਕਮਾਦ ਭੀ ਆਮ ਬੀਜਦੇ ਸਨ।

ਸੜਕ ਤੋਂ ਦੱਖਣ ਵਾਲੇ ਪਾਸੇ ਦੀ ਜ਼ਮੀਨ ਰੇਤਲੀ ਸੀ। ਸੜਕ ਦੇ ਨਾਲ-ਨਾਲ ਹੀ ਦੱਖਣ ਵਾਲੇ ਪਾਸੇ ਇੱਕ ਨਾਲਾ ਵਗਦਾ ਸੀ ਜਿਹੜਾ ਚਾਰ-ਪੰਜ ਮੀਲ ਉਤਲੇ ਪਾਸਿਓਂ ਦਰਿਆ ਰਾਵੀ ਵਿੱਚੋਂ ਨਿਕਲਦਾ ਸੀ। ਦਰਿਆ ਰਾਵੀ ਸੜਕ ਤੋਂ ਸਿਰਫ਼ ਤਿੰਨ ਮੀਲਾਂ ਦੀ ਵਿੱਥ ਉੱਤੇ ਸੀ। ਸੋ, ਸੜਕ ਦੇ ਦੱਖਣ ਪਾਸੇ ਦੀ ਸਾਰੀ ਜ਼ਮੀਨ ਰੇਤਲੀ ਸੀ ਤੇ ਸਾਰੇ ਬੇਲਾ ਹੀ ਬੇਲਾ ਸੀ। ਉਸ ਜ਼ਮੀਨ ਵਿੱਚ ਸਾਡੇ ਪਿੰਡ ਦੀ ਭੀ ਮਾਲਕੀ ਸੀ। ਜ਼ਿਮੀਂਦਾਰ ਲੋਕ ਉਸ ਵਿੱਚ ਕਣਕ, ਛੋਲੇ ਤੇ ਮਸਰ ਬੀਜਿਆ ਕਰਦੇ ਸਨ। ਸਾਡੇ ਪਿੰਡਾਂ ਦੇ ਮਸਰ ਖਾਣ ਵਿੱਚ ਬਹੁਤ ਸੁਆਦਲੇ ਹੁੰਦੇ ਹਨ।

ਪਿੰਡ ਥਰਪਾਲ ਦੇ ਚੜ੍ਹਦੇ ਅਤੇ ਲਹਿੰਦੇ ਪਾਸੇ ਛੱਪੜ ਸਨ। ਚੜ੍ਹਦੇ ਪਾਸੇ ਤਾਂ ਇੱਕੋ ਲੰਮਾ ਛੱਪੜ ਸੀ, ਉਸ ਨੂੰ ਲੋਕ 'ਢਾਬ' ਆਖਦੇ ਸਨ। ਲਹਿੰਦੇ ਪਾਸੇ ਤਿੰਨ ਛੱਪੜ ਸਨ, ਆਪੋ ਵਿੱਚ ਉਹਨਾਂ ਦੀ ਵਿੱਥ ਤਿੰਨ-ਚਾਰ ਕਦਮਾਂ ਦੀ ਹੀ ਸੀ। ਲੋਕ ਆਪਣੇ ਘਰਾਂ ਦੀਆਂ ਕੰਧਾਂ ਬਣਾਉਣ ਵੇਲੇ ਨੇੜਿਓਂ ਹੀ ਮਿੱਟੀ ਪੁੱਟ ਲੈਂਦੇ ਸਨ ਤੇ ਕੋਠਿਆਂ ਦੀ ਲਿਪਾਈ ਵਾਸਤੇ ਭੀ ਉੱਥੋਂ ਗਾਰਾ ਬਣਾ ਲੈਂਦੇ ਸਨ। ਇਸ ਤਰ੍ਹਾਂ ਦੇ ਛੱਪੜ ਤਕਰੀਬਨ ਸਭ ਪਿੰਡਾਂ ਦੇ ਨੇੜੇ ਹੀ ਹੋਇਆ ਕਰਦੇ ਸਨ।

ਪਿੰਡ ਵਿੱਚ ਤਿੰਨ ਗਲੀਆਂ ਸਨ। ਇੱਕ ਗਲੀ ਪਿੰਡ ਦੇ ਪਹਾੜ ਵਾਲੇ ਪਾਸੇ ਵੱਲੋਂ ਪਿੰਡ ਵਿੱਚੋਂ ਦੀ ਪਾਰ ਦੱਖਣ ਵਾਲੇ ਪਾਸੇ ਲੰਘ ਜਾਂਦੀ ਸੀ। ਇਸ ਨੂੰ 'ਵਿਚਲੀ ਵਿਹੀ' ਆਖਦੇ ਸਨ। ਤਦੋਂ ਤਾਂ ਸਮਝ ਨਹੀਂ ਸੀ ਕਿ 'ਵਿਹੀ' ਕਿਸ ਬਲਾ ਦਾ ਨਾਂ ਹੈ ਪਰ ਇਹ ਲਫ਼ਜ਼ ਸੰਸਕ੍ਰਿਤ ਦੇ ਲਫ਼ਜ਼ 'ਵਿਥੀ' ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। 'ਵਿਥੀ' ਦਾ ਅਰਥ ਹੈ 'ਗਲ਼ੀ'। 'ਵਿਚਲੀ ਵਿਹੀ' ਉਹ ਗਲ਼ੀ ਜੋ ਪਿੰਡ ਦੇ ਵਿੱਚੋਂ ਦੀ ਦੁਸਾਰ-ਪਾਰ ਲੰਘਦੀ ਹੋਵੇ।

ਦੂਜੀਆਂ ਦੋ ਗਲ਼ੀਆਂ ਸਨ, ਪਿੰਡ ਦੇ ਲਹਿੰਦੇ ਪਾਸੇ ਦੇ ਹਿੱਸੇ ਵਿੱਚ। ਇਹ ਗਲ਼ੀਆਂ ਛੋਟੀਆਂ-ਛੋਟੀਆਂ ਸਨ ਤੇ 'ਵਿਚਲੀ ਵਿਹੀ' ਤੋਂ ਉਰੇ-ਉਰੇ ਹੀ ਮੁੱਕ ਜਾਂਦੀਆਂ ਸਨ। ਸਾਡਾ ਘਰ ਇਹਨਾਂ ਦੋਹਾਂ ਗਲ਼ੀਆਂ ਵਿੱਚੋਂ ਪਹਾੜ ਵਾਲੇ ਪਾਸੇ ਦੀ ਗਲ਼ੀ ਦੇ ਸਿਰੇ ਉੱਤੇ ਸੀ। ਪਿੰਡ ਦੇ ਲਹਿੰਦੇ ਪਾਸੇ ਦੇ ਛੱਪੜ, ਸਾਡੇ ਘਰ ਤੋਂ ਬਿਲਕੁਲ ਨੇੜੇ ਹੀ ਸਨ।

ਵਰਖਾ ਰੁੱਤੇ ਹਰ ਸਾਲ ਸਾਡੇ ਪਿੰਡ ਦੇ ਲੋਕਾਂ ਵਾਸਤੇ ਇੱਕ ਬਿਪਤਾ ਭਰਿਆ ਤਮਾਸ਼ਾ ਬਣਿਆ ਕਰਦਾ ਸੀ। ਤਿੰਨ-ਚਾਰ ਦਿਨ ਪੁਰੇ ਦੀ ਹਵਾ ਵਗਣ ਪਿੱਛੋਂ ਜਦੋਂ ਲਹਿੰਦੇ ਪਹਾੜ ਦੀ ਗੁੱਠੋਂ ਕਾਲ਼ੀਆਂ ਘਟਾਵਾਂ ਚੜ੍ਹਦੀਆਂ ਤਾਂ ਜੱਟਾਂ ਨੇ ਆਖਣਾ-

ਬੱਦਲ ਚੜ੍ਹਿਆ ਟਿੱਲਿਉਂ
ਗਾਂ-ਮਹਿੰ ਨ ਖੁੱਲ੍ਹੀ ਕਿੱਲਿਉਂ

(ਟਿੱਲਾ, ਜ਼ਿਲ੍ਹਾ ਜਿਹਲਮ ਵਿੱਚ ਬਾਲਨਾਥ ਜੋਗੀ ਦਾ ਪ੍ਰਸਿੱਧ ਅਸਥਾਨ ਹੈ।)

## ਕਿਸਮਤ ਜਾਗਣ ਦੇ ਰਾਹ ਉੱਤੇ :

ਜਨਵਰੀ, ਸੰਨ 1902 ਈਸਵੀ ਵਿੱਚ ਮੇਰੇ ਪਿਤਾ ਨੇ 'ਗੋਤਾ ਫ਼ਤਿਹਗੜ੍ਹ' ਦੇ ਮਿਡਲ ਸਕੂਲ ਵਿੱਚ ਮੈਨੂੰ ਛੇਵੀਂ ਜਮਾਤ ਵਿੱਚ ਦਾਖ਼ਲ ਕਰਾਇਆ ਸੀ। ਪਹਿਲਾ ਸਾਲ ਲੰਘ ਗਿਆ। ਸੱਤਵੀਂ ਜਮਾਤੇ ਚੜ੍ਹਿਆ ਹੀ ਸਾਂ ਕਿ ਸਾਡਾ ਉਸਤਾਦ ਬਦਲ ਗਿਆ। ਨਵੇਂ ਆਏ ਪੰਡਤ ਸ਼ਿਵ ਦਿਆਲ ਜੀ ਕਸਬਾ 'ਸੰਬੜਿਆਲ' ਦੇ ਸਨ। ਸੰਬੜਿਆਲ ਸ਼ਹਿਰ ਸਿਆਲਕੋਟ ਤੋਂ ਬਾਰਾਂ ਮੀਲ ਲਹਿੰਦੇ ਪਾਸੇ ਹੈ। ਉੱਥੇ ਵੀ ਇੱਕ ਮਿਡਲ ਸਕੂਲ ਸੀ ਤੇ ਪੰਡਤ ਸ਼ਿਵ ਦਿਆਲ ਜੀ ਉਸੇ ਸਕੂਲ ਵਿੱਚੋਂ ਬਦਲ ਕੇ ਆਏ ਸਨ।

ਮਿਡਲ ਦੀਆਂ ਜਮਾਤਾਂ ਵਿੱਚ ਉਕਲੈਦਸ (Euclid) ਪੜ੍ਹਾਈ ਜਾਂਦੀ ਸੀ, ਤਿੰਨ ਕਿਤਾਬਾਂ, ਹਰੇਕ ਸਾਲ ਵਿੱਚ ਇੱਕ ਕਿਤਾਬ। ਅਸੀਂ ਛੇਵੀਂ ਜਮਾਤ ਵਿੱਚ ਉਕਲੈਦਸ (Euclid) ਦੀ ਪਹਿਲੀ ਕਿਤਾਬ ਪੜ੍ਹ ਚੁੱਕੇ ਸਾਂ।

ਪੰਡਤ ਜੀ ਨੇ ਪਹਿਲੇ ਦਿਨ ਆ ਕੇ ਇਸ ਮਜ਼ਮੂਨ ਵਿੱਚੋਂ ਸਾਡੀ ਜਮਾਤ ਦਾ ਇਮਤਿਹਾਨ ਲਿਆ। ਤਖ਼ਤਾ-ਸਿਆਹ (ਬਲੈਕ-ਬੋਰਡ) ਉੱਤੇ ਉਹਨਾਂ ਨੇ ਪਹਿਲੀ ਕਿਤਾਬ ਦੀ ਪੰਜਵੀਂ ਸ਼ਕਲ ਵਾਹ ਦਿੱਤੀ। ਕਿਤਾਬ ਵਿੱਚ ਤਾਂ ਅਲਫ਼, ਬੇ, ਜੀਮ ਆਦਿਕ ਨਾਮ ਦਿੱਤੇ ਹੋਏ ਸਨ, ਉਹਨਾਂ ਸਿਰਫ਼ ਸ਼ਕਲ ਹੀ ਖਿੱਚ ਦਿੱਤੀ, ਇਹ ਨਾਮ ਆਦਿਕ ਨਾ ਲਿਖੇ। ਸਾਰੀ ਜਮਾਤ ਇੱਕ ਗੋਲਦਾਇਰੇ ਵਿੱਚ ਬਿਠਾਈ ਹੋਈ ਸੀ। ਮੈਂ ਇੱਕ ਸਿਰੇ 'ਤੇ ਬੈਠਾ ਹੋਇਆ ਸੀ। ਪੰਡਤ ਜੀ ਨੇ ਦੂਜੇ ਸਿਰੇ ਵੱਲੋਂ ਸ਼ੁਰੂ ਕੀਤਾ। ਮੁੰਡਿਆਂ ਨੇ ਕਿਤਾਬ ਉੱਤੇ ਅਲਫ਼, ਬੇ, ਜੀਮ ਆਦਿ ਅੱਖਰਾਂ ਦਾ ਘੋਟਾ ਲਾਇਆ ਹੋਇਆ ਸੀ। ਉਸੇ ਤਰ੍ਹਾਂ ਸੁਣਾਉਣ ਲੱਗ ਪਏ। ਪਰ ਪੰਡਤ ਜੀ ਕਹਿਣ ਕਿ ਮੈਂ ਤਖ਼ਤਾ-ਸਿਆਹ ਉੱਤੇ ਕਿਤੇ ਵੀ ਇਹ ਅੱਖਰ ਨਹੀਂ ਲਿਖੇ ਹੋਏ। ਹਰੇਕ ਮੁੰਡੇ ਨੇ ਉਹੀ ਘੋਟਾ ਲਾਇਆ ਹੋਇਆ ਸੁਣਾਇਆ ਤੇ ਪੰਡਤ ਜੀ ਦੀ ਤਸੱਲੀ ਨਾ ਹੋਈ।

ਅਖ਼ੀਰ 'ਤੇ ਮੇਰੀ ਵਾਰੀ ਆਈ। ਮੈਂ ਚਾਕ ਦੀ ਡਲੀ ਹੱਥ ਵਿੱਚ ਲੈ ਕੇ ਬਲੈਕ-ਬੋਰਡ ਦੇ ਕੋਲ ਜਾ ਖਲੋਤਾ ਤੇ ਲਕੀਰੀ ਹੋਈ ਸ਼ਕਲ ਉੱਤੇ ਨਿਸ਼ਾਨ ਲਾ-ਲਾ ਕੇ ਸੁਣਾਉਣ ਲੱਗ ਪਿਆ। ਸਾਰੀ ਸ਼ਕਲ ਮੈਂ ਇਸੇ ਤਰ੍ਹਾਂ ਸੁਣਾ ਦਿੱਤੀ। ਕਿਤਾਬ ਵਾਲੇ ਅੱਖਰ ਮੈਂ ਕਿਤੇ ਵੀ ਨਾ ਵਰਤੇ।

ਪੰਡਤ ਜੀ ਸੁਣ ਕੇ ਬੜੇ ਹੀ ਖ਼ੁਸ਼ ਹੋਏ। ਉਹਨਾਂ ਜਾਚ ਲਿਆ ਕਿ ਸਾਰੀ ਜਮਾਤ ਵਿੱਚੋਂ ਇਹੀ ਲੜਕਾ ਉੱਘੜਨ ਵਾਲ਼ਾ ਹੈ। ਸੰਬੜਿਆਲ ਸਕੂਲ ਦੇ ਵਿਦਿਆਰਥੀ ਦੋ-ਚਾਰ ਸਾਲਾਂ ਤੋਂ ਯੂਨੀਵਰਸਿਟੀ ਦੇ ਇਮਤਿਹਾਨ ਵਿੱਚ ਨਿੱਤਰਦੇ ਆ ਰਹੇ ਸਨ। ਪੰਡਤ ਜੀ ਨੇ ਉਹਨਾਂ ਦੀਆਂ ਲਿਖੀਆਂ ਕਾਪੀਆਂ ਲਿਆ ਕੇ ਮੈਨੂੰ ਸਹੀ ਮਿਹਨਤ ਕਰਨ ਦੇ ਰਸਤੇ ਪਾਇਆ।

ਮੈਂ ਸਾਰੀ ਜਮਾਤ ਵਿੱਚੋਂ ਸਰੀਰ ਦਾ ਕਮਜ਼ੋਰ ਤੇ ਕੱਦੋਂ ਛੋਟਾ ਸਾਂ। ਕਦੇ-ਕਦੇ ਹੱਸ ਕੇ ਪੰਡਤ ਜੀ ਆਖਿਆ ਕਰਨ—"ਨੱਥੂ ਰਾਮਾ! ਅਗਾਂਹ ਤੇਰੇ ਪੁੱਤਰ ਢਾਂਗਿਆਂ ਨਾਲ਼ ਬਤਾਊਂ ਲਾਹਿਆ ਕਰਨਗੇ।"

## ਹਾਈ ਸਕੂਲ ਵਿੱਚ ਦਾਖ਼ਲਾ :

ਪੜ੍ਹਾਈ ਵਿੱਚ ਮੇਰੀ ਸੋਭਾ ਸੁਣ ਕੇ ਮੇਰੇ ਪਿਤਾ ਨੇ ਮੈਨੂੰ ਪਸਰੂਰ ਹਾਈ ਸਕੂਲ ਵਿੱਚ ਦਾਖ਼ਲ ਕਰਾ ਦਿੱਤਾ। ਇਹ ਛਾਲ ਮੇਰੇ ਪਿਤਾ ਨੇ ਆਪਣੀ ਵਿੱਤੋਂ ਵਧ ਕੇ ਮਾਰੀ ਸੀ ਕਿਉਂਕਿ ਘਰ ਵਿੱਚ ਗ਼ਰੀਬੀ ਬਹੁਤ ਜ਼ਿਆਦਾ ਸੀ। ਉਹਨੀਂ ਦਿਨੀਂ ਸਾਰੇ ਜ਼ਿਲ੍ਹਾ ਸਿਆਲਕੋਟ ਵਿੱਚ ਸਿਰਫ਼

ਚਾਰ ਹਾਈ ਸਕੂਲ ਸਨ—ਇੱਕ ਪਸਰੂਰ ਤੇ ਤਿੰਨ ਸ਼ਹਿਰ ਸਿਆਲਕੋਟ ਵਿੱਚ। ਉਹਨਾਂ ਤਿੰਨ ਸਕੂਲਾਂ ਵਿੱਚ ਇੱਕ ਗਵਰਨਮੈਂਟ ਹਾਈ ਸਕੂਲ ਸੀ ਤੇ ਦੋ ਈਸਾਈਆਂ ਦੇ ਸਨ। ਪਸਰੂਰ ਸਾਡੇ ਸਕੂਲ ਤੋਂ 20 ਮੀਲਾਂ ਉੱਤੇ ਸੀ। ਵਰਨੈਕੂਲਰ ਮਿਡਲ ਪਾਸ ਕਰ ਕੇ, ਹਾਈ ਸਕੂਲ ਵਿੱਚ ਦਾਖ਼ਲ ਹੋ ਕੇ, ਪਹਿਲੇ ਦੋ ਸਾਲ, ਸਿਰਫ਼ ਅੰਗਰੇਜ਼ੀ ਹੀ ਪੜ੍ਹਨੀ ਹੁੰਦੀ ਸੀ, ਜੂਨੀਅਰ ਸਪੈਸ਼ਲ ਅਤੇ ਸੀਨੀਅਰ ਸਪੈਸ਼ਲ ਵਿੱਚ। ਸੋ, ਮੈਂ ਪਸਰੂਰ ਜੂਨੀਅਰ ਸਪੈਸ਼ਲ ਜਮਾਤ ਵਿੱਚ ਜਾ ਦਾਖ਼ਲ ਹੋਇਆ। ਮੇਰਾ ਮਿਡਲ ਦਾ ਜਮਾਤੀ ਤੁਲਸੀ ਰਾਮ ਵੀ ਇਸੇ ਜਮਾਤ ਵਿੱਚ ਜਾ ਦਾਖ਼ਲ ਹੋਇਆ।

ਸਾਡਾ ਮਿਡਲ ਦਾ ਨਤੀਜਾ ਨਿਕਲਿਆ। ਮੈਂ ਰਾਵਲਪਿੰਡੀ ਡਿਵੀਜ਼ਨ ਵਿੱਚ ਪਹਿਲੇ ਦਰਜੇ 'ਤੇ ਆਇਆ ਤੇ ਮੈਨੂੰ ਛੇ ਰੁਪਏ ਮਹੀਨਾ ਵਜ਼ੀਫ਼ਾ ਮਿਲਿਆ। ਆਮ ਵਜ਼ੀਫ਼ਾ ਚਾਰ ਰੁਪਏ ਹੁੰਦਾ ਸੀ। 705 ਨੰਬਰਾਂ ਵਿੱਚੋਂ ਮੇਰੇ 613 ਨੰਬਰ ਆਏ ਸਨ।

### ਸ਼ਹਿਰ ਪਸਰੂਰ ਵਿੱਚ ਮਜ਼ਹਬੀ ਜਥੇਬੰਦੀਆਂ :

ਪਸਰੂਰ ਵਿੱਚ ਬਹੁਤੀ ਵੱਸੋਂ ਕੱਕੇਜ਼ਈ ਮੁਸਲਮਾਨਾਂ ਦੀ ਸੀ। ਸਾਡੇ ਸਕੂਲ ਦੇ ਅੱਧੇ ਕੁ ਮੀਲ ਦੀ ਵਿੱਥ ਉੱਤੇ ਰੱਈਏ ਨੂੰ ਜਾ ਰਹੀ ਸੜਕ ਉੱਤੇ ਈਸਾਈਆਂ ਦਾ ਇੱਕ ਵੱਡਾ ਗੜ੍ਹ ਸੀ। ਉੱਥੇ ਕਈ ਸੌ ਯਤੀਮ ਕੁੜੀਆਂ-ਮੁੰਡੇ ਪਲ ਤੇ ਪੜ੍ਹ ਰਹੇ ਸਨ। ਸ਼ਹਿਰ ਦੇ ਅੰਦਰ ਆਰੀਆ ਸਮਾਜ ਦਾ ਮੰਦਰ ਸੀ, ਜਿੱਥੇ ਹਰ ਹਫ਼ਤੇ ਆਰੀਆ-ਸਮਾਜੀਆਂ ਦਾ ਜਲਸਾ ਹੋਇਆ ਕਰਦਾ ਸੀ। ਸੋ, ਉਸ ਸ਼ਹਿਰ ਵਿੱਚ ਇਹ ਤਿੰਨ ਵੱਡੀਆਂ ਮਜ਼ਹਬੀ ਜਥੇਬੰਦੀਆਂ ਸਨ। ਸਿੱਖਾਂ ਦੀ ਗਿਣਤੀ ਉੱਥੇ ਨਾਮ-ਮਾਤਰ ਹੀ ਸੀ। ਉਂਞ ਦੋ ਧਰਮਸ਼ਾਲਾਵਾਂ ਮੌਜੂਦ ਸਨ ਜਿੱਥੇ ਸੰਗਰਾਂਦ, ਮੱਸਿਆ, ਪੁੰਨਿਆ ਆਦਿ ਦੇ ਸਮੇਂ ਛੋਟੇ-ਛੋਟੇ ਇਕੱਠ ਹੋਇਆ ਕਰਦੇ ਸਨ ਤੇ ਕਦੇ-ਕਦੇ ਸਕੂਲ ਦੇ ਸਿੱਖ ਵਿਦਿਆਰਥੀ ਵੀ ਆਪਣੀ 'ਭੁਜੰਗੀ ਸਭਾ' ਦੀ ਇਕੱਤਰਤਾ ਉੱਥੇ ਜਾ ਕਰਦੇ ਸਨ।

### ਸੰਸਕ੍ਰਿਤ ਪੜ੍ਹਨ ਦਾ ਸ਼ੌਕ :

ਉੱਥੋਂ ਦੇ ਮੁਸਲਮਾਨਾ, ਈਸਾਈਆਂ ਤੇ ਆਰੀਆ-ਸਮਾਜ ਦੇ ਆਗੂਆ ਨੇ ਸਹਿਰ ਵਿੱਚ ਇੱਕ ਸਾਂਝਾ ਜਲਸਾ ਕਰਨ ਦਾ ਪ੍ਰਬੰਧ ਕੀਤਾ ਜਿਸ ਵਿੱਚ ਉਹਨਾਂ ਵੱਲੋਂ ਬਾਹਰੋਂ ਸੱਦੇ ਧਰਮ-ਪ੍ਰਚਾਰਕਾਂ ਨੇ ਆ ਕੇ ਆਪੋ-ਆਪਣੇ ਧਰਮਾਂ ਦੀ ਮਹੱਤਤਾ ਦੱਸੀ। ਆਰੀਆ-ਸਮਾਜ ਦਾ ਪ੍ਰਚਾਰਕ ਆ ਕੇ ਪਸਰੂਰ ਪੰਦਰਾਂ ਕੁ ਦਿਨ ਟਿਕਿਆ ਰਿਹਾ। ਹਰ ਰੋਜ਼ ਪਿਛਲੇ ਪਹਿਰ ਆਰੀਆ-ਸਮਾਜ ਦੇ ਮੰਦਰ ਵਿੱਚ ਜਲਸਾ ਹੁੰਦਾ ਸੀ ਤੇ ਉਹ ਪ੍ਰਚਾਰਕ ਲੈੱਕਚਰ ਕਰਿਆ ਕਰਦਾ ਸੀ। ਆਪਣੇ ਲੈੱਕਚਰ ਵਿੱਚ ਉਹ ਹਰ ਰੋਜ ਸੰਸਕ੍ਰਿਤ ਦੇ ਸਲੋਕ ਭੀ ਸੁਣਾਇਆ ਕਰਦਾ ਸੀ। ਸਮਝਣ ਵੱਲੋਂ ਤਾ ਮੇਰੇ ਭਾ ਦੇ ਉਹ ਕੁੱਜੇ ਵਿੱਚ ਰੋੜ ਹੀ ਖੜਕਾਏ ਜਾਂਦੇ ਸਨ ਪਰ ਮੈਨੂੰ ਸੰਸਕ੍ਰਿਤ ਬੋਲੀ ਮਿੱਠੀ ਲੱਗਣ ਲੱਗ ਪਈ। ਪੰਦਰ੍ਹਾਂ ਦਿਨਾ ਵਿੱਚ ਹੀ ਸੰਸਕ੍ਰਿਤ ਵੱਲ ਮੇਰੀ ਖਿੱਚ ਵਧ ਗਈ। ਮੈਂ ਫ਼ੈਸਲਾ ਕਰ ਲਿਆ ਕਿ ਨੌਂਵੀਂ ਜਮਾਤ ਵਿੱਚ ਚੜ੍ਹ ਕੇ ਮੈਂ ਫ਼ਾਰਸੀ ਦੀ ਥਾਂ ਸੰਸਕ੍ਰਿਤ ਪੜ੍ਹਾਂਗਾ। ਤਦੋਂ ਤੱਕ ਮੈਂ ਉਰਦੂ-ਫ਼ਾਰਸੀ ਹੀ ਜਾਣਦਾ ਸਾਂ। ਗੁਰਮੁਖੀ ਅੱਖਰ ਮੈਂ ਸਿੱਖ ਬਣਨ ਤੋਂ ਅਗਲੇ ਹੀ ਦਿਨ ਸਿੱਖ ਲਏ ਤੇ ਗੁਟਕੇ ਤੋਂ ਬਾਣੀ ਦਾ ਪਾਠ ਕਰਨਾ ਭੀ ਸ਼ੁਰੂ ਕਰ ਦਿੱਤਾ ਸੀ।

ਹੁਣ ਮੈਂ ਦੇਵਨਾਗਰੀ ਦੇ ਅੱਖਰ ਵੀ ਇੱਕ-ਦੋ ਦਿਨਾਂ ਵਿੱਚ ਹੀ ਸਿੱਖ ਲਏ। ਭਰਾ ਅਮਰ ਸਿੰਘ ਤਦੋਂ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸ ਨੇ ਵਰਜਿਆ। ਕਈ ਜਮਾਤੀਆ ਨੇ ਵੀ ਸਮਝਾਇਆ ਕਿ ਨਵਾ ਮਜ਼ਮੂਨ ਤਿੰਨ ਮਹੀਨਿਆ ਵਿੱਚ ਤਿਆਰ ਨਹੀਂ ਹੋ ਸਕੇਗਾ। ਮੁੰਡੇ ਪੜ੍ਹਦੇ ਸਨ ਛੇਵੀਂ, ਸੱਤਵੀਂ, ਅੱਠਵੀਂ ਵਿੱਚ, ਤਿੰਨ ਸਾਲ ਪਰ ਮੇਰੇ ਅੰਦਰ ਸੀ ਲਗਨ ਸੰਸਕ੍ਰਿਤ ਦੀ। ਮੈਂ ਕਿਸੇ ਦੀ ਨਾ ਸੁਣੀ। ਮੈਂ ਸਕੂਲ ਵਿੱਚ ਸੰਸਕ੍ਰਿਤ ਪੜ੍ਹਾਉਣ ਵਾਲੇ ਪੰਡਤ ਜੀ ਪਾਸ ਗਿਆ; ਉਹਨਾਂ ਮੇਰਾ ਹੌਸਲਾ ਵਧਾਇਆ। ਮੈਨੂੰ ਉਹਨਾਂ ਨੇ 'ਲਘੂ ਕੌਮੁਦੀ' ਅਤੇ 'ਅਮਰ ਕੋਸ਼' ਇਹ ਦੋ ਕਿਤਾਬਾਂ ਪੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਅੰਗਰੇਜ਼ੀ ਵਾਸਤੇ ਵਧੀਕ ਵਕਤ ਦੇਣ ਦੀ ਮੈਨੂੰ ਖ਼ਾਸ ਲੋੜ ਨਹੀਂ ਸੀ। ਮੈਂ ਸਾਰਾ ਹੀ ਦਿਨ ਸੰਸਕ੍ਰਿਤ ਦੀ ਪੜ੍ਹਾਈ ਉੱਤੇ ਖ਼ਰਚ ਕਰਨ ਲੱਗ ਪਿਆ। ਤਿੰਨ ਮਹੀਨਿਆ ਵਿੱਚ ਮੈਂ ਉਹ ਕੁਝ ਸਿੱਖ ਲਿਆ ਜੋ ਮੁੰਡੇ ਤਿੰਨ ਸਾਲ ਵਿੱਚ ਨਹੀਂ ਸਨ ਸਿੱਖ ਸਕੇ। ਨੌਂਵੀਂ ਜਮਾਤ ਵਿੱਚ ਮੈਂ ਫ਼ਾਰਸੀ ਦੀ ਥਾਂ ਸੰਸਕ੍ਰਿਤ ਲੈ ਲਈ। ਪਹਿਲੇ ਹੀ ਤ੍ਰਿਮਾਸਿਕ ਇਮਤਿਹਾਨ ਵਿੱਚ ਮੈਂ ਆਪਣੀ ਜਮਾਤ ਵਿੱਚੋਂ ਪਹਿਲੇ ਦਰਜੇ 'ਤੇ ਆਇਆ। ਹੁਣ ਪੰਡਤ ਜੀ ਨੇ ਹੋਰ ਵਧੀਕ ਸ਼ੌਕ ਨਾਲ ਮੇਰੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ।

### ਫੇਰ ਨੌਕਰੀ ਦੀ ਭਾਲ਼ ਵਿੱਚ :

ਸਾਡੇ ਦੇਸ ਦਾ ਅਖਾਣ ਹੈ— ਚੋਰੀ, ਯਾਰੀ, ਚਾਕਰੀ ਬਾਝ ਵਸੀਲੇ ਨਾਹਿ। ਮੇਰਾ ਇੱਕ ਜਮਾਤੀ ਸੀ ਗੰਡਾ ਮੱਲ। ਅਸਾਂ ਇਕੱਠਿਆਂ ਹੀ ਦਸਵੀਂ ਪਾਸ ਕੀਤੀ ਸੀ। ਗੰਡਾ ਮੱਲ ਦੇ ਦੋ ਭਰਾ ਲਾਹੌਰ ਨੌਕਰ ਸਨ, ਉਹ ਉਹਨਾਂ ਦੇ ਆਸਰੇ ਲਾਹੌਰ ਡੀ. ਏ. ਵੀ. ਕਾਲਜ ਵਿੱਚ ਜਾ ਦਾਖ਼ਲ ਹੋਇਆ। ਮੈਂ ਲਾਹੌਰ ਗੰਡਾ ਮੱਲ ਨੂੰ ਜਾ ਮਿਲਿਆ। ਉਸ ਦੇ ਭਰਾਵਾ ਨੇ ਮੇਰੇ ਵਾਸਤੇ ਪੂਰੀ ਵਾਹ ਲਾਈ ਪਰ ਕਿਤੇ ਵੀ ਨਹੁੰ ਨਾ ਅੜਿਆ। ਪੂਰਾ ਇੱਕ ਮਹੀਨਾ ਰਾਹਾਂ ਦਾ ਘੱਟਾ ਛਾਣਿਆ। ਮੇਰੀ ਰੋਟੀ ਤੇ ਰਹਾਇਸ਼ ਦੀ ਖੇਚਲ਼ ਗੰਡਾ ਮੱਲ ਭਰਾਵਾਂ ਨੂੰ ਸਹਾਰਨੀ ਪਈ।

ਲਾਹੌਰੋਂ ਹੱਥ ਝਾੜ ਕੇ ਅੰਮ੍ਰਿਤਸਰ ਆਇਆ। ਕਲਾਸ ਵਾਲੇ ਅਧਿਆਪਕ ਗਿਆਨੀ ਕਰਤਾਰ ਸਿੰਘ ਜੀ ਇੱਥੇ ਖ਼ਾਲਸਾ ਯਤੀਮਖ਼ਾਨੇ ਵਿੱਚ ਰਹਿੰਦੇ ਸਨ। ਮੇਰੇ 'ਤੇ ਉਹ ਬੜੇ ਮਿਹਰਬਾਨ ਸਨ। ਮੈਂ ਉਹਨਾਂ ਨੂੰ ਮਿਲਿਆ। ਉਹਨਾਂ ਵੀ ਮੇਰੇ ਵਾਸਤੇ ਬੜੀ ਦੌੜ-ਭੱਜ ਕੀਤੀ ਪਰ ਕਿਤੇ ਵੀ ਕੁਝ ਨਾ ਬਣਿਆ।

ਮੈਨੂੰ ਅਜੇ ਤੱਕ ਚੇਤੇ ਹੈ ਕਿ ਆਖ਼ਰ ਆਸ ਮੁਕਾ ਕੇ ਇੱਕ ਦਿਨ ਮੈਂ ਰਾਮ ਬਾਗ ਦੇ ਇੱਕ ਰੁੱਖ ਹੇਠ ਬਹਿ ਕੇ ਬੜਾ ਰੋਇਆ, ਬੜੇ ਗਿਲ਼ੇ ਕੀਤੇ ਪਰਮਾਤਮਾ ਅੱਗੇ ਤੇ ਉਸ ਨੂੰ ਆਖਿਆ, 'ਆਹ ਲੈ ਫੜ ਮਾਲ਼ਾ ਆਪਣੀ, ਮੈਥੋਂ ਭੁੱਖਿਆਂ ਭਗਤਿ ਨਾ ਹੋਵੈ।'

## ਡਾਕਖ਼ਾਨਾ—ਗ਼ਰੀਬੀ ਦੀ ਸਮਝ :

ਸੰਨ 1910 ਈਸਵੀ ਦਾ ਅੱਧ ਲੰਘ ਚੁੱਕਿਆ ਹੋਇਆ ਸੀ। ਮੈਂ ਡਾਕਖ਼ਾਨੇ ਦੇ ਮਹਿਕਮੇ ਵਿੱਚ ਦਰਖ਼ਾਸਤ ਭੇਜੀ। ਮੈਨੂੰ ਸੱਦਾ ਆ ਗਿਆ, ਇਮਤਿਹਾਨ ਦੇਣ ਲਈ। ਸਿਆਲਕੋਟ ਸਾਡੇ ਪਿੰਡ ਤੋਂ ਚਾਲੀ ਮੀਲ ਸੀ। ਅੱਧ ਵਿੱਚ ਸੀ ਪਸਰੂਰ ਜਿੱਥੇ ਚਾਰ ਸਾਲ ਪੜ੍ਹਦਾ ਰਿਹਾ ਸਾਂ। ਘਰੋਂ ਤੁਰਨ ਵੇਲ਼ੇ ਹੋਸ਼ ਆਈ ਕਿ ਮੈਂ ਸਾਰਾ ਪੈਂਡਾ ਚਾਲ਼ੀ-ਮੀਲ ਤੁਰ ਕੇ ਹੀ ਜਾਵਾਂ ਤਾਂ ਵੀ ਡਾਕਖ਼ਾਨੇ ਦਾ ਕੰਮ ਸਿੱਖਣ ਵਾਸਤੇ, ਮੈਨੂੰ ਸ਼ਹਿਰ ਸਿਆਲਕੋਟ ਵਿੱਚ ਰੋਟੀ ਖਾਣ ਵਾਸਤੇ ਤਾਂ ਥੋੜ੍ਹੇ-ਬਹੁਤ ਪੈਸੇ ਚਾਹੀਦੇ ਹੀ ਹਨ। ਮੇਰੇ ਛੋਟੇ ਵੀਰ ਦੁਕਾਨ ਕਰਦੇ ਸਨ। ਪਰ ਹੱਟੀ ਵਿੱਚ ਨਕਦ ਰਕਮ ਉਸ ਵੇਲ਼ੇ ਕੋਈ ਨਹੀਂ ਸੀ। ਮੇਰੀ ਮਾਂ ਸੌਖੇ ਲੋਕਾਂ ਦੇ ਕਈ ਘਰਾਂ ਵਿੱਚ ਗਈ ਪਰ ਕਿਸੇ ਨੇ ਮਦਦ ਨਾ ਕੀਤੀ। ਕਰਦਾ ਵੀ ਕੌਣ ? ਅਸੀਂ ਸਾਂ ਗ਼ਰੀਬ ਜਿਨ੍ਹਾਂ ਤੋਂ ਉਹਨਾਂ ਨੂੰ ਸ਼ਾਇਦ ਇਹ ਉਧਾਰ ਛੇਤੀ ਮੁੜਨ ਦੀ ਆਸ ਨਹੀਂ ਬੱਝਦੀ ਹੋਣੀ।

ਆਖ਼ਰ ਮੇਰੀ ਮਾਂ ਨੇ ਉਸ ਜਨਾਨੀ ਤੋਂ ਉਧਾਰ ਦੋ ਰੁਪਏ ਦਾ ਤਰਲਾ ਮਾਰਿਆ ਜੋ ਸਾਡੇ ਘਰ ਦਾ ਕੂੜਾ ਸੁੱਟਦੀ ਸੀ। ਉਸ ਦਾ ਨਾਮ ਸੀ ਭਾਨੀ। ਭਾਨੀ ਦੇ ਮਨ ਵਿੱਚ ਰੱਬ ਨੇ ਮਿਹਰ ਪਾਈ ਤੇ ਉਸ ਨੇ ਆਪਣੇ ਘਰੋਂ ਦੋ ਰੁਪਏ ਲਿਆ ਦਿੱਤੇ।

ਮੇਰੀ ਜੁੱਤੀ ਟੁੱਟੀ ਹੋਈ ਸੀ, ਨਵੀਂ ਬਣਵਾਈ। ਘਰੋਂ ਤੁਰ ਪਿਆ, ਨਵੀਂ ਜੁੱਤੀ ਪਾਈ। ਕੁਝ ਮੀਲ ਪੈਂਡਾ ਕਰ ਕੇ ਪੈਰੀਂ ਛਾਲੇ ਪੈ ਗਏ। ਨਵੀਂ ਲਾਹ ਕੇ ਪੱਲੇ ਬੰਨ੍ਹ ਲਈ, ਤੇ ਪੁਰਾਣੀ ਪਾ ਲਈ। ਪੁਰਾਣੀ ਹੇਠੋਂ ਟੁੱਟੀ ਹੋਈ ਸੀ। ਅੱਡੀਆ ਦੇ ਹੇਠ ਵੀ ਛਾਲੇ ਪੈ ਗਏ। ਉਹ ਭੀ ਲਾਹ ਲਈ ਹੁਣ ਨੰਗੇ ਪੈਰੀਂ ਤੁਰਿਆ। ਪੈਰਾਂ ਦੇ ਹੇਠਲੇ ਛਾਲੇ ਪੀੜ ਕਰਨ। ਤੁਰਿਆ ਨਾ ਜਾਏ। ਪੈਂਡਾ ਅਜੇ ਵੀ ਢਾਈ-ਤਿੰਨ ਮੀਲ ਰਹਿੰਦਾ ਸੀ। ਰੋਂਦੇ ਹੋਏ ਨੇ ਪੈਂਡਾ ਬੜੇ ਮੰਦੇ ਹਾਲ ਵਿੱਚ ਮੁਕਾਇਆ।

ਮੈਨੂੰ ਅੱਜ ਸਮਝ ਆਈ ਕਿ ਅਸੀਂ ਗ਼ਰੀਬ ਹਾਂ। ਮੈਨੂੰ ਅੱਜ ਪਤਾ ਲੱਗਾ ਕਿ ਗ਼ਰੀਬ ਕਿਵੇਂ ਗਲੀਆਂ ਦੇ ਕੱਖਾਂ ਵਾਂਗ ਰੁਲ਼ਦੇ ਹਨ।

ਆਖ਼ਰ ਮੈਂ ਪਸਰੂਰ ਪਹੁੰਚ ਗਿਆ, ਉਹ ਪਸਰੂਰ ਜਿੱਥੇ ਮੈਂ ਚਾਰ ਸਾਲ ਪੜ੍ਹਦਾ ਰਿਹਾ ਸਾਂ। ਮੈਂ ਸਕੂਲ ਦੇ ਬੋਰਡਿੰਗ-ਹਾਊਸ ਦੇ ਸਾਹਮਣੇ ਰੱਈਏ ਤੇ ਸਿਆਲਕੋਟ ਨੂੰ ਜਾਣ ਵਾਲ਼ੀ ਸੜਕ ਉੱਤੇ ਖੜ੍ਹਾ ਸਾਂ। ਇਸ ਬੋਰਡਿੰਗ-ਹਾਊਸ ਵਿੱਚੋਂ ਗਿਆਂ ਮੈਨੂੰ ਅਜੇ ਸਵਾ ਕੁ ਸਾਲ ਹੀ ਹੋਇਆ ਸੀ। ਬਥੇਰੇ ਮੁੰਡੇ ਵਾਕਫ਼ ਸਨ, ਬਥੇਰੇ ਉਸਤਾਦ ਵਾਕਫ਼ ਸਨ। ਪੰਡਤ ਵਿਤਸਤਾ ਪ੍ਰਸਾਦ ਜੀ ਉੱਥੋਂ ਜਾ ਚੁੱਕੇ ਹੋਏ ਸਨ, ਲਾਹੌਰ। ਗ਼ਰੀਬੀ ਦੀ ਅੱਜ ਦੀ ਹੱਡ-ਬੀਤੀ ਨੇ ਮੈਨੂੰ ਬੇਦਿਲ ਕਰ ਦਿੱਤਾ ਸੀ। ਸ਼ਾਮ ਪੈ ਗਈ ਸੀ। ਮੈਂ ਰਾਤ ਕੱਟਣ ਵਾਸਤੇ ਬੋਰਡਿੰਗ-ਹਾਊਸ ਦੇ ਸਾਮ੍ਹਣੇ ਸੜਕ ਉੱਤੇ ਭੁੰਞੇ ਲੰਮਾ ਪੈ ਗਿਆ। ਥੱਕ ਕੇ ਚੂਰ ਹੋਇਆ ਪਿਆ ਸਾਂ। ਬੋਰਡਿੰਗ-ਹਾਊਸ ਉੱਥੋਂ ਅੱਧਾ ਕੁ ਫ਼ਰਲਾਂਗ ਹੀ ਸੀ।

ਮੇਰੇ ਦਿਨ ਪਰਤਣ ਉੱਤੇ ਆ ਰਹੇ ਸਨ। ਮੇਰੀ ਕੋਲ਼ੋਂ ਦੀ ਲੰਘੇ, ਸਕੂਲ ਦੇ ਇੱਕ ਮਾਸਟਰ ਜੀ, ਸ. ਪਰਗਟ ਸਿੰਘ ਉਹਨਾਂ ਦਾ ਨਾਮ ਸੀ। ਸਾਰੇ ਸਕੂਲ ਵਿੱਚ ਸਿਰਫ਼ ਇਹ ਇੱਕੋ ਹੀ ਸਿੱਖ ਅਧਿਆਪਕ ਸਨ, ਡ੍ਰਿਲ ਮਾਸਟਰ। ਮੈਂ ਉਹਨਾਂ ਦੀ ਨਜ਼ਰੀਂ ਪੈ ਗਿਆ। ਬੜੇ ਹੀ ਹੈਰਾਨ ਹੋ ਕੇ ਖਲੋ ਗਏ। ਕਹਿਣ ਲੱਗੇ, "ਸਾਹਿਬ ਸਿੰਘ, ਕੀ ਤੇਰਾ ਖ਼ਿਆਲ ਹੈ ਕਿ ਇੱਕ ਸਾਲ ਵਿੱਚ ਹੀ ਤੇਰਾ ਇੱਥੇ ਕੋਈ ਵਾਕਫ਼ ਨਹੀਂ ਰਹਿ ਗਿਆ ?" ਉਹਨਾਂ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਮੈਂ ਰੋ ਪਿਆ ਤੇ ਆਪਣੀ ਹੱਡ-ਬੀਤੀ ਉਹਨਾਂ ਨੂੰ ਸੁਣਾਈ। ਬੋਰਡਿੰਗ-ਹਾਊਸ ਦੇ ਨਾਲ਼ ਹੀ ਸੀ, ਜੈਲ ਘਰ। ਉਸ ਵਿੱਚ ਉਹ ਰਹਿੰਦੇ ਸਨ। ਉਹ ਮੈਨੂੰ ਆਪਣੇ ਨਾਲ਼ ਆਪਣੇ ਡੇਰੇ ਲੈ ਗਏ।

ਸਵੇਰੇ ਮੈਨੂੰ ਪੁੱਛਣ ਲੱਗੇ, ਸਾਹਿਬ ਸਿੰਘ ਤੂੰ ਅਗਾਂਹ ਸਿਆਲਕੋਟ ਕਿਵੇਂ ਪਹੁੰਚਣਾ ਹੈਂ ? ਮੈਂ ਆਖਿਆ, "ਜੀ ਤੁਰਦਿਆਂ।" ਮਾਸਟਰ ਜੀ ਨੇ ਕਿਹਾ, "ਮੈਂ ਤੈਨੂੰ ਤੁਰਦੇ ਨੂੰ ਨਹੀਂ ਜਾਣ ਦਿਆਂਗਾ।" ਉਹਨਾ ਮੈਨੂੰ ਦੋ ਰੁਪਏ ਦਿੱਤੇ ਤੇ ਆਪ ਜਾ ਕੇ ਮੈਨੂੰ ਯੱਕੇ 'ਤੇ ਬਿਠਾ ਆਏ। ਕਿਤਨਾ ਪਿਆਰ-ਭਰਿਆ ਦਿਲ ਸੀ, ਉਹਨਾਂ ਦਾ। ਅੱਜ ਅਠਵੰਜਾ ਸਾਲ ਬੀਤਣ ਲੱਗੇ ਹਨ। ਮਾਸਟਰ ਪਰਗਟ ਸਿੰਘ ਜੀ ਇਸ ਚੱਲਦੀ ਸਰਾਂ ਤੋਂ ਜਾ ਚੁੱਕੇ ਹਨ ਪਰ ਉਹਨਾਂ ਦਾ ਉਹ ਪਿਆਰ ਮੈਨੂੰ ਅਜੇ ਤੱਕ ਚੇਤੇ ਹੈ। ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲ਼ੇ ਸਨ, ਮਾਸਟਰ ਜੀ।

## ਨਵੀਆਂ ਪੀਂਘਾਂ :

ਸਾਡੇ ਪਿੰਡ ਥਰਪਾਲ ਤੋਂ ਤਸੀਲ ਰੱਈਆ ਦੇ ਡਾਕਖ਼ਾਨੇ ਆਉਂਦਿਆਂ ਰਸਤੇ ਵਿੱਚ ਇੱਕ ਹੋਰ ਪਿੰਡ ਵੀ ਹੈ, ਮੱਤੇ ਕੀ। ਇਸ ਪਿੰਡ ਵਿੱਚ ਇੱਕ ਮੁੰਡਾ ਸੀ ਮੁਹੰਮਦ ਅਸ਼ਰਫ਼। ਅਸਾਂ ਇਕੱਠਿਆਂ ਹੀ ਪਸਰੂਰ ਤੋਂ ਦਸਵੀਂ ਪਾਸ ਕੀਤੀ ਸੀ। ਇਸ ਦੇ ਮਾਪੇ ਸੌਖੇ ਸਨ, ਪੈਸੇ ਵਾਲ਼ੇ ਵੀ ਤੇ ਜ਼ਮੀਨ ਵਾਲ਼ੇ ਵੀ। ਮੁਹੰਮਦ ਅਸ਼ਰਫ਼ ਲਾਹੌਰ ਕਿਸੇ ਕਾਲਜ ਵਿੱਚ ਜਾ ਦਾਖ਼ਲ ਹੋਇਆ ਸੀ। ਦੋ ਸਾਲ ਮੈਂ ਤਾਂ ਏਧਰ-ਉੱਧਰ ਟੱਕਰਾਂ ਮਾਰਦਾ ਫਿਰਿਆ ਤੇ ਮੁਹੰਮਦ ਅਸਰਫ਼ ਐੱਫ਼. ਏ. ਦਾ ਇਮਤਿਹਾਨ ਦੇ ਕੇ ਆ ਗਿਆ। ਸੰਨ 1911 ਈਸਵੀ ਦਾ ਮਹੀਨਾ ਮਈ ਸੀ। ਅਸੀਂ ਹਰ ਰੋਜ਼ ਮਿਲ਼ਿਆ ਕਰੀਏ। ਜਦੋਂ ਮੈਂ ਡਾਕਖ਼ਾਨੇ ਤੋਂ ਵਿਹਲਾ ਹੋ ਜਾਂਦਾ ਸਾਂ, ਮੁਹੰਮਦ ਅਸਰਫ਼ ਉੱਥੇ ਆ ਪਹੁੰਚਦਾ ਸੀ ਤੇ ਅਸੀਂ ਦੋਵੇਂ ਸੈਰ ਨੂੰ ਇਕੱਠੇ ਜਾਇਆ ਕਰਦੇ ਸਾਂ। ਉਸ ਨੇ ਮੈਨੂੰ ਕਾਲਜ ਦੀ ਜ਼ਿੰਦਗੀ ਦੇ ਹਾਲਾਤ ਸੁਣਾਉਣੇ ਸ਼ੁਰੂ ਕਰ ਦਿੱਤੇ। ਮੇਰੇ ਅੰਦਰ ਖਿੱਚ ਪੈਣ ਲੱਗ ਪਈ ਕਿ ਕਿਵੇਂ ਨਾ ਕਿਵੇਂ ਮੈਂ ਵੀ ਕਾਲਜ ਵਿੱਚ ਦਾਖ਼ਲ ਹੋ ਸਕਾਂ ਪਰ—ਪੱਲੇ ਨਾ ਧੇਲਾ ਤੇ ਕਰਦੀ ਮੇਲਾ-ਮੇਲਾ।

ਅਗਸਤ ਦਾ ਮਹੀਨਾ ਸੀ, ਮੈਨੂੰ ਚੇਤਾ ਆ ਗਿਆ, ਪੰਡਤ ਵਿਤਸਤਾ ਪ੍ਰਸ਼ਾਦ ਜੀ ਦਾ। ਤਦੋਂ ਉਹ ਦਿਆਲ ਸਿੰਘ ਹਾਈ ਸਕੂਲ ਵਿੱਚ ਅਧਿਆਪਕ ਸਨ। ਮੈਂ ਉਹਨਾ ਨੂੰ ਇੱਕ ਲੰਮੀ ਚਿੱਠੀ ਲਿਖੀ, ਦਰਦ ਭਰੀ। ਉਸ ਵਿੱਚ ਮੈਂ ਆਪਣੇ ਦੋ ਸਾਲਾਂ ਦੇ ਝੱਲੇ ਹੋਏ ਦੁਖੜੇ ਲਿਖੇ ਤੇ ਨਵੀਆਂ ਤਾਂਘਾਂ ਦਾ ਜ਼ਿਕਰ ਵੀ ਕੀਤਾ। ਪੰਡਤ ਜੀ ਬੜੇ ਨਰਮ-ਦਿਲ ਸਨ। ਚੌਥੇ ਦਿਨ ਮੈਨੂੰ ਜਵਾਬ ਆ ਗਿਆ। ਲਿਖਿਓ ਨੇ ਕਿ ਛੇਤੀ

ਡਾਕਖ਼ਾਨੇ ਤੋਂ ਵਿਹਲਾ ਹੋ ਕੇ ਲਾਹੌਰ ਪਹੁੰਚ, ਮੈਂ ਤੇਰੀ ਕਾਲਜ ਦੀ ਪੜ੍ਹਾਈ ਦਾ ਪ੍ਰਬੰਧ ਕਰਾਂਗਾ। ਮੇਰਾ ਲੂੰ-ਲੂੰ ਖਿੜ ਪਿਆ ਤੇ ਮੈਂ ਪੰਡਤ ਜੀ ਦੀ ਚਿੱਠੀ ਮੁਹੰਮਦ ਅਸਰਫ਼ ਨੂੰ ਦਿਖਾਈ।

## ਅਸਤੀਫ਼ਾ :

ਤਸੀਲ ਦੇ ਵਸਨੀਕ, ਸਾਡੇ ਪਿੰਡ ਦੇ ਲੋਕ, ਲਾਂਭਾਂ ਦੇ ਨੇੜੇ ਦੇ ਪਿੰਡਾਂ ਦੇ ਲੋਕ, ਸਭ ਮੇਰੀ ਬਾਬਤ ਜਾਣਦੇ ਸਨ ਕਿ ਮੈਂ ਬੜੀ ਹੀ ਗ਼ਰੀਬੀ ਵਿੱਚ ਦਸਵੀਂ ਪਾਸ ਕੀਤੀ ਸੀ ਤੇ ਹੁਣ ਮਸਾਂ ਜਿਹੇ ਨੌਕਰੀ ਮਿਲ਼ੀ ਸੀ। ਲੋਕ ਮੇਰੇ ਨਾਲ਼ ਪਿਆਰ ਕਰਦੇ ਸਨ।

ਬੜੇ ਕਸ਼ਟ ਝੱਲ-ਝੱਲ ਕੇ ਮੈਨੂੰ ਰੁਜ਼ਗਾਰ ਮਿਲਿਆ ਸੀ। ਜੇ ਕਾਲਜ ਵਿੱਚ ਪੜ੍ਹਨ ਜਾਣਾ ਸੀ ਤਾਂ ਇਸ ਰੁਜ਼ਗਾਰ ਨੂੰ ਲੱਤ ਮਾਰ ਕੇ ਹੀ ਜਾਣਾ ਸੀ। ਮੈਨੂੰ ਘੜੀ-ਮੁੜੀ ਖ਼ਿਆਲ ਆਉਂਦਾ ਕਿ ਜੇ ਖ਼ਰਚ ਵੱਲੋਂ ਅਧਵਾਟੇ ਰਹਿ ਗਿਆ ਤਾਂ ਫੇਰ ਕੀ ਬਣੇਗਾ ? ਲੋਕਾਂ ਵੱਲੋਂ ਫਿਟਕਾਰ ਤੇ ਅਗਾਂਹ ਵਾਲ਼ਾ ਤੌਖਲਾ—ਇਹ ਦੋਵੇਂ ਮੂੰਹ ਪਾੜ ਕੇ ਡਰਾਉਣ ਲੱਗ ਪਏ।

ਮੈਂ ਡਾਕਖ਼ਾਨੇ ਆਪਣੀ ਕੁਰਸੀ ਉੱਤੇ ਬੈਠ ਕੇ ਅਸਤੀਫ਼ਾ ਲਿਖਣ ਲੱਗਾ। ਸਿਰਫ਼ ਚਾਰ ਸਤਰਾਂ ਲਿਖਣੀਆਂ ਸਨ ਪਰ ਦਿਲ ਕੰਬੇ, ਹੱਥ ਕੰਬਣ, ਮੁੜ-ਮੁੜ ਮਨ ਡਰੇ। ਫਿਰ ਸੋਚਾਂ ਫੁਰਨ ਕਿ ਅਸਤੀਫ਼ਾ ਲਿਖਣ ਤੋਂ ਬਿਨਾਂ ਕਾਲਜ ਵਾਲ਼ੇ ਸੁਪਨੇ ਪੂਰੇ ਨਹੀਂ ਹੋ ਸਕਣਗੇ। ਲੌਢੇ ਪਹਿਰ ਦੀ ਡਾਕ ਜਾਣ ਤੋਂ ਪਹਿਲਾਂ ਮਸਾਂ ਉਹ ਚਾਰ ਸਤਰਾਂ ਮੁੱਕੀਆਂ।

ਮੈਂ ਅਸਤੀਫ਼ਾ ਲਿਖ ਕੇ ਵੱਡੇ ਬਾਬੂ ਨੂੰ ਦੇ ਦਿੱਤਾ ਤੇ ਬੇਨਤੀ ਕੀਤੀ ਕਿ ਜਦ ਤੱਕ ਇਹ ਪਰਵਾਨ ਨਾ ਹੋਵੇ, ਇੱਥੇ ਕਿਸੇ ਨਾਲ਼ ਗੱਲ ਨਹੀਂ ਕਰਨੀ। ਮੈਨੂੰ ਫ਼ਿਕਰ ਸੀ ਕਿ ਲੋਕ ਮੈਨੂੰ ਫਿਟਕਾਰਾਂ ਪਾਣਗੇ। ਵੱਡਾ ਬਾਬੂ ਹੈਰਾਨ, ਡਾਕਖ਼ਾਨੇ ਦਾ ਚਿੱਠੀ-ਰਸਾਨ ਹੈਰਾਨ, ਉਹਨਾਂ ਦੀਆਂ ਨਜ਼ਰਾਂ ਵਿੱਚ ਮੈਂ ਭਾਰਾ ਮੂਰਖ ਸਾਂ, ਤਦੋਂ।

ਖ਼ੈਰ ਅਸਤੀਫ਼ਾ ਚਲਾ ਗਿਆ। ਇਹ ਅਗਸਤ ਦੇ ਅਖ਼ੀਰਲੇ ਦਿਨ ਸਨ।

ਇੱਕ ਨਿੱਜੀ ਚਿੱਠੀ ਮੈਂ ਡਾਕਖ਼ਾਨਿਆਂ ਦੇ ਸੁਪਰਡੈਂਟ ਵੱਲ ਵੀ ਲਿਖੀ। ਪਿਛਲੀਆਂ ਮਿਹਰਬਾਨੀਆਂ ਲਈ ਉਹਨਾਂ ਦਾ ਧੰਨਵਾਦ ਕੀਤਾ ਤੇ ਬੇਨਤੀ ਕੀਤੀ ਕਿ ਮੈਨੂੰ ਛੇਤੀ ਵਿਹਲਿਆਂ ਕਰ ਦਿੱਤਾ ਜਾਵੇ ਤਾਂ ਜੋ ਮੈਂ ਕਾਲਜ ਵਿੱਚ ਦਾਖ਼ਲ ਹੋਣੋਂ ਨਾ ਰਹਿ ਜਾਵਾਂ।

ਡਾਕਖ਼ਾਨਾ ਬੰਦ ਹੋਣ ਉੱਤੇ ਮੈਂ ਸਿੱਧਾ ਮੱਤੇ ਕੇ ਮੁਹੰਮਦ ਅਸਰਫ਼ ਕੋਲ਼ ਗਿਆ। ਅਸੀਂ ਦੋਵੇਂ ਰਲ਼ ਕੇ ਜਿਉਣ ਭਿੰਡਰ ਗਏ। ਓਥੇ ਭੀ ਸਾਡਾ ਇੱਕ ਜਮਾਤੀ ਸੀ, ਰਾਮ ਰੱਖਾ ਮੱਲ। ਰਾਮ ਰੱਖਾ ਮੱਲ ਐੱਫ਼. ਏ. ਵਿੱਚੋਂ ਪਾਸ ਹੋ ਗਿਆ ਸੀ ਪਰ ਵਿਚਾਰਾ ਅਸ਼ਰਫ਼ ਫ਼ੇਲ੍ਹ ਹੋ ਗਿਆ ਸੀ। ਰਾਮ ਰੱਖਾ ਮੱਲ ਵੀ ਮੇਰੀਆਂ ਇਹਨਾਂ ਸਲਾਹਾਂ ਵਿੱਚ ਸ਼ਾਮਲ ਸੀ। ਉਸ ਨੂੰ ਜਾ ਕੇ ਸਾਰੀ ਗੱਲ-ਬਾਤ ਸੁਣਾ ਦਿੱਤੀ।

## ਮੈਂ ਨੌਕਰੀ ਛੱਡਣ ਨੂੰ ਕਿਉਂ ਤਿਆਰ ਹੋਇਆ ?

ਬਣਿਆ-ਬਣਾਇਆ ਰੁਜ਼ਗਾਰ ਛੱਡ ਕੇ ਮੈਂ ਠੰਢੇ ਦੁੱਧ ਨੂੰ ਫੂਕਾਂ ਨਹੀਂ ਸਾਂ ਮਾਰਨ ਲੱਗਾ, ਨਾ ਹੀ ਮੈਨੂੰ ਕਾਲਜ ਦੇ ਰੰਗ-ਤਮਾਸ਼ਿਆਂ ਦੀ ਕੋਈ ਲਿਲ੍ਹ ਸੀ।

ਅਸਲ ਗੱਲ ਇਉਂ ਸੀ। ਘਰ ਰਹਿ ਕੇ ਮੈਨੂੰ ਪਤਾ ਲੱਗਣਾ ਸ਼ੁਰੂ ਹੋਇਆ ਕਿ 'ਅਸੀਂ' ਤਾਂ ਕਰਜ਼ਾਈ ਹਾਂ', ਭਾਰੇ ਕਰਜ਼ੇ ਹੇਠ ਨੱਪੇ ਹੋਏ ਹਾਂ। ਉਸ ਕਰਜ਼ੇ ਦਾ ਮਾਹਵਾਰੀ ਸੂਦ ਇਤਨਾ ਸੀ ਕਿ ਮੇਰੇ ਹਰ ਮਹੀਨੇ ਦੀ ਤਨਖ਼ਾਹ ਸਿਰਫ਼ ਸੂਦ ਵਾਸਤੇ ਭੀ ਪੂਰੀ ਨਹੀਂ ਸੀ ਉੱਤਰਦੀ। ਮੈਂ ਦਸੰਬਰ, 1908 ਈਸਵੀ ਵਿੱਚ ਦਸਵੀਂ ਜਮਾਤ ਦਾ ਦਾਖ਼ਲਾ ਭੇਜਿਆ ਸੀ। ਉਹ ਰੁਪਿਆ ਮੇਰੀ ਵਿਧਵਾ ਭੂਆ (ਰਾਧੀ) ਨੇ ਆਪਣੀਆਂ ਟੂੰਬਾਂ ਗਹਿਣੇ ਪਾ ਕੇ ਲੈ ਦਿੱਤਾ ਸੀ ਤੇ ਅਜੇ ਤੱਕ ਉਸ ਉੱਤੇ ਸੂਦ ਪੈਂਦਾ ਆ ਰਿਹਾ ਸੀ। ਸੰਨ 1905 ਈਸਵੀ ਵਿੱਚ ਮੇਰਾ ਵਿਆਹ ਹੋਇਆ ਸੀ। ਤਦੋਂ ਵੀ ਕਰਜ਼ਾ ਹੀ ਚੁੱਕਿਆ ਸੀ ਤੇ ਉਹ ਵੀ ਅਜੇ ਸਿਰ ਉੱਤੇ ਸੀ। ਘਰ ਦੇ ਹੋਰ ਖ਼ਰਚਾਂ ਵਾਸਤੇ ਭੀ ਵੇਲ਼ੇ-ਕੁਵੇਲ਼ੇ ਕਰਜ਼ ਚੁੱਕੀਦਾ ਸੀ। ਮੈਨੂੰ ਤਦ ਤੱਕ ਚਾਰ ਸਾਹਾਂ ਦਾ ਪਤਾ ਲੱਗ ਚੁੱਕਾ ਸੀ-ਫੱਤੇਵਾਲੀ ਦੇ ਬੁੱਢਾ ਸਿੰਘ ਤੇ ਸੰਤ ਸਿੰਘ, ਗਾਹਣੂਵਾਲ ਦਾ ਮਾਘੀ ਸ਼ਾਹ ਤੇ ਸਾਡੇ ਆਪਣੇ ਹੀ ਪਿੰਡ ਦਾ ਪੰਡਤ ਰਾਮ ਕਿਸਨ।

ਮੈਂ ਵੇਖ ਲਿਆ ਕਿ ਮੇਰੀ ਘਾਲ਼-ਕਮਾਈ ਤਾਂ ਭੰਗ ਦੇ ਭਾੜੇ ਹੀ ਜਾ ਰਹੀ ਹੈ। ਜੇ ਮੈਂ ਇਹੀ ਨੌਕਰੀ ਕਰੀ ਜਾਵਾਂ ਤਾਂ ਪਿਛਲਾ ਕਰਜ਼ਾ ਜਿਉਂ ਦਾ ਤਿਉਂ ਸਾਡੇ ਸਿਰ ਉੱਤੇ ਖਲੋਤਾ ਰਹਿਣਾ ਹੈ ਤੇ ਅਗਾਂਹ ਜਿਉਂ-ਜਿਉਂ ਟੱਬਰ ਦੇ ਖ਼ਰਚ ਵਧਣੇ ਹਨ, ਕਰਜ਼ਾ ਵੀ ਵਧਦਾ ਜਾਏਗਾ।

ਦੂਜੇ ਪਾਸੇ, ਜੇ ਮੈਂ ਬੀ. ਏ. ਪਾਸ ਕਰ ਸਕਾਂ ਤਾਂ ਇਹ ਸਾਰਾ ਕਰਜ਼ਾ ਦੋ-ਚਾਰ ਸਾਲਾਂ ਵਿੱਚ ਸਿਰੋਂ ਲਹਿਣ ਦੀ ਸੰਭਾਵਨਾ ਹੋ ਸਕਦੀ ਹੈ। ਜੂਆ ਹੀ ਸੀ ਜੇ ਪਾਸਾ ਸਿੱਧਾ ਹੋ ਗਿਆ ਤਾਂ ਪੌ ਬਾਰਾਂ ਹੋ ਜਾਣਗੇ ਪਰ ਜੇ ਪਾਸਾ ਪੁੱਠਾ ਪਿਆ ਤਾਂ ਮੈਂ ਕਿਸੇ ਥਾਂ ਜੋਗਾ ਨਹੀਂ ਰਹਾਂਗਾ।

## ਅਸਤੀਫ਼ਾ ਪਰਵਾਨ :

ਅਸਤੀਫ਼ਾ ਗਿਆਂ ਅਜੇ ਹਫ਼ਤਾ ਨਹੀਂ ਸੀ ਹੋਇਆ, 5 ਸਤੰਬਰ ਨੂੰ ਸਵੇਰੇ ਹੀ ਆ ਕੇ ਮੈਂ ਡਾਕ ਦਾ ਥੈਲਾ ਖੋਲ੍ਹਿਆ। ਡਾਕ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਆ ਜਾਂਦੀ ਸੀ, ਪਸਰੂਰ ਦੇ ਰਸਤੇ। ਵੱਡਾ ਬਾਬੂ ਥਾਣੇ ਤੋਂ ਸੰਦੂਕੜੀ ਲੈਣ ਗਿਆ ਹੋਇਆ ਸੀ। ਇਹ ਸੰਦੂਕੜੀ ਹਰ ਰੋਜ਼ ਸ਼ਾਮ ਨੂੰ ਉੱਥੇ ਰੱਖੀਦੀ ਸੀ ਤੇ ਸਵੇਰੇ-ਸਵੇਰੇ ਲਿਆਂਦੀ ਜਾਂਦੀ ਸੀ।

ਪਹਿਲੋਂ ਹੀ ਵੱਡੇ ਥੈਲੇ ਵਿੱਚੋਂ ਭੁੜਕ ਕੇ ਇੱਕ ਲਿਫ਼ਾਫ਼ਾ ਬਾਹਰ ਆ ਪਿਆ। ਇਹ ਸੀ, ਮੇਰੇ ਨਾਮ। ਮੈਂ ਖੋਲ੍ਹ ਕੇ ਪੜ੍ਹਿਆ, ਸੁਪਰਡੈਂਟ ਵੱਲੋਂ ਸੀ। ਮੇਰਾ ਅਸਤੀਫ਼ਾ ਪਰਵਾਨ ਹੋ ਗਿਆ ਸੀ ਤੇ ਮੇਰੇ ਥਾਂ ਇੱਕ ਨਵਾਂ ਕਲਰਕ ਆ ਰਿਹਾ ਸੀ।

ਮੈਂ ਉਹ ਲਿਫ਼ਾਫ਼ਾ ਸਾਂਭ ਲਿਆ। ਮੈਂ ਵੱਡੇ ਬਾਬੂ ਨੂੰ ਨਾ ਦੱਸਿਆ—ਪਤਾ ਨਹੀਂ ਕਲਰਕ ਕਦੋਂ ਅੱਪੜਦਾ ਹੈ, ਗੱਲ ਕਿਤੇ ਬਾਹਰ ਨਾ ਨਿਕਲ ਜਾਏ।

ਲੌਢੇ ਵੇਲੇ ਬਿਸਤਰੇ-ਟਰੰਕ ਨਾਲ ਲੱਦਿਆ ਇੱਕ ਘੋੜਾ ਡਾਕਖ਼ਾਨੇ ਦੇ ਬੂਹੇ ਅੱਗੇ ਜਾ ਖਲੋਤਾ, ਨਾਲ ਹੀ ਨਵਾਂ ਕਲਰਕ ਵੀ। ਮੈਂ ਉਸੇ ਵੇਲੇ ਸਵੇਰ ਵਾਲੀ ਚਿੱਠੀ ਵੱਡੇ ਬਾਬੂ ਦੇ ਅੱਗੇ ਰੱਖ ਦਿੱਤੀ।

ਸਾਮ੍ਹਣੀਆਂ ਦੁਕਾਨਾਂ ਦੇ ਦੁਕਾਨਦਾਰ ਭੱਜੇ ਆਏ: ਇਹ ਕੀ ? ਸਾਹਿਬ ਸਿੰਘ ਕਿੱਥੇ ਜਾ ਰਿਹਾ ਹੈ ? ਮੈਂ ਬਾਬੂ ਜੀ ਨੂੰ ਬੇਨਤੀ ਕਰ ਦਿੱਤੀ ਹੋਈ ਸੀ, 'ਆਖਣਾ, ਤਾਰ ਦਾ ਕੰਮ ਸਿੱਖਣ ਜਾ ਰਿਹਾ ਹੈ, ਸਾਹਿਬ ਸਿੰਘ'।

ਚਾਰਜ ਦੇ ਕੇ ਮੈਂ ਵਿਹਲਾ ਹੋ ਗਿਆ। ਮੱਤੇ ਕੇ ਤੋਂ ਮੁਹੰਮਦ ਅਸ਼ਰਫ਼ ਨੂੰ ਨਾਲ ਲਿਆ। ਅਸੀਂ ਦੋਵੇਂ ਫੇਰ ਗਏ ਜਿਉਣ ਭਿੰਡਰ। ਨੌਕਰੀ ਤੋਂ ਵਿਹਲਾ ਹੋ ਕੇ ਮੈਂ ਘਰ ਇੱਕ ਦਿਨ ਭੀ ਨਹੀਂ ਠਹਿਰ ਸਕਦਾ ਸਾਂ। ਲੋਕ ਫਿਟਕਰਾਂ ਨਾਲ ਖਾ ਜਾਂਦੇ। ਫ਼ੈਸਲਾ ਹੋਇਆ ਕਿ ਮੈਂ ਭਲਕੇ ਅੰਮ੍ਰਿਤਸਰ ਚਲਾ ਜਾਵਾਂ। ਰਾਮ ਰੱਖਾ ਮੱਲ ਅਗਲੇਰੇ ਦਿਨ ਆਵੇਗਾ। ਸਟੇਸ਼ਨ ਉੱਤੇ ਇਕੱਠੇ ਹੋ ਕੇ ਅਸੀਂ ਲਾਹੌਰ ਚਲੇ ਜਾਵਾਂਗੇ। ਅਸਰਫ਼ ਨੇ ਅਜੇ ਠਹਿਰ ਕੇ ਆਉਣਾ ਸੀ।

## ਘਰ ਵਿੱਚ ਘਬਰਾਹਟ :

ਰਾਤ ਮੈਂ ਘਰ ਕਿਸੇ ਨੂੰ ਖ਼ਬਰ ਨਾ ਦਿੱਤੀ। ਮੈ ਹਰ ਰੋਜ਼ ਅੱਧ ਪਹਿਰ ਰਾਤ ਰਹਿੰਦੀ ਡਾਕਖ਼ਾਨੇ ਪਹੁੰਚ ਜਾਇਆ ਕਰਦਾ ਸੀ। ਅਗਲੀ ਸਵੇਰ ਮੈਨੂੰ ਵਾਰੋ-ਵਾਰੀ ਸਾਰੇ ਜਗਾਣ ਆਏ। ਮੈਂ ਟਾਲ-ਮਟੋਲ ਕਰਦਾ ਰਿਹਾ। ਸਭਨਾ ਨੂੰ ਸ਼ੱਕ ਪੈਣ ਲੱਗ ਪਿਆ।

ਮੈਂ 6 ਸਤੰਬਰ ਨੂੰ ਦਿਨ ਚੜ੍ਹੇ ਉੱਠ ਕੇ ਸਭ ਨੂੰ ਅਸਲ ਗੱਲ ਦੱਸ ਦਿੱਤੀ ਕਿ ਮੈਂ ਨੌਕਰੀ ਛੱਡ ਚੁੱਕਾ ਹਾਂ ਤੇ ਹੁਣ ਲਾਹੌਰ ਕਾਲਜ ਵਿੱਚ ਪੜ੍ਹਨ ਚੱਲਿਆ ਹਾਂ। ਪਰ ਮੇਰੇ ਪੱਲੇ ਸਨ ਸਿਰਫ਼ ਦੋ ਰੁਪਏ। (ਅਗਸਤ ਦੀ ਤਨਖ਼ਾਹ ਵਿੱਚੋਂ ਇਹ ਦੋ ਰੁਪਏ ਮੈਂ ਜਮ੍ਹਾਂ ਨਹੀਂ ਸਨ ਕਰਾਏ) ਮੇਰੇ ਸਿਰ ਉੱਤੇ ਜੋਗੀਏ ਰੰਗ ਦੀ ਪੱਗ, ਮੇਰੇ ਗਲ਼ ਕਮੀਜ਼ ਤੇ ਲੱਕ ਪਜਾਮਾ, ਪੈਰੀਂ ਇੱਕ ਅੱਧ-ਹੰਢੀ ਜੁੱਤੀ। ਬੱਸ, ਇਹ ਸੀ ਮੇਰਾ ਸਮਾਨ, ਕਾਲਜ ਵਿੱਚ ਪੜ੍ਹਨ ਜਾਣ ਵਾਲ਼ੇ ਦਾ : ਬੀਬੀ ਦੇ ਤਿੰਨ ਕੱਪੜੇ, ਸੁੱਥਣ ਨਾਲ਼ਾ ਤੇ ਹੱਥ।

ਘਰ ਵਿੱਚੋਂ ਕੌਣ ਮੰਨੇ ਕਿ ਮੈਂ ਪੜ੍ਹਨ ਜਾ ਰਿਹਾ ਹਾਂ ? ਮੇਰੇ ਸਿਰ ਦੀ ਜੋਗੀਏ ਰੰਗ ਦੀ ਪੱਗ ਉਹਨਾਂ ਨੂੰ ਸ਼ੱਕ ਪਾ ਰਹੀ ਸੀ ਕਿ ਸਾਡਾ ਸਾਹਿਬ ਸਿੰਘ ਅੱਜ ਸਦਾ ਲਈ ਘਰ ਛੱਡ ਕੇ ਸਾਧਾਂ ਦੇ ਟੋਲੇ ਵਿੱਚ ਜਾ ਰਲਣ ਲੱਗਾ ਹੈ। ਹੈ ਵੀ ਸੱਚ ਸੀ। ਮੇਰਾ ਅੰਦਰਲਾ ਮੈਨੂੰ ਇਹੀ ਆਖ ਰਿਹਾ ਸੀ ਕਿ ਜੇ ਇਹ ਬਾਜ਼ੀ ਪੁੱਠੀ ਪੈ ਗਈ ਤਾਂ ਫੇਰ ਇਸ ਘਰ ਵਿੱਚ ਵੜਨ ਦਾ ਤੇਰਾ ਕੋਈ ਹੱਕ ਨਹੀਂ ਹੋਵੇਗਾ।

## ਅੰਤਿਮ ਵਿਛੋੜਾ ਜਾਂ ਕਾਲਜ ਦੀ ਤਿਆਰੀ ?

ਮੇਰੇ ਕਹਿਣ ਉੱਤੇ ਮੇਰੀ ਮਾ ਨੇ ਮੇਰੇ ਲਈ ਰੋਟੀ ਪਕਾਈ। ਮੈਂ ਖਾਣ ਬੈਠਾ। ਪਰ ਖਾਵੇ ਕੌਣ ? ਮੇਰੀਆਂ ਭੈਣਾ ਰੋਣ, ਮੇਰੇ ਭਰਾ ਰੋਣ, ਮੇਰੀ ਵਹੁਟੀ ਰੋਵੇ, ਮੇਰੀ ਮਾਂ ਰੋਵੇ ਤੇ ਮੈਂ ਵੀ ਬੁੱਬਾਂ ਮਾਰ-ਮਾਰ ਕੇ ਰੋਈ ਜਾਵਾਂ। ਗਰਾਹੀ ਸੰਘੋਂ ਨਾ ਲੰਘੇ। ਕੀ ਪਤਾ, ਮੁੜ ਮਿਲਣਾ ਹੈ ਕਿ ਨਹੀਂ। ਦੋ-ਚਾਰ ਗਰਾਹੀਆਂ, ਉਗਲ਼-ਨਿਗਲ਼ ਕਰ ਕੇ, ਮੈਂ 6 ਸਤੰਬਰ ਨੂੰ 10 ਵਜੇ ਤੋਂ ਪਹਿਲਾਂ-ਪਹਿਲਾਂ ਘਰੋਂ ਤੁਰ ਪਿਆ ਤੇ ਅਜਨਾਲ਼ੇ ਨੂੰ ਡਾਕ ਲੈਣ ਜਾਣ ਵਾਲ਼ੇ ਹਰਕਾਰੇ ਨਾਲ਼ ਡਾਕਖ਼ਾਨੇ ਜਾ ਰਲ਼ਿਆ।

ਸ਼ਾਮ ਵੇਲ਼ੇ ਮੈਂ ਜਾ ਪਹੁੰਚਿਆ, ਆਪਣੀ ਮਾਸੀ ਦੇ ਘਰ, ਫ਼ਰੀਦ ਦੇ ਚੌਂਕ, ਛੱਜੂ ਮਿਸਰ ਦੀ ਗਲ਼ੀ ਵਿੱਚ। ਮਾਸੀ ਨੂੰ ਵੀ ਸ਼ੱਕ ਤਾਂ ਪਿਆ ਪਰ ਉਸ ਨੂੰ ਇਹ ਆਖ ਕੇ ਟਾਲ ਦਿੱਤਾ ਕਿ ਮੈਂ ਤਾਰ ਦਾ ਕੰਮ ਸਿੱਖਣ ਚੱਲਿਆ ਹਾਂ।

ਅਗਲੇਰੇ ਦਿਨ 7 ਸਤੰਬਰ ਨੂੰ ਰਾਮ ਰੱਖਾ ਮੱਲ ਨੇ ਆਉਣਾ ਸੀ। ਉਸ ਨੂੰ ਸਟੇਸ਼ਨ ਉੱਤੇ ਜਾ ਮਿਲ਼ਿਆ ਤੇ ਉਸ ਦੇ ਨਾਲ਼ ਲਾਹੌਰ ਜਾ ਪਹੁੰਚਿਆ।

## ਪੰਡਤ ਵਿਤਸਤਾ ਪ੍ਰਸ਼ਾਦ ਜੀ ਕੋਲ :

ਜਿੱਥੇ ਉਸ ਦੀ ਠਾਹਰ ਸੀ, ਰਾਮ ਰੱਖਾ ਮੱਲ ਆਪਣਾ ਸਮਾਨ ਉੱਥੇ ਰੱਖ ਕੇ ਮੈਨੂੰ ਪੰਡਤ ਜੀ ਕੋਲ਼ ਲੈ ਗਿਆ। ਪੰਡਤ ਜੀ ਦਿਆਲ ਸਿੰਘ ਸਕੂਲ ਦੇ ਵਿੱਚ ਹੀ ਰਹਿੰਦੇ ਸਨ। ਮੈਨੂੰ ਵੇਖ ਕੇ ਬੜੇ ਖ਼ੁਸ਼ ਹੋਏ ਤੇ ਕਹਿਣ ਲੱਗੇ, "ਅੱਜ ਤੂੰ ਆਪਣਾ ਸਮਾਨ ਰਾਮ ਰੱਖਾ ਮੱਲ ਦੇ ਕੋਲ਼ ਹੀ ਰੱਖ, ਭਲਕੇ ਤੈਨੂੰ ਕਾਲਜ ਵਿੱਚ ਦਾਖ਼ਲ ਕਰਾ ਦਿਆਂਗਾ।" ਮੈਂ ਆਖਿਆ, "ਜੀ, ਸਮਾਨ ਕਿਹਾ ? ਮੈਂ ਤਾਂ ਇਸੇ ਤਰ੍ਹਾਂ ਹੀ ਹਾਂ, ਬੇ-ਸਰੋ-ਸਾਮਾਨ।" ਉਹਨਾ ਦੋ ਰੁਪਇਆ ਵਿੱਚੋਂ ਮੇਰੇ ਪਾਸ ਛੇ-ਸੱਤ ਆਨੇ ਹੀ ਬਚੇ ਹੋਏ ਸਨ। ਪੰਡਤ ਜੀ ਬੜੇ ਹੈਰਾਨ ਹੋਏ ਤੇ ਕਹਿਣ ਲੱਗੇ, "ਹੱਛਾ, ਭਲ਼ਕੇ ਸਵੇਰੇ ਆ ਜਾਈਂ। ਪਹਿਲਾਂ ਮੈਂ ਤੇਰੇ ਵਾਸਤੇ ਕੱਪੜੇ ਤਿਆਰ ਕਰਾਵਾਂਗਾ, ਫੇਰ ਪਰਸੋਂ ਤੂੰ ਕਾਲਜ ਵਿੱਚ ਜਾ ਦਾਖ਼ਲ ਹੋਈਂ।"

## ਧਰਵਾਸ :

ਕਾਲਜ ਵਿੱਚ ਆਉਂਦਿਆਂ ਰਸਤੇ ਵਿੱਚ ਹੀ ਮੈਨੂੰ ਮਿਲ ਪਿਆ, ਮੇਰਾ ਇੱਕ ਪੁਰਾਣਾ ਜਮਾਤੀ ਇਕਬਾਲ ਸਿੰਘ। ਉਹ ਹੁਣ ਦਿਆਲ ਸਿੰਘ ਕਾਲਜ ਵਿੱਚ ਬੀ.ਏ. ਵਿੱਚ ਦਾਖ਼ਲ ਹੋਇਆ ਸੀ। ਉਸ ਨੂੰ ਮਿਲ਼ ਕੇ ਮੈਨੂੰ ਕਾਫ਼ੀ ਹੌਸਲਾ ਬਣ ਗਿਆ।

## ਮੇਰੀ ਗ਼ਰੀਬੀ ਉੱਤੇ ਚੋਭ ਭਰਿਆ ਮਖੌਲ :

ਸਾਡੇ ਪਿੰਡ ਤੋਂ ਦੱਖਣ ਵਾਲ਼ੇ ਪਾਸੇ, ਸਵਾ ਕੁ ਮੀਲ ਦੀ ਵਿੱਥ ਉੱਤੇ ਇੱਕ ਪਿੰਡ ਹੈ, 'ਕੰਗ'। ਇਸ ਤੋਂ ਅਗਾਂਹ ਪਿੰਡ ਹੈ ਚੌਧਰੀ ਚਾਨਾ ਤੇ ਇਸ ਤੋਂ ਅਗਾਂਹ ਰਾਵੀ ਦੇ ਤਕਰੀਬਨ ਕੰਢੇ ਉੱਤੇ ਹੈ ਪਿੰਡ ਵਧਾਈ ਚੀਮਾ।

ਵਧਾਈ ਚੀਮੇ ਦਾ ਇੱਕ ਲੜਕਾ ਹਜ਼ਾਰਾ ਸਿੰਘ, ਲਾਹੌਰ ਗੌਰਮਿੰਟ ਕਾਲਜ ਵਿੱਚ ਪੜ੍ਹਦਾ ਸੀ। ਇੱਕ ਦਿਨ ਮੈਂ ਤਸੀਲੇ ਗਿਆ। ਕਾਲਜਾਂ ਦੇ ਖੁੱਲ੍ਹਣ ਵਿੱਚ ਚਾਰ-ਪੰਜ ਦਿਨ ਹੀ ਰਹਿੰਦੇ ਸਨ। ਤਸੀਲੇ ਮੈਨੂੰ ਹਜ਼ਾਰਾ ਸਿੰਘ ਮਿਲ ਗਿਆ। ਚੰਗੇ ਸੌਖੇ ਘਰ ਦਾ ਸੀ; ਹਜ਼ਾਰਾ ਸਿੰਘ। ਕਾਲਜ ਵਿੱਚ ਪੜ੍ਹਨ ਕਰ ਕੇ ਮੇਰੇ ਨਾਲ ਭੀ ਉਸ ਦੀ ਰਤਾ ਸਾਂਝ ਹੋ ਗਈ ਸੀ। ਹਜ਼ਾਰਾ ਸਿੰਘ ਦੇ ਨਾਲ਼, ਉਸ ਦਾ ਪਿਤਾ ਸੀ ਤੇ ਪਿੰਡ ਦੇ ਤਿੰਨ-ਚਾਰ ਆਦਮੀ ਹੋਰ ਸਨ। ਮੈਂ ਪੁੱਛਿਆ, "ਹਜ਼ਾਰਾ ਸਿੰਘ ਜੀ, ਕਦੋਂ ਚੱਲਣਾ ਹੈ, ਲਾਹੌਰ ?" ਮੈਨੂੰ ਕਹਿਣ ਲੱਗਾ, "ਕਿਉਂ, ਤੂੰ ਕਿਉਂ ਪੁੱਛਦਾ ਹੈਂ ?" ਮੈਂ ਉੱਤਰ ਦਿੱਤਾ, "ਮੈਂ ਵੀ ਬੀ.ਏ. ਕਰਨ ਵਾਸਤੇ ਗੌਰਮਿੰਟ ਕਾਲਜ ਵਿੱਚ ਦਾਖ਼ਲ ਹੋਣਾ ਹੈ।" ਹਜ਼ਾਰਾ ਸਿੰਘ ਨੇ ਮੈਥੋਂ ਇਹ ਸੁਣ ਕੇ ਬੜਾ ਨੱਕ ਚਾੜ੍ਹਿਆ ਤੇ ਕਹਿਣ ਲੱਗਾ, "ਸ਼ਕਲ ਤਾਂ ਵੇਖੋ, ਗੌਰਮਿੰਟ ਕਾਲਜ ਵਿੱਚ ਦਾਖ਼ਲ ਹੋਣ ਵਾਲ਼ੇ ਦੀ। ਤੂੰ ਦਸ ਸਾਲ ਇੱਕ ਕੋਟ ਨਾਲ਼ ਗੁਜ਼ਾਰਨੇ ਹਨ ਤੇ ਓਥੇ ਲੜਕੇ ਇੱਕ ਦਿਨ ਵਿੱਚ ਦਸ-ਦਸ ਬਦਲਾਂਦੇ ਹਨ। ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨਾਲ਼ ਜੱਫੇ।"

ਗੱਲ ਸੱਚੀ ਆਖੀ ਹਜ਼ਾਰਾ ਸਿੰਘ ਨੇ ਪਰ ਮੈਨੂੰ ਰਤਾ ਚੋਭ ਜਿਹੀ ਲੱਗੀ। ਮੈਂ ਉੱਤਰ ਦਿੱਤਾ, "ਹਜ਼ਾਰਾ ਸਿੰਘ ਜੀ, ਮੈਂ ਉੱਥੇ ਸਿਰਫ਼ ਪੜ੍ਹਨ ਜਾਣਾ ਹੈ, ਕੋਟ ਪਾਣ ਦੀ ਜਾਚ ਸਿੱਖਣ ਨਹੀਂ ਜਾਣਾ।"

ਹਜ਼ਾਰਾ ਸਿੰਘ ਦੇ ਲਫ਼ਜ਼ਾਂ ਨੂੰ ਮੈਂ ਫੇਰ ਗਹੁ ਨਾਲ ਵਿਚਾਰਿਆ ਤੇ ਆਪਣੇ ਮਨ ਵਿੱਚ ਫ਼ੈਸਲਾ ਕੀਤਾ ਕਿ ਚੂੰਕਿ ਗੌਰਮਿੰਟ ਕਾਲਜ ਵਿੱਚ ਆਮ ਤੌਰ ਉੱਤੇ ਅਮੀਰਾਂ ਦੇ ਲੜਕੇ ਹੀ ਪੜ੍ਹਦੇ ਹਨ, ਮੈਂ ਉਹਨਾਂ ਨਾਲ਼ ਬਹੁਤੀ ਸਾਂਝ ਨਹੀਂ ਪਾਣੀ। ਜੋ ਹਉਮੈਂ ਹਜ਼ਾਰਾ ਸਿੰਘ ਨੇ ਆਪਣੇ ਰਵੱਈਏ ਵਿੱਚ ਵਿਖਾਈ ਹੈ, ਇਹ ਕਈ ਹੋਰ ਲੜਕੇ ਭੀ ਵਿਖਾ ਸਕਦੇ ਹਨ। ਮਾਇਆ-ਧਾਰੀਆਂ ਤੋਂ ਦੂਰ ਰਹਿਣਾ ਹੀ ਠੀਕ ਰਸਤਾ ਹੋਵੇਗਾ।

## ਗੌਰਮਿੰਟ ਕਾਲਜ ਵਿੱਚ ਦਾਖ਼ਲ :

ਗੌਰਮਿੰਟ ਕਾਲਜ ਵਿੱਚ ਦਾਖ਼ਲਾ ਸਿਰਫ਼ ਇੱਕੋ ਦਿਨ ਹੀ ਹੁੰਦਾ ਸੀ। ਮੈਂ ਠੀਕ ਵੇਲ਼ੇ ਸਿਰ ਜਾ ਪਹੁੰਚਿਆ। ਹਜ਼ਾਰਾ ਸਿੰਘ ਅੱਗੇ ਉੱਥੇ ਹੀ ਸੀ। ਉਹ ਮੈਨੂੰ 'ਦਾਖ਼ਲ ਹੋਣ' ਵਾਲ਼ੇ ਕਮਰੇ ਵਿੱਚ ਲੈ ਗਿਆ ਤੇ ਮੈਂ ਦਾਖ਼ਲ ਹੋ ਗਿਆ।

ਬੀ.ਏ. ਵਿੱਚ ਮੈਂ ਮਜ਼ਮੂਨ ਲਏ : ਅੰਗਰੇਜ਼ੀ, ਹਿਸਾਬ-ਏ, ਅਤੇ ਸੰਸਕ੍ਰਿਤ।

## ਸਿਹਤ ਵੱਲ ਦਿਲਚਸਪੀ :

ਕਾਲਜ ਨੇ ਬਰੈਡਲਾ ਹਾਲ ਦੇ ਕੋਲ਼ ਦੋ ਕੋਠੀਆਂ ਲਈਆਂ ਹੋਈਆਂ ਸਨ, ਥਰਡ-ਈਯਰ ਦੇ ਵਿਦਿਆਰਥੀਆਂ ਦੀ ਰਹਾਇਸ਼ ਵਾਸਤੇ। ਦਿਆਲ ਸਿੰਘ ਕਾਲਜ ਵਿੱਚੋਂ ਆਏ ਅਸੀਂ ਚਾਰ ਲੜਕੇ ਇੱਕੋ ਕੋਠੀ ਵਿੱਚ ਇਕੱਠੇ ਹੀ ਰਹੇ-ਜੈਮਲ ਸਿੰਘ, ਹਜ਼ਾਰਾ ਸਿੰਘ, ਖੜਕ ਸਿੰਘ ਤੇ ਮੈਂ।

ਉਂਞ ਤਾਂ ਮੈ ਸਾਰੇ ਹੀ ਮਜ਼ਮੂਨਾਂ ਵਿੱਚ ਠੀਕ ਸਾਂ ਪਰ ਸੰਸਕ੍ਰਿਤ ਨਾਲ਼ ਤਾਂ ਮੇਰਾ ਖ਼ਾਸ ਪਿਆਰ ਸੀ। ਥੋੜ੍ਹੇ ਹੀ ਦਿਨਾਂ ਵਿੱਚ ਸੰਸਕ੍ਰਿਤ ਦੇ ਪ੍ਰੋਫ਼ੈਸਰ, ਲਾਲਾ ਗੁਲਬਹਾਰ ਸਿੰਘ ਜੀ ਨੇ ਇਹ ਗੱਲ ਜਾਚ ਲਈ ਤੇ ਉਹ ਮੇਰੇ ਨਾਲ਼ ਬੜਾ ਪਿਆਰ ਕਰਨ ਲੱਗ ਪਏ, ਸੋਨੇ ਉੱਤੇ ਸੁਹਾਗੇ ਦਾ ਕੰਮ ਹੋ ਗਿਆ।

ਮਿਡਲ ਤੱਕ ਮੈਂ ਜਮਾਤ ਵਿੱਚ ਸਾਰੇ ਮੁੰਡਿਆਂ ਨਾਲੋਂ ਕੱਦ ਵਿੱਚ ਛੋਟਾ ਹੋਇਆ ਕਰਦਾ ਸਾਂ। ਬਿਲਕੁਲ ਮਾੜੂਆ ਜਿਹਾ। ਪਰ ਹਾਈ ਸਕੂਲ ਪਸਰੂਰ ਆ ਕੇ ਮੈਨੂੰ ਵਰਜ਼ਸ਼ ਕਰਨ ਦਾ ਸ਼ੌਕ ਪੈ ਗਿਆ। ਦੌੜਾਂ ਲਾਉਣੀਆਂ ਤੇ ਡੰਡ ਕੱਢਣੇ ਮੇਰਾ ਰੋਜ਼ਾਨਾ ਆਹਰ ਬਣ ਗਿਆ। ਪੈਰੇਲਲ-ਬਾਰ ਉੱਤੇ ਹੁਲਾਰੇ ਨਾਲ਼ ਡੰਡ ਕੱਢਣ ਦਾ ਮੈਨੂੰ ਖ਼ਾਸ ਸ਼ੌਕ ਸੀ। ਮੈਂ ਹਰ ਰੋਜ਼ ਲੌਢੇ ਪਹਿਰ ਫ਼ੁਟਬਾਲ ਵੀ ਖੇਡਿਆ ਕਰਦਾ ਸਾਂ। ਸੀਨੀਅਰ ਸਪੈਸ਼ਲ ਜਮਾਤ ਤੱਕ ਅੱਪੜ ਕੇ ਮੇਰਾ ਕੱਦ ਲੰਮਾ ਹੋ ਗਿਆ। ਕੀ ਪਿੱਦੀ, ਤੇ ਕੀ ਪਿੱਦੀ ਦਾ ਸ਼ੋਰਬਾ। ਮੈਂ ਭਲਵਾਨ ਤਾਂ ਨਾ ਬਣਿਆ ਪਰ ਢਾਂਗੇ ਨਾਲ਼ ਬਤਾਊਂ ਲਾਹੁਣ ਵਾਲ਼ਾ ਪੰਡਤ ਸ਼ਿਵ ਦਿਆਲ ਜੀ ਦਾ ਤੌਖ਼ਲਾ ਭੀ ਨਾ ਰਿਹਾ।

# ਅਭਿਆਸ

(ੳ) ਵਸਤੂਨਿਸ਼ਠ ਪ੍ਰਸ਼ਨ :—

1. 'ਆਪ-ਬੀਤੀਆਂ' ਪੁਸਤਕ ਵਿੱਚ ਦਰਜ 'ਧੂੜ ਭਰੇ ਰਾਹ' ਸ੍ਵੈਜੀਵਨੀ-ਅੰਸ਼ ਕਿਸ ਲੇਖਕ ਦੀ ਰਚਨਾ ਹੈ ?
2. ਹਾਸ਼ਮ ਸ਼ਾਹ ਦੇ ਪੁੱਤਰ ਦਾ ਕੀ ਨਾਂ ਸੀ ?
3. 'ਉਕਲੈਦਸ' ਕਿਹੜੀਆਂ ਸ਼੍ਰੇਣੀਆਂ ਵਿੱਚ ਪੜ੍ਹਾਈ ਜਾਂਦੀ ਸੀ ?
4. ਪਸਰੂਰ ਸ਼ਹਿਰ ਵਿੱਚ ਬਹੁਤੀ ਵੱਸੋਂ ਕੱਕੇਜ਼ਈ ਮੁਸਲਮਾਨਾਂ ਦੀ ਸੀ। (ਸਹੀ/ਗ਼ਲਤ)
5. ਸਾਹਿਬ ਸਿੰਘ ਨੂੰ ਛੇਵੀਂ ਜਮਾਤ ਵਿੱਚ ਬਾਠਾਂਵਾਲੇ ਦੇ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। (ਸਹੀ/ਗ਼ਲਤ)
6. ਪੰਡਤ ਵਿਤਸਤਾ ਪ੍ਰਸ਼ਾਦ ਨੇ ਕਾਲਜ ਦੀ ਪੜ੍ਹਾਈ ਸਮੇਂ ਸਾਹਿਬ ਸਿੰਘ ਦੀ ਬਹੁਤ ਮਦਦ ਕੀਤੀ। (ਸਹੀ/ਗ਼ਲਤ)
7. __________ ਵਿੱਚ ਸਾਹਿਬ ਸਿੰਘ ਦਾ ਵਿਆਹ ਹੋਇਆ ਸੀ। (ਖ਼ਾਲੀ ਸਥਾਨ ਭਰੋ)
8. ਹਾਈ ਸਕੂਲ __________ ਆ ਕੇ ਸਾਹਿਬ ਸਿੰਘ ਨੂੰ ਵਰਜ਼ਸ਼ ਕਰਨ ਦਾ ਸ਼ੌਕ ਪੈ ਗਿਆ। (ਖ਼ਾਲੀ ਸਥਾਨ ਭਰੋ)
9. ਇਨਸਪੈੱਕਟਰ ਨੇ ਪ੍ਰੋ. ਸਾਹਿਬ ਸਿੰਘ ਨੂੰ ਸ਼ਾਬਾਸ਼ ਕਿਉਂ ਦਿੱਤੀ ?

   (1) ਉਸ ਦੇ ਗਾਏ ਗੀਤ ਸੁਣ ਕੇ　　(2) ਉਸ ਦੁਆਰਾ ਸੁਣਾਏ ਪਹਾੜੇ ਸੁਣ ਕੇ

   (3) ਉਸ ਦਾ ਨਾਚ ਵੇਖ ਕੇ　　(4) ਉਸ ਦੇ ਚੁਟਕਲੇ ਸੁਣ ਕੇ
10. ਸਾਡੇ ਦੇਸ ਦਾ ਅਖਾਣ ਹੈ - ਚੋਰੀ, ਯਾਰੀ, ਚਾਕਰੀ __________.

    (1) ਬਾਝ ਪੈਸਿਆਂ ਨਾਹੀਂ　　(2) ਬਾਝ ਵਸੀਲੇ ਨਾਹੀਂ

    (3) ਬਾਝ ਮਾਪਿਆਂ ਨਾਹੀਂ　　(4) ਬਾਝ ਦੁਸ਼ਮਣਾ ਨਾਹੀਂ

(ਅ) ਦੱਸੋ :—

1. ਪ੍ਰੋ. ਸਾਹਿਬ ਸਿੰਘ ਦੇ ਸ੍ਵੈਜੀਵਨੀ-ਅੰਸ਼ 'ਧੂੜ ਭਰੇ ਰਾਹ' ਵਿੱਚੋਂ ਉਸ ਸਮੇਂ ਦੀ ਸਕੂਲੀ ਸਿੱਖਿਆ ਬਾਰੇ ਜੋ ਜਾਣਕਾਰੀ ਮਿਲ਼ਦੀ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
2. ਪ੍ਰੋ. ਸਾਹਿਬ ਸਿੰਘ ਨੂੰ ਆਪਣੇ ਵਿਦਿਆਰਥੀ-ਜੀਵਨ ਵਿੱਚ ਕਿਸ ਪ੍ਰਕਾਰ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ? ਸੰਖੇਪ ਵਿੱਚ ਦੱਸੋ।
3. ਪ੍ਰੋ. ਸਾਹਿਬ ਸਿੰਘ ਨੇ ਡਾਕਖ਼ਾਨੇ ਦੀ ਨੌਕਰੀ ਕਿਉਂ ਛੱਡ ਦਿੱਤੀ ਸੀ ? ਨੌਕਰੀ ਛੱਡਣ ਉਪਰੰਤ ਉਸ ਨੇ ਕੀ ਕੰਮ ਕੀਤਾ ?
4. ਪ੍ਰੋ. ਸਾਹਿਬ ਸਿੰਘ ਨੂੰ ਅੱਗੇ ਵਧਣ ਦੀ ਪ੍ਰੇਰਨਾ ਕਿੱਥੋਂ-ਕਿੱਥੋਂ ਮਿਲ਼ਦੀ ਰਹੀ ? ਇਸ ਪਾਠ ਦੇ ਆਧਾਰ 'ਤੇ ਦੱਸੋ।
5. 'ਧੂੜ ਭਰੇ ਰਾਹ' ਸ੍ਵੈਜੀਵਨੀ-ਅੰਸ਼ ਵਿੱਚੋਂ ਪ੍ਰੋ. ਸਾਹਿਬ ਸਿੰਘ ਦੀ ਨਿਰਮਿਤ ਹੋ ਰਹੀ ਸ਼ਖ਼ਸੀਅਤ ਦੀਆਂ ਜਿਹੜੀਆਂ ਝਲਕਾਂ ਮਿਲ਼ਦੀਆਂ ਹਨ, ਉਸ ਬਾਰੇ ਇੱਕ ਨੋਟ ਲਿਖੋ।

❋❋❋❋❋

# 4

# ਗੁਰਬਖ਼ਸ਼ ਸਿੰਘ 'ਪ੍ਰੀਤਲੜੀ'

(1895-1977)

| | | |
|---|---|---|
| ਪਿਤਾ | : | ਸ. ਪਿਸ਼ੌਰਾ ਸਿੰਘ |
| ਮਾਤਾ | : | ਸ੍ਰੀਮਤੀ ਮਾਲਣੀ |
| ਜਨਮ-ਅਸਥਾਨ | : | ਸਿਆਲਕੋਟ (ਹੁਣ ਪਾਕਿਸਤਾਨ ਵਿੱਚ) |
| ਵਿੱਦਿਆ | : | ਬੀ.ਐੱਸ-ਸੀ. ਸਿਵਲ ਇੰਜੀਨੀਅਰਿੰਗ। |
| ਕੰਮ-ਕਿੱਤਾ | : | ਰੇਲਵੇ ਵਿਭਾਗ ਵਿੱਚ ਇੰਜੀਨੀਅਰ ਵਜੋਂ ਕੰਮ ਕੀਤਾ, ਉਪਰੰਤ ਸਾਹਿਤ-ਰਚਨਾ ਮੁੱਖ ਰੁਝਾਨ ਰਿਹਾ। 'ਪ੍ਰੀਤਲੜੀ' ਦੇ ਮੋਢੀ ਸੰਪਾਦਕ ਹੋਣ ਕਾਰਨ, ਨਾ ਦੇ ਨਾਲ 'ਪ੍ਰੀਤਲੜੀ' ਸ਼ਬਦ ਜੁੜ ਗਿਆ। |

**ਮੁੱਖ-ਰਚਨਾਵਾਂ :** ਗੁਰਬਖ਼ਸ਼ ਸਿੰਘ ਨੇ ਬਹੁਤੀ ਰਚਨਾ ਪੰਜਾਬੀ ਵਿੱਚ ਕੀਤੀ। ਕਹਾਣੀਆਂ, ਨਾਵਲ, ਇਕਾਂਗੀ, ਨਾਟਕ ਤੇ ਨਿਬੰਧ ਲਿਖੇ। ਉਸ ਦੀ ਸਭ ਤੋਂ ਵੱਧ ਪ੍ਰਸਿੱਧੀ ਇੱਕ ਵਾਰਤਕ ਲਿਖਾਰੀ ਵਜੋਂ ਹੀ ਹੋਈ। ਉਸ ਨੇ ਕਈ ਸੰਸਾਰ-ਪ੍ਰਸਿੱਧ ਪੁਸਤਕਾਂ ਦੇ ਪੰਜਾਬੀ ਵਿੱਚ ਅਨੁਵਾਦ ਵੀ ਕੀਤੇ। ਮੁੱਖ ਪੰਜਾਬੀ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਵਾਰਤਕ-ਸੰਗ੍ਰਹਿ :** ਕੁਦਰਤੀ ਮਜ਼੍ਹਬ, ਰੋਜ਼ਾਨਾ ਜ਼ਿੰਦਗੀ ਦੀ ਸਿੱਖਿਆ, ਨਵਾਂ ਸ਼ਿਵਾਲਾ, ਇੱਕ ਦੁਨੀਆ ਦੇ ਤੇਰਾਂ ਸੁਪਨੇ, ਮਨੋਹਰ ਸ਼ਖ਼ਸੀਅਤ, ਖੁੱਲ੍ਹਾ ਦਰ, ਪ੍ਰਸੰਨ ਲੰਮੀ ਉਮਰ, ਪਰਮ ਮਨੁੱਖ, ਸਾਵੀਂ ਪੱਧਰੀ ਜ਼ਿੰਦਗੀ, ਸੁਖਾਵੀਂ ਸੁਥਰੀ ਜ਼ਿੰਦਗੀ, ਸਾਡੇ ਵਾਰਸ, ਭਖਦੀ ਜੀਵਨ ਚੰਗਿਆੜੀ, ਸਵੈ-ਪੂਰਨਤਾ ਦੀ ਲਗਨ, ਜ਼ਿੰਦਗੀ ਦੀ ਕਵਿਤਾ, ਜ਼ਿੰਦਗੀ ਦੀ ਰਾਸ, ਖ਼ੁਸ਼ਹਾਲ ਜੀਵਨ, ਚੰਗੇਰੀ ਦੁਨੀਆ, ਜ਼ਿੰਦਗੀ ਦੀ ਡਾਟ, ਨਵੀਂ ਤਕੜੀ ਦੁਨੀਆ, ਰੀਝਾਂ ਦੀ ਖੱਡੀ।

**ਪੂਰੇ ਨਾਟਕ ਅਤੇ ਇਕਾਂਗੀ-ਸੰਗ੍ਰਹਿ :** ਰਾਜਕੁਮਾਰੀ ਲਤਿਕਾ, ਪ੍ਰੀਤਮਣੀ, ਪ੍ਰੀਤਮੁਕਟ, ਪੂਰਬ ਪੱਛਮ, ਕੋਧਰੇ ਦੀ ਰੋਟੀ, ਸਾਡੀ ਹੋਣੀ ਦਾ ਲਿਸ਼ਕਾਰਾ।

**ਕਹਾਣੀ-ਸੰਗ੍ਰਹਿ :** ਪ੍ਰੀਤ ਕਹਾਣੀਆਂ, ਅਨੋਖੇ ਅਤੇ ਇਕੱਲੇ, ਨਾਗ ਪ੍ਰੀਤ ਦਾ ਜਾਦੂ, ਵੀਣਾ ਵਿਨੋਦ, ਭਾਬੀ ਮੈਨਾ ਅਤੇ ਹੋਰ ਕਹਾਣੀਆਂ, ਅਸਮਾਨੀ ਮਹਾਂ ਨਦੀ, ਪ੍ਰੀਤਾਂ ਦੀ ਪਹਿਰੇਦਾਰ, ਜ਼ਿੰਦਗੀ ਵਾਰਸ ਹੈ, ਸ਼ਬਨਮ, ਮੇਰੀ ਗੁਲਬਦਨ, ਰੰਗ ਸਹਿਕਦਾ ਦਿਲ, ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ।

**ਨਾਵਲ :** ਅਣਵਿਆਹੀ ਮਾਂ, ਰੁੱਖਾਂ ਦੀ ਜੀਰਾਂਦ।

**ਸਫ਼ਰਨਾਮਾ :** ਦੁਨੀਆ ਇੱਕ ਮਹੱਲ ਹੈ।

**ਅਨੁਵਾਦ :** ਏਸ਼ੀਆ ਦਾ ਚਾਨਣ (ਐਡਵਿਨ ਆਰਨਲਡ), ਸੁਪਨੇ (ਆਲਵ ਸਰੀਨਰ), ਮਾਂ (ਗੋਰਕੀ),ਘਾਹ ਦੀਆਂ ਪੱਤੀਆਂ (ਵਾਲਟ ਵਿਟਮੈਨ), ਮੋਲੀਅਰ ਦੇ ਦੋ ਨਾਟਕ।

ਮੇਰੇ ਝਰੋਖੇ 'ਚੋਂ, ਮੇਰੀਆਂ ਅਭੁੱਲ ਯਾਦਾਂ, ਮੇਰੀ ਜੀਵਨ ਕਹਾਣੀ-1, ਮੰਜ਼ਲ ਦਿਸ ਪਈ-2 ਮੇਰੀ ਜੀਵਨ ਕਹਾਣੀ-3, ਗੁਰਬਖ਼ਸ਼ ਸਿੰਘ ਦੀ ਸ੍ਵੈਜੀਵਨੀ ਦੀਆ ਪੁਸਤਕਾ ਹਨ।

ਹਥਲੀ ਪਾਠ-ਪੁਸਤਕ ਵਿਚਲਾ ਪਾਠ ਗੁਰਬਖ਼ਸ਼ ਸਿੰਘ ਦੀ ਸ੍ਵੈਜੀਵਨੀ 'ਮੇਰੀ ਜੀਵਨ ਕਹਾਣੀ'-1 (ਸੰਨ 1895-1924)* ਵਿੱਚੋਂ ਲਿਆ ਗਿਆ ਹੈ।

ਇਸ ਪਾਠ ਤੋਂ ਗੁਰਬਖ਼ਸ਼ ਸਿੰਘ ਦੀ ਸਿਹਤਮੰਦ ਜੀਵਨ-ਦ੍ਰਿਸ਼ਟੀ, ਮਨੁੱਖੀ ਸੰਬੰਧਾਂ ਦੀ ਸਮਝ ਅਤੇ ਸੁਹਜ ਲਈ ਪਿਆਰ ਦਾ ਪਤਾ

* ਗੁਰਬਖ਼ਸ਼ ਸਿੰਘ, ਮੇਰੀ ਜੀਵਨ ਕਹਾਣੀ-1 ਨਵਯੁਗ ਪਬਲਿਸਰਜ, ਦਿੱਲੀ, ਤੀਜੀ ਵਾਰ 1974

ਲੱਗਦਾ ਹੈ। ਆਪਣੀ ਗੱਲ ਕਹਿਣ ਦੇ ਨਾਲ਼-ਨਾਲ਼ ਕੀਤੀਆਂ ਅਨੇਕਾਂ ਢੁਕਵੀਆਂ ਭਾਵਪੂਰਤ ਟਿੱਪਣੀਆਂ ਉਸ ਦੇ ਜੀਵਨ-ਫ਼ਲਸਫ਼ੇ ਨੂੰ ਦਰਸਾਉਂਦੀਆਂ ਹਨ।

'ਮੇਰੀ ਜੀਵਨ ਕਹਾਣੀ' ਦੇ ਅਰੰਭ ਵਿੱਚ ਦਿੱਤੇ ਗੁਰਬਖ਼ਸ਼ ਸਿੰਘ ਦੇ ਸ਼ਬਦਾਂ ਵਿੱਚੋਂ ਇਹ ਟੂਕ ਧਿਆਨਯੋਗ ਹੈ।

"ਆਪਣੀ ਜੀਵਨ-ਕਹਾਣੀ ਲਿਖਣ ਦੀ ਗੁਸਤਾਖ਼ੀ ਮੈਂ ਕਦੇ ਨਾ ਕਰ ਸਕਦਾ, ਜੇ ਇਹ ਕਹਾਣੀ ਬਹੁਤੀ ਦੂਜਿਆਂ ਦੀ ਕਹਾਣੀ ਨਾ ਹੁੰਦੀ।.... ਮੇਰੇ ਰਾਹ ਵਿੱਚ ਅਨੇਕਾਂ ਅਸਧਾਰਨ ਚੰਗੀਆਂ ਆਤਮਾਵਾਂ ਆਈਆਂ ਹਨ ਜਿਨ੍ਹਾਂ ਨੇ ਮੇਰੀਆਂ ਅਉਗਣ-ਰੁਚੀਆਂ ਘਟਾਈਆਂ ਤੇ ਮੈਨੂੰ ਚੰਗੇ ਹੋਣ ਲਈ ਪ੍ਰੇਰਿਆ ਹੈ।.... ਇਹਨਾਂ ਸਾਰੇ ਚੰਗੇ ਤੇ ਪਿਆਰੇ ਲੋਕਾਂ ਨਾਲ਼, ਤੁਹਾਡੀ ਜਾਣ-ਪਛਾਣ ਕਰਾਉਣ ਲਈ ਮੈਂ ਇਹ ਕਹਾਣੀ ਲਿਖੀ ਹੈ।"

# ਮਨੁੱਖ ਨਾਲ਼ ਮਨੁੱਖ ਦਾ ਮੇਲ਼ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ।

ਸਵਿਟਜ਼ਰਲੈਂਡ ਦੇ ਸ਼ਹਿਰ ਜਿਊਰਿਕ ਜਾ ਰਿਹਾ ਸਾਂ। ਰਸਤੇ ਵਿੱਚ ਬਹੁਤ ਬਰਫ਼ ਪੈਣ ਦੀਆਂ ਖ਼ਬਰਾਂ ਮਿਲ਼ ਰਹੀਆਂ ਸਨ। ਓੜਕ ਇੱਕ ਥਾਂ ਰੇਲ-ਲਾਈਨ ਉੱਤੇ ਬਰਫ਼ ਦੀ ਇੱਕ ਚਟਾਨ ਢਹਿ ਹੀ ਪਈ। ਸਾਥੋਂ ਪਹਿਲੀ ਗੱਡੀ ਦਾ ਕੁਝ ਨੁਕਸਾਨ ਵੀ ਹੋ ਗਿਆ, ਸਾਡੀ ਗੱਡੀ ਦਾ ਰਾਹ ਬਦਲ ਕੇ ਜ਼ਿਊਰਿਕ ਦੀ ਥਾਂ ਸਾਨੂੰ ਜਰਮਨੀ ਦੇ ਇੱਕ ਸ਼ਹਿਰ, ਮਿਊਨਿਕ ਪੁਚਾਇਆ ਗਿਆ।

ਉਦੋਂ ਐਡੀ ਵੱਡੀ ਲੜਾਈ ਹੋ ਚੁੱਕਣ ਦੇ ਬਾਅਦ ਵੀ ਰਾਹਦਾਰੀ-ਪੱਤਰ (ਵੀਜ਼ਾ) ਲੈਣੇ ਏਡੇ ਮੁਸ਼ਕਲ ਨਹੀਂ ਸਨ। ਸਫ਼ਰੀ ਏਜੰਟ ਆਪੇ ਹੀ ਰਾਹਦਾਰੀ-ਪੱਤਰ ਲੈ ਲੈਂਦੇ ਸਨ। ਜਰਮਨੀ ਤੋਂ ਇੱਕ ਵਾਰੀ ਨਿਕਲ਼ ਜਾਣ ਬਾਅਦ ਮੈਨੂੰ ਫੇਰ ਜਰਮਨੀ ਵਿੱਚ ਦਾਖ਼ਲ ਹੋਣਾ ਪਿਆ। ਤਾਂ ਵੀ ਕੋਈ ਆਫ਼ਤ ਆਈ ਨਾ ਸਮਝੀ ਗਈ। ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਰਾਹਦਾਰੀ-ਪੱਤਰ ਲੈਣੇ ਏਦੂੰ ਵੀ ਸੁਖਾਲ਼ੇ ਦੱਸੇ ਜਾਂਦੇ ਸਨ।

ਕਦੇ ਸਾਰੀ ਦੁਨੀਆ ਹਰ ਕਿਸੇ ਦਾ ਆਪਣਾ ਦੇਸ ਹੋਵੇ! ਮੁਲਕਾਂ ਦੀਆਂ ਸਰਹੱਦਾਂ ਉੱਤੇ ਪੁਲਿਸ ਦਾ ਪੱਤਰ-ਪਰਮਾਣ ਵੇਖਣਾ ਤੇ ਸਮਾਨ ਫੋਲਣਾ ਮਨੁੱਖ ਵਿੱਚ ਘਟੀਆ ਹੋਣ ਦਾ ਅਹਿਸਾਸ ਪਕਿਆਂਦਾ ਰਹਿੰਦਾ ਹੈ। ਮਨੁੱਖ ਹੋਣ ਦਾ ਪੂਰਾ ਸੁਆਦ ਮਨੁੱਖ ਨੂੰ ਓਦੋਂ ਹੀ ਆਵੇਗਾ ਜਦੋਂ ਮਨੁੱਖ ਦੇ ਮੂੰਹ ਦਾ ਲਫ਼ਜ਼ ਲਿਖੇ ਹੋਏ ਅਸ਼ਟਾਮ ਨਾਲੋਂ ਵਧੇਰੇ ਇਤਬਾਰੀ ਗਿਣਿਆ ਜਾਏਗਾ ਤੇ ਕਿਸੇ ਪਾਸਪੋਰਟ ਜਾਂ ਰਾਹਦਾਰੀ-ਪੱਤਰ ਦੀ ਲੋੜ ਨਹੀਂ ਰਹੇਗੀ।

ਮੈਨੂੰ ਸਾਰੇ ਮੁਲਕਾਂ ਦੇ ਲੋਕ ਬੜੇ ਚੰਗੇ ਲੱਗੇ, ਸਾਰੀਆਂ ਧਰਤੀਆਂ ਬੜੀਆਂ ਪਿਆਰੀਆਂ ਲੱਗੀਆਂ। ਪਰ ਹਫ਼ਤੇ-ਦੂੰਹ ਹਫ਼ਤੀਂ ਪੁਲਿਸੀ ਪੜਤਾਲ ਸ਼ੱਕੀ ਸਮਝੇ ਜਾਣ ਦੀ ਬੇਅਰਾਮੀ ਪੈਦਾ ਕਰ ਦੇਂਦੀ ਸੀ। ਮਨੁੱਖੀ ਆਤਮਾ ਨੂੰ ਚੁੜਿੱਤਣ ਦੇਣ ਲਈ ਪਰਦੇਸਾਂ ਵਿੱਚ ਹਮਦਰਦੀ ਭਰਿਆ ਸਫ਼ਰ ਬੜਾ ਹੀ ਸਫਲ ਸਾਧਨ ਹੈ।

ਦੋ ਦਿਨ ਪਛੜ ਕੇ ਮੈਂ ਜਿਊਰਿਕ ਪਹੁੰਚਿਆ। ਏਥੇ ਐਲਿਜ਼ੀ ਦੀ ਤਾਰ ਮੇਰੀ ਸੁੱਖ ਪੁੱਛ ਰਹੀ ਸੀ। ਉਸ ਨੇ ਅਖ਼ਬਾਰ ਵਿੱਚ ਬਰਫ਼ ਨਾਲ਼ ਟਕਰਾਈ ਗੱਡੀ ਦਾ ਹਾਲ ਪੜ੍ਹਿਆ ਸੀ ਤੇ ਹਾਦਸਾ ਪ੍ਰੋਗਰਾਮ ਦੀਆਂ ਤਰੀਕਾਂ ਦੇ ਨੇੜੇ-ਨੇੜੇ ਸੀ। ਪਰ ਪਰਦੇਸ ਵਿੱਚ ਦੇਸ ਦਾ ਨਿੱਘ ਆ ਗਿਆ। ਮੈਂ ਲੰਮੀ ਸਾਰੀ ਤਾਰ ਐਲਿਜ਼ੀ ਨੂੰ ਦਿੱਤੀ ਤੇ ਇੱਕ ਚੰਗਾ ਜਿਹਾ ਖ਼ਤ ਲਿਖਿਆ।

ਪਾਟਸਡੈਮ ਵਿੱਚ ਮਾਸਟਰ ਐੱਮ.ਐੱਨ.ਰਾਏ ਦੀ ਪਤਨੀ ਨੇ ਮੈਨੂੰ ਤਾਕੀਦ ਕੀਤੀ ਸੀ ਕਿ ਜ਼ਿਊਰਿਕ ਵਿੱਚ ਉਹਦੇ ਪਤੀ ਨੂੰ ਮੈਂ ਢੂੰਡ ਕੇ ਮਿਲਾਂ। ਉਹਨਾ ਨੂੰ ਮੈਂ ਲੱਭ ਹੀ ਲਿਆ ਪਰ ਜੇਡਾ ਮੈਂ ਉਹਨਾਂ ਦਾ ਨਾ ਸੁਣਿਆ ਹੋਇਆ ਸੀ, ਓਡੇ ਉਹ ਮੈਨੂੰ ਜਾਪੇ ਨਾ। ਉਹਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਉਹ ਗਾਂਧੀ ਜੀ ਦੇ ਕੱਟੜ ਵਿਰੋਧੀ ਸਨ ਤੇ ਮੇਰਾ ਰਵੱਈਆ ਗਾਂਧੀ ਜੀ ਵੱਲ ਸ਼ਰਧਾ ਭਰਿਆ ਸੀ। ਉਹਨਾ ਦੇ ਖ਼ਿਆਲ ਵਿੱਚ ਹਿੰਦੁਸਤਾਨ ਦੀ ਹਰ ਅਹੁਰ ਦਾ ਕਾਰਨ ਗਾਂਧੀ ਜੀ ਦੀ ਪਿਛਾਂਹ-ਖਿੱਚੂ ਵਿਚਾਰਧਾਰਾ ਸੀ। ਕਿੰਨਾ ਹੀ ਸਾਹਿਤ ਉਹਨਾਂ ਮੈਨੂੰ ਹਿੰਦੁਸਤਾਨ ਲਿਜਾਣ ਲਈ ਦਿੱਤਾ। ਏਸ ਸਾਹਿਤ ਦੀ ਸਭ ਤੋਂ ਵੱਡੀ ਕਿਤਾਬ ਉਹਨਾਂ ਦੀ ਆਪਣੀ ਰਚਨਾ ਸੀ, "ਗਾਂਧੀ ਦੀਆਂ ਗ਼ਲਤੀਆਂ"(Fallicies of Gandhi)

ਮਿਸਟਰ ਰਾਏ ਨਾਲ਼ ਭੁਗਤ ਕੇ ਮੈਂ ਜਿਊਰਿਕ ਸ਼ਹਿਰ ਵੇਖਿਆ। ਬੜਾ ਹੀ ਸਾਫ਼ ਸ਼ਹਿਰ ਹੈ। ਜ਼ਿਊਰਿਕ ਝੀਲ ਦਾ ਦ੍ਰਿਸ਼ ਬੜਾ ਹੀ ਪਿਆਰਾ ਲੱਗਾ—ਸਵਿਸ ਹੋਟਲਾਂ ਦੀ ਸੇਵਾ ਯੂਰਪ ਵਿੱਚ ਮਸ਼ਹੂਰ ਹੈ। ਹੋਟਲ-ਸੇਵਾ ਵਿੱਚ ਇਹ ਲੋਕ ਉਸਤਾਦ ਮੰਨੇ ਜਾਂਦੇ ਹਨ। ਇਹ ਆਪਣੇ ਸ਼ਹਿਰ ਨੂੰ ਬੜਾ ਸੋਹਣਾ ਰੱਖਣ ਦਾ ਜਤਨ ਕਰਦੇ ਹਨ। ਕਿਸੇ ਨੇ ਸੱਚ ਆਖਿਆ ਹੈ ਕਿ ਸੋਹਣੇ ਕੱਪੜੇ ਪਾਣ ਵਾਲ਼ੇ ਲੋਕ ਏਨਾ ਖ਼ਰਚ ਸਿਰਫ਼ ਆਪਣੇ ਸ਼ੌਕ ਲਈ ਨਹੀਂ ਕਰਦੇ ਜਿੰਨਾ ਦੂਜਿਆਂ ਦੀਆਂ ਅੱਖਾਂ ਵਿੱਚ ਚੰਗਾ ਲੱਗਣ ਲਈ। ਤੇ ਜਿੰਨਾ ਕੋਈ ਦੂਜਿਆਂ ਤੋਂ ਬੇਪਰਵਾਹ ਹੋਵੇ, ਓਨਾ ਹੀ ਉਹ ਆਪਣੀ ਪੁਸ਼ਾਕ ਤੋਂ ਬੇਪਰਵਾਹ ਹੁੰਦਾ ਹੈ। ਸਵਿਸ ਲੋਕਾਂ ਵਿੱਚ ਠਰਕ ਹੈ ਕਿ ਉਹਨਾਂ ਦਾ ਮੁਲਕ ਦੂਜਿਆਂ ਨੂੰ ਚੰਗਾ ਲੱਗੇ। ਹਰ ਸ਼ਹਿਰੀ ਨੂੰ ਏਸ ਗੱਲ ਦਾ ਚੇਤਾ ਰਹਿੰਦਾ ਹੈ ਕਿ ਉਹਨਾਂ ਦਾ ਮੁਲਕ ਦੂਜਿਆਂ ਦੀ ਸੈਰਗਾਹ ਹੈ ਏਸ ਲਈ ਇਹਦੀ ਸਫ਼ਾਈ ਉੱਤੇ ਇਹਦੀ ਸ਼ੁਹਰਤ ਉੱਤੇ ਕੋਈ ਧੱਬਾ ਨਾ ਲੱਗੇ। ਮੇਰਾ ਉਦੋਂ ਇਹ ਅਨੁਮਾਨ ਸੀ ਕਿ ਸਵਿਟਜ਼ਰਲੈਂਡ ਯੂਰਪ ਦਾ ਸਭ ਤੋਂ ਸਾਫ਼ ਮੁਲਕ ਹੈ ਤੇ ਸਫ਼ਾਈ ਵਿੱਚ ਕਈ ਆਤਮਿਕ ਗੁਣ ਵੀ ਹੁੰਦੇ ਹਨ।

ਜ਼ਿਊਰਿਕ ਤੋਂ ਕੁਝ ਫ਼ਾਸਲੇ ਉੱਤੇ ਸੇਂਟ ਮੋਰਿਟਜ਼, ਏਸ ਮੁਲਕ ਦੀ ਸਿਆਲ਼ੇ ਦੀ ਸੈਰਗਾਹ ਹੈ। ਹਰ ਕਿਸਮ ਦੀਆਂ ਖੇਡਾਂ ਏਥੇ ਹੁੰਦੀਆਂ ਹਨ। ਸਿਆਲ਼ ਵਿੱਚ ਏਨੀ ਬਰਫ਼ ਪਈ ਹੁੰਦੀ ਹੈ ਕਿ ਸਾਰਾ ਸਮਾਂ ਧਰਤੀ ਦੀ ਇੱਕ ਇੰਚ ਵੀ ਬਰਫ਼ ਤੋਂ ਖ਼ਾਲੀ ਨਹੀਂ ਹੁੰਦੀ। ਬਿਜਲੀ ਦੀਆਂ ਤਾਰਾਂ ਵੀ ਚਿੱਟੀਆਂ ਰਹਿੰਦੀਆਂ ਹਨ।

ਦੋ ਦਿਨ ਦੇ ਪਛੜੇਵੇਂ ਕਰਕੇ ਇੱਥੇ ਹੋਟਲ ਵਿੱਚ ਮੈਨੂੰ ਆਪਣੀ ਰਾਖਵੀਂ ਕਰਾਈ ਥਾ ਨਾ ਮਿਲੀ। ਪਹਿਲਾ ਅਸਰ ਤਾਂ ਇਹੋ-ਜਿਹੀ ਘਟਨਾ ਦਾ ਨਿਰਾਸਤਾ ਹੀ ਹੁੰਦਾ ਹੈ ਪਰ ਮੇਰਾ ਤਜਰਬਾ ਮੈਨੂੰ ਦੱਸਦਾ ਹੈ ਕਿ ਜਦੋਂ ਕਦੇ ਬਿਨਾਂ ਆਪਣੇ ਕਸੂਰ ਮੇਰਾ ਪ੍ਰੋਗਰਾਮ ਥਿੜਕ ਜਾਏ ਤਾਂ ਬਹੁਤੀ ਵਾਰੀ ਕੋਈ ਦਿਲਚਸਪ ਜੋੜ ਜੁੜ ਜਾਂਦਾ ਹੈ।

ਹੋਟਲ ਦੇ ਮੈਨੇਜਰ ਨੇ ਟੈਲੀਫ਼ੂਨ ਕਰ ਕੇ ਮੈਨੂੰ ਕਿਸੇ ਪਰਿਵਾਰ ਵਿੱਚ ਥਾਂ ਲੈ ਦਿੱਤੀ। ਏਸ ਮੁਲਕ ਵਿੱਚ ਰੰਗ ਦੇ ਖ਼ਿਲਾਫ਼ ਤਅੱਸਬ ਬੜਾ ਘੱਟ ਹੈ। ਏਸ ਮੁਲਕ ਦੀ ਖ਼ੁਸ਼ਹਾਲੀ ਦਾ ਚੋਖਾ ਨਿਰਭਰ ਪਰਦੇਸੀਆਂ ਦੀ ਸ਼ੁੱਭ-ਇੱਛਾ ਉੱਤੇ ਹੈ। ਸਵਿਸ ਲੋਕਾਂ ਦੀ ਆਪਣੀ ਸ਼ੁੱਭ-ਇੱਛਾ ਤੇ ਸੇਵਾ, ਹਰ ਮੁਲਕ ਤੋਂ ਯਾਤਰੂ ਖਿੱਚ ਲਿਆਉਂਦੀ ਹੈ।

ਕਾਸ਼ ! ਕਦੇ ਹਰ ਕਿਸੇ ਦੀ ਖ਼ੁਸ਼ਹਾਲੀ ਦਾ ਦੂਜਿਆਂ ਦੀ ਸ਼ੁੱਭ-ਇੱਛਾ ਨਾਲ਼ ਲੁਕਿਆ ਸੰਬੰਧ ਹਰ ਕਿਸੇ ਦੀ ਸਮਝ ਵਿੱਚ ਆ ਜਾਵੇ। ਸਵਿਸ ਲੋਕਾਂ ਨੇ ਇਹ ਭੇਤ ਸਮਝ ਲਿਆ ਹੈ ਤੇ ਉਹਨਾਂ ਦੀ ਜ਼ਿੰਦਗੀ ਦਾ ਪਿਆਰ ਯੂਰਪ ਵਿੱਚ ਬੜਾ ਉੱਚਾ ਗਿਣਿਆ ਜਾਂਦਾ ਹੈ।

ਉਦੋਂ ਮੈਂ ਆਪਣਾ ਕਸ਼ਮੀਰ ਨਹੀਂ ਸੀ ਵੇਖਿਆ ਹੋਇਆ। ਇੱਕ ਸੱਜਣ ਨੇ ਮੈਨੂੰ ਸ਼ੁੱਭ-ਇੱਛਾਵਾਂ ਦੇ ਕੇ ਪੁੱਛਿਆ ਕਿ ਮੈਨੂੰ ਸੇਂਟ ਮੋਰਿਟਜ਼ ਕਿਹੋ-ਜਿਹਾ ਲੱਗਾ ਸੀ ? ਮੈਂ ਬੜੀ ਤਾਰੀਫ਼ ਕੀਤੀ ਪਰ ਉਸ ਨੇ ਉੱਤਰ ਦਿੱਤਾ, "ਹਾਂ—ਬੜਾ ਸੋਹਣਾ ਹੈ ਪਰ ਕਸਮੀਰ ਨਾਲ਼ੋਂ ਸੋਹਣਾ ਨਹੀਂ।"

ਮੈਨੂੰ ਸ਼ਰਮ ਆਈ ਕਿ ਮੈਂ ਆਪਣੇ ਦੇਸ ਦੀ ਖ਼ੂਬਸੂਰਤੀ ਤੋਂ ਵਾਕਫ਼ ਨਹੀਂ ਸਾਂ—ਪਰ ਹੋ ਵੀ ਕਿਸ ਤਰ੍ਹਾਂ ਸਕਦਾ ਸਾਂ, ਮੇਰੇ ਲਈ ਤਾਂ ਆਪਣੀ ਪੜ੍ਹਾਈ ਦੀ ਫ਼ੀਸ ਦੇਣਾ ਜਾਂ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਹਮੇਸ਼ਾ ਬੜੇ ਔਖੇ ਸੁਆਲ ਬਣੇ ਰਹੇ ਸਨ। ਵੇਖਣ, ਜਾਣਨ ਤੇ ਪਿਆਰ ਦੀ ਸਿੱਕ ਨੇ ਮੇਰੇ ਪੈਰੀਂ ਚੱਕਰ ਪਾਏ, ਤੇ ਮੈਂ ਏਥੇ ਪਹੁੰਚ ਗਿਆ ਸਾਂ। ਇਹ ਸਿੱਕ ਮੈਨੂੰ ਕਦੇ ਕਸ਼ਮੀਰ ਦੀਆਂ ਸੋਹਣੀਆਂ ਵਾਦੀਆਂ ਵਿੱਚ ਵੀ ਲੈ ਜਾਏਗੀ, ਮੈਂ ਆਸ ਕੀਤੀ।

ਪਰ ਜਿਸ ਇਸਤਰੀ ਦੇ ਘਰ ਮੈਨੂੰ ਰਹਾਇਸ਼ ਮਿਲੀ ਸੀ ਉਹਦਾ ਦਿਲ ਕਿਸੇ ਸੋਹਣੀ ਵਾਦੀ ਨਾਲ਼ੋਂ ਘੱਟ ਸੋਹਣਾ ਨਹੀਂ ਸੀ। ਇੱਕ-ਦੋ ਦਿਨ ਵਿੱਚ ਹੀ ਉਹਨੂੰ ਰੋਜ਼ਾਨਾ ਮੇਰੀ ਘਰ-ਵਾਪਸੀ ਦੀ ਉਡੀਕ ਹੋਣ ਲੱਗ ਪਈ। ਉਹ ਚਿੰਤਾ ਕਰਨ ਲੱਗ ਪਈ ਕਿ ਮੇਰਾ ਵੱਡਾ ਕੋਟ ਭਾਰਾ ਨਹੀਂ ਸੀ, ਮੈਂ ਸ਼ਰਾਬ ਨਹੀਂ ਸੀ ਪੀਂਦਾ, ਮੈਂ ਚਾਹ ਵੀ ਨਹੀਂ ਸਾਂ ਪੀਂਦਾ। ਜਦੋਂ ਠੰਢ ਬਹੁਤੀ ਹੋ ਜਾਂਦੀ ਤਾਂ ਉਹ ਮੇਰਾ ਰਾਹ ਤੱਕਦੀ ਰਹਿੰਦੀ ਮਤੇ ਮੈਨੂੰ ਕੁਝ ਹੋ ਗਿਆ ਹੋਵੇ, ਉਹਨੂੰ ਯਕੀਨ ਦੁਆਣ ਦੀ ਲੋੜ ਮੈਨੂੰ ਕਈ ਵਾਰੀ ਪੈ ਜਾਂਦੀ। ਮੈਂ ਉਹਨੂੰ ਦੱਸਦਾ ਕਿ ਮੇਰੀ ਸਿਹਤ ਬੜੀ ਚੰਗੀ ਸੀ। ਪਿਛਲੇ ਚਹੁੰ ਸਾਲਾਂ ਵਿੱਚ ਸਿਰਫ਼ ਇੱਕ ਦਿਨ ਮੈਂ ਕੰਮ ਤੋਂ ਛੁੱਟੀ ਲਈ ਸੀ। ਸੁਣ ਕੇ ਉਹ ਬੜੀ ਖ਼ੁਸ਼ ਹੋ ਜਾਂਦੀ ਪਰ ਜ਼ਰਾ ਦੇਰ ਲੱਗੀ ਨਹੀਂ ਕਿ ਮੈਨੂੰ ਠੰਢ ਲੱਗ ਜਾਣ ਦੀ ਚਿੰਤਾ ਉਹਨੂੰ ਹੋਈ ਨਹੀਂ।

ਉਸ ਨੇ ਰਾਤ ਖਾਣਾ ਮੇਰੇ ਨਾਲ਼ ਖਾਣ ਵਿੱਚ ਖ਼ੁਸ਼ੀ ਦੱਸੀ ਸੀ ਤੇ ਉਹ ਮੈਨੂੰ ਉਡੀਕਦੀ ਰਹਿੰਦੀ। ਰਾਤੀਂ ਉਹਦਾ ਮੇਰੇ ਕੋਲ਼ ਬੈਠੇ ਰਹਿਣਾ ਲੰਮਾ ਹੁੰਦਾ ਗਿਆ। ਉਹ ਇੱਕ ਵਿਧਵਾ ਇਸਤਰੀ ਸੀ। ਉਹਦੇ ਦੋ ਬੱਚੇ ਸਨ, ਵੱਡੀ ਕੁੜੀ ਤੇਰ੍ਹਾਂ ਵਰ੍ਹਿਆਂ ਦੀ ਸੀ। ਆਪਣੇ ਘਰ ਵਿੱਚ ਮਹਿਮਾਨ ਰੱਖ ਕੇ ਉਹ ਗੁਜ਼ਾਰਾ ਕਰਦੀ ਸੀ ਪਰ ਬੜਾ ਚੰਗਾ ਗੁਜ਼ਾਰਾ ਜਾਪਦਾ ਸੀ। ਉਹਦੇ ਘਰ ਨਾਲ਼ੋਂ ਵੱਡੇ ਘਰ ਤਾਂ ਹਿੰਦੁਸਤਾਨ ਵਿੱਚ ਅਨੇਕਾਂ ਅਮੀਰਾਂ ਦੇ ਹੋਣਗੇ ਪਰ ਏਡਾ ਸਾਫ਼, ਏਡਾ ਸਜਿਆ ਲੁੜੀਂਦੇ ਹਰ ਸਮਾਨ ਨਾਲ਼ ਏਡਾ ਭਰਪੂਰ ਤੇ ਸਾਮਾਨ ਦੀ ਇੱਕ-ਇੱਕ ਚੀਜ਼ ਏਨੀ ਵਧੀਆ-ਕਿਸੇ ਵਿਰਲੇ ਅਮੀਰ ਤੋਂ ਅਮੀਰ ਦਾ ਘਰ ਹੀ ਹੋ ਸਕਦਾ ਸੀ। ਘੱਟ ਤੋਂ ਘੱਟ ਮੈਂ ਕੋਈ ਹਿੰਦੁਸਤਾਨੀ ਘਰ ਉਸ ਵੇਲ਼ੇ ਤੱਕ ਉਹਦੇ ਵਰਗਾ ਨਹੀਂ ਸੀ ਵੇਖਿਆ।

ਟਾਲਸਟਾਏ ਦੇ ਸਾਹਿਤ ਦਾ ਮੇਰੇ ਉੱਤੇ ਬੜਾ ਪ੍ਰਭਾਵ ਸੀ ਪਰ ਮੈਨੂੰ ਸਮਾਜਵਾਦੀ ਨਿਜ਼ਾਮ ਬਾਰੇ ਕੋਈ ਬਹੁਤਾ ਗਿਆਨ ਨਹੀਂ ਸੀ। ਮੇਰੇ ਦਿਲ ਵਿੱਚ ਸਵਿਸ ਨਿਜ਼ਾਮ ਦੀ ਬੜੀ ਕਦਰ ਪੈਦਾ ਹੋ ਗਈ ਜਿਸ ਦੇ ਜ਼ਰੀਏ ਲੋਕਾ ਦਾ ਜੀਵਨ-ਪੱਧਰ ਏਡਾ ਉੱਚਾ ਹੋ ਗਿਆ ਸੀ, ਖ਼ਾਸ ਕਰ ਜਦੋਂ ਸਵਿਟਜ਼ਰਲੈਂਡ ਕੋਈ ਸਾਮਰਾਜੀ ਦੇਸ ਨਹੀਂ ਸੀ। ਇਸ ਦਾ ਕਿਸੇ ਏਸ਼ਿਆਈ ਮੁਲਕ ਉੱਤੇ ਕਬਜ਼ਾ ਨਹੀਂ ਸੀ। ਏਥੇ ਮੈਨੂੰ ਸਭ ਵੇਖੇ ਹੋਏ ਮੁਲਕਾਂ ਵਿੱਚੋਂ ਘੱਟ ਗ਼ਰੀਬੀ ਦਿਸੀ। ਏਉਂ ਵੀ ਕਹਿ ਸਕਦਾ ਹਾਂ ਕਿ ਉਸ ਥੋੜ੍ਹੇ ਸਮੇਂ ਵਿੱਚ ਮੈਂ ਕੋਈ ਗ਼ਰੀਬ ਮਨੁੱਖ ਉੱਥੇ ਨਹੀਂ ਵੇਖਿਆ। ਜਿਸ ਘਰ ਵਿੱਚ ਵੀ ਵੜਿਆ, ਉਹ ਮੈਨੂੰ ਬੜਾ ਚੰਗਾ ਦਿਸਿਆ। ਕੋਈ ਕੰਗਾਲ-ਕੋਠੜੀ ਮੇਰੇ ਵੇਖਣ ਵਿੱਚ ਨਾ ਆਈ। ਹੋਰਨਾਂ ਮੁਲਕਾਂ ਵਿੱਚ ਭਾਵੇਂ ਮੈਂ ਇੱਕ ਹਫ਼ਤਾ ਹੀ ਰਿਹਾ ਹੋਵਾਂ, ਗ਼ਰੀਬੀ ਮੈਨੂੰ ਦਿਸ ਪਈ ਸੀ।

ਪ੍ਰਸ਼ੰਸਾ ਦਾ ਹੁਨਰ ਸਵਿਸ ਮੇਜ਼ਬਾਨ ਇਸਤਰੀਆਂ ਵਿੱਚ ਸੁਭਾਵਿਕ ਹੁੰਦਾ ਹੈ ਪਰ ਜਿਹੜੀ ਪ੍ਰਸ਼ੰਸਾ ਮੇਰੀ ਮੇਜ਼ਬਾਨ ਮੇਰੀ ਕਰਦੀ, ਸਾਰੇ ਦਿਨ ਦੀ ਥਕਾਵਟ ਠੰਢੇ ਚਹੁੰ ਲਫ਼ਜ਼ਾਂ ਨਾਲ਼ ਦੂਰ ਕਰ ਦਿੰਦੀ।

"ਬੜੇ ਮਹਿਮਾਨ ਮੇਰੇ ਘਰ ਰਹਿ ਗਏ ਹਨ, ਉਹਨਾਂ ਦੇ ਨਾਂ ਸਿਰਫ਼ ਮੇਰੇ ਰਜਿਸਟਰ ਵਿੱਚ ਲਿਖੇ ਰਹਿ ਗਏ ਨੇ......" ਤੇ ਏਨਾ ਕਹਿ ਕੇ ਉਹ ਚੁੱਪ ਕਰ ਗਈ।

"ਮੈਂ ਵੀ ਆਪਣਾ ਨਾ ਏਸੇ ਰਜਿਸਟਰ ਵਿੱਚ ਲਿਖ ਜਾਵਾਂਗਾ।"

"ਪਰ ਉਹ ਉੱਥੇ ਲਿਖਿਆ ਹੀ ਨਹੀਂ ਰਹਿਣਾ...." ਤੇ ਅੱਗੋਂ ਫੇਰ ਉਹ ਰੁਕ ਗਈ।

"ਓਦੋਂ ਚੰਗੇਰੀ ਕਿਹੜੀ ਕਿਸਮਤ ਉਹਨੂੰ ਮਿਲਣ ਵਾਲ਼ੀ ਹੈ ?" ਮੈਂ ਕੁਝ-ਕੁਝ ਬੁੱਝ ਲਿਆ ਸੀ।

ਆਪਣੀ ਬੀਬੀ ਛਾਤੀ ਉੱਤੇ ਹੱਥ ਰੱਖ ਕੇ ਉਸ ਆਖਿਆ, "ਇਹ ਨਾਂ ਮੈਂ ਏਥੇ ਪਰੇ ਕੇ ਰੱਖਾਂਗੀ—ਤੁਸਾਂ ਸੱਤਾਂ ਦਿਨਾ ਵਿੱਚ ਮੇਰੇ ਘਰ ਦੀ ਹਰ ਚੀਜ਼ ਉੱਤੇ ਨਵੀਂ ਭਾਹ ਚਾੜ੍ਹ ਦਿੱਤੀ ਹੈ।"

"ਉਹ ਕਿਸ ਤਰ੍ਹਾਂ ?" ਮੈਂ ਖ਼ੁਸ਼ ਹੋ ਕੇ ਪੁੱਛਿਆ।

"ਇਹਦਾ ਮੈਨੂੰ ਪਤਾ ਨਹੀਂ—ਇਹ ਸਗੋਂ ਮੈਂ ਤੁਹਾਥੋਂ ਪੁੱਛਣ ਵਾਲੀ ਸਾਂ—ਇਹਦਾ ਕਾਰਨ ਕੀ ਹੈ—ਕਿਉਂ ਹਰ ਚੀਜ਼ ਦਾ ਰੂਪ ਬਦਲ ਗਿਆ ਹੈ, ਕਿਉਂ ਹਰ ਚੀਜ਼ ਵਿੱਚੋਂ ਮੈਨੂੰ ਨਵੇਂ ਅਰਥ ਲੱਭਣ ਲੱਗ ਪਏ ਹਨ ?"

ਉਹਦੇ ਮੂੰਹ ਉੱਤੇ ਬੜੀ ਮਿੱਠੀ ਜਿਹੀ ਤਸੱਲੀ ਦਾ ਪ੍ਰਭਾਵ ਸੀ ਤੇ ਜਿਸ ਤਰ੍ਹਾਂ ਇੱਕ ਖਿਨ ਲਈ ਮੇਰੇ ਮਨ ਆਇਆ ਸੀ, ਜੇ ਉਹਦੇ ਗਲ਼ ਮੈਂ ਬਾਹਾਂ ਪਾ ਦੇਂਦਾ ਤਾ ਵੀ ਮੇਰਾ ਯਕੀਨ ਹੈ, ਉਹਨੂੰ ਕੋਈ ਓਪਰਾ ਨਹੀਂ ਸੀ ਜਾਪਣਾ।

ਪਰ ਮੈਂ ਆਪਣੇ-ਆਪ ਨੂੰ ਰੋਕ ਲਿਆ, ਤੇ ਉਹਨੂੰ ਆਪਣੇ ਅੰਦਾਜ਼ ਵਿੱਚ ਦੱਸਿਆ, 'ਮਨੁੱਖ ਦਾ ਮਨੁੱਖ ਨਾਲ਼ ਮੇਲ ਹਮੇਸ਼ਾ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ'। ਅੱਗੇ ਤੁਹਾਡੇ ਘਰ ਬੜੇ ਚੰਗੇ ਮਹਿਮਾਨ ਆਉਂਦੇ ਰਹੇ ਹਨ ਜਿਹੜੇ ਤੁਹਾਡੀ ਸੇਵਾ ਉੱਤੇ ਪ੍ਰਸੰਨ ਹੋ ਜਾਂਦੇ ਤੇ ਤੁਹਾਨੂੰ ਆਪਣੀ ਸਖ਼ਾਵਤ ਨਾਲ਼ ਪ੍ਰਸੰਨ ਕਰ ਜਾਂਦੇ ਸਨ। ਪਰ ਅੱਜ ਤੁਹਾਡੇ ਘਰ ਉਹ ਮਨੁੱਖ ਆਇਆ ਹੈ ਜਿਹਦੀ ਮਨੁੱਖ-ਮਿਲਣੀ ਦੀ ਭੁੱਖ ਅਮਿੱਟ ਹੈ; ਕਿਸੇ ਦਿਲ ਦਾ ਦਰ ਰਤਾ ਵੀ ਖੁੱਲ੍ਹਾ ਵੇਖਿਆ ਨਹੀਂ ਕਿ ਉਹਦੀ ਰੂਹ ਉੱਡ ਅੰਦਰ ਜਾਣ ਲਈ ਫੜਫੜਾਈ ਨਹੀਂ—ਮਨੁੱਖੀ ਦਿਲ ਦੀ ਇਹੋ-ਜਿਹੀ ਫੜਫੜਾਹਟ ਆਲ਼ੇ-ਦੁਆਲ਼ੇ ਵਿੱਚ ਨਵੇਂ ਅਰਥ ਫੜਕਾ ਦਿੰਦੀ ਹੈ। ਮੈਨੂੰ ਸੇਵਾ ਦੀ ਇੱਛਾ ਨਹੀਂ ਸੀ। ਮੇਰੇ ਕੋਲ਼ ਸਖ਼ਾਵਤ ਦੱਸਣ ਦਾ ਕੋਈ ਸਨਮਾਨ ਨਹੀਂ ਸੀ —ਪਰ ਤੁਹਾਡੇ ਦਿਲ ਦੇ ਅਣਮੀਟੇ ਦਰਾਂ 'ਚੋਂ ਮੈਂ ਤੁਹਾਡੀ ਰੂਹ ਉੱਤੇ ਝਾਕ ਲਿਆ ਹੈ ਤੇ ਜਦੋਂ ਕਦੇ ਐਉਂ ਕੋਈ ਝਾਕੇ, ਦੁਨੀਆ ਦਾ ਹੋਰ ਦੀ ਹੋਰ ਦਿਸਣਾ ਅਵੱਸ਼ ਹੋ ਜਾਂਦਾ ਹੈ।

ਦੋ ਦਿਨਾਂ ਬਾਅਦ ਆਪਣੀ ਵਿਦਾਇਗੀ ਉੱਤੇ ਮੈਂ ਉੱਥੇ ਰਹਾਇਸ਼ ਲਈ ਉਹਦੇ ਕੋਲ਼ੋਂ ਬਿੱਲ ਮੰਗਿਆ। ਮੇਰੀ ਮੇਜ਼ਬਾਨ ਦੇ ਬੁੱਲ੍ਹਾਂ ਉੱਤੇ ਕਿਸੇ ਝਾਕੇ ਦੀ ਰੁਕਾਵਟ ਸੀ।

ਮੈਂ ਉਹਦੀ ਰੂਹਾਨੀ ਮਿਠਾਸ ਦੀ ਪ੍ਰਸੰਸਾ ਕੀਤੀ ਤਾਂ ਉਸ ਨੇ ਦਲੇਰ ਹੋ ਕੇ ਆਖਿਆ, "ਜੇ ਇੱਕ ਬੇਨਤੀ ਮੇਰੀ ਮੰਨ ਸਕੋ ?"

"ਐਡੀ ਮਿੱਠੀ ਮੇਜ਼ਬਾਨ ਦੀ ਕਿਹੜੀ ਗੱਲ ਮੈਂ ਮੋੜ ਸਕਦਾ ਹਾਂ ?"

"ਬੱਸ, ਇਹੋ ਕਿ ਮੈਨੂੰ ਮੇਜ਼ਬਾਨ ਨਾ ਸਮਝੋ, ਮੈਂ ਸਮਝਣਾ ਚਾਹੁੰਦੀ ਹਾਂ, ਤੁਸੀਂ ਕੀਮਤ ਦੇ ਕੇ ਮਹਿਮਾਨੀ ਲੈਣ ਮੇਰੇ ਕੋਲ਼ ਨਹੀਂ ਸਓ ਆਏ, ਮੈਨੂੰ ਮਿਲਣ ਆਏ ਸਓ, ਮੇਰੀ ਬੇਰੰਗ ਦੁਨੀਆ ਵਿੱਚ ਕੋਈ ਰਾਂਗਲੀ ਲਕੀਰ ਖਿੱਚਣ ਆਏ ਸਓ—ਤੁਹਾਡੀ ਏਸ ਦਾਤ ਲਈ ਕੋਈ ਬਿੱਲ ਪੇਸ਼ ਕਰਦੀ ਮੈਂ ਚੰਗੀ ਨਹੀਂ ਲੱਗਦੀ" ਤੇ ਉਸ ਨੇ ਮੇਰਾ ਹੱਥ ਆਪਣੇ ਦੋਹਾਂ ਹੱਥਾਂ ਵਿੱਚ ਫੜ ਲਿਆ।

"ਤੁਹਾਡੀ ਮੰਗ ਮੈਥੋਂ ਮੋੜੀ ਵੀ ਨਹੀਂ ਜਾਂਦੀ ਤੇ ਮੰਨਿਆਂ ਮੇਰੇ ਦਿਲ ਨੂੰ ਬੇਅਰਾਮੀ ਰਹੇਗੀ। ਇਹ ਤੁਹਾਡਾ ਵਿਹਾਰ ਹੈ, ਤੁਹਾਡੇ ਬੱਚਿਆਂ ਦਾ ਗੁਜ਼ਾਰ ਹੈ—ਮੈਨੂੰ ਏਸ ਸਖ਼ਾਵਤ ਦੀ ਕਦਰ ਦਾ ਮੌਕਾ ਫੇਰ ਕਦੋਂ ਮਿਲਣਾ ਹੈ ਕਿ ਨਹੀਂ ਪਰ......", ਇੱਕ ਪਲ ਸੋਚ ਕੇ ਮੈਂ ਆਖਿਆ, ਆਓ,ਦੋਵੇਂ ਅਸੀਂ ਇੱਕ-ਦੂਜੇ ਦੀ ਗੱਲ ਮੰਨ ਲਈਏ।"

"ਮੈਂ ਤੁਹਾਡੀ ਕੋਈ ਗੱਲ ਨਹੀਂ ਮੋੜ ਸਕਾਂਗੀ।"

"ਮੈਂ ਵੀ ਤੁਹਾਡੀ ਗੱਲ ਮੰਨਣ ਲਈ ਅੱਜ ਜਾਣਾ ਕੱਲ੍ਹ ਤੱਕ ਮੁਲਤਵੀ ਕਰਦਾ ਹਾਂ। ਤੁਸੀਂ ਅੱਜ ਤੱਕ ਦਾ ਬਿੱਲ ਮੇਰੇ ਕੋਲ਼ੋਂ ਲੈ ਲਵੋ—ਤੇ ਅੱਜ ਤੋਂ ਮੈਂ ਤੁਹਾਡਾ ਮਹਿਮਾਨ ਨਹੀਂ—ਉਹੀ ਕੁਝ ਹਾਂ ਜੋ ਤੁਸੀਂ ਮੈਨੂੰ ਸਮਝਣਾ ਚਾਹੁੰਦੇ ਹੋ।"

ਉਹਦਾ ਚਿਹਰਾ ਖਿੜ ਗਿਆ, "ਤਾਂ ਤੁਸੀਂ ਅੱਜ ਨਹੀਂ ਜਾਓਗੇ ?" ਤੇ ਉਸ ਨੇ ਆਪਣੀ ਧੀ ਨੂੰ ਅਵਾਜ਼ ਮਾਰੀ—"ਮਿਸਟਰ ਸਿੰਘ ਅੱਜ ਸਾਡੇ ਕੋਲ਼ੋਂ ਨਹੀਂ ਜਾਣਗੇ—ਇੱਕ ਦਿੱਨ ਹੋਰ ਰਹਿਣਗੇ— ਤੇ ਮਹਿਮਾਨ ਬਣ ਕੇ ਨਹੀਂ ਰਹਿਣਗੇ—ਸਾਡੇ ਆਪਣੇ ਬਣ ਕੇ ਰਹਿਣਗੇ— ਓ ਮਿਸਟਰ ਸਿੰਘ!"

ਤੇ ਜਿਸ ਗੱਲੋਂ ਉਸ ਰਾਤ ਉਹਦੀ ਖ਼ਾਤਰ ਮੈਂ ਆਪ ਨੂੰ ਰੋਕ ਲਿਆ ਸੀ, ਉਹ ਉਸ ਨੇ ਆਪ ਆਪਣੀ ਧੀ ਦੇ ਸਾਮ੍ਹਣੇ ਕਰ ਲਈ।

**ਔਖੇ ਸ਼ਬਦ :** **ਆਫ਼ਤ**-ਮੁਸੀਬਤ। **ਤੁਅੱਸਬ**-ਕੱਟੜਪੁਣਾ, ਪੱਖ-ਪਾਤ ਕਰਨਾ। **ਸਖ਼ਾਵਤ**-ਉਦਾਰਤਾ। **ਮੁਲਤਵੀ**-ਅਟਕਾਇਆ ਹੋਇਆ, ਅੱਗੇ ਪਾਉਣਾ।

# ਅਭਿਆਸ

(ੳ) ਵਸਤੂਨਿਸ਼ਠ ਪ੍ਰਸ਼ਨ :—

1. 'ਮਨੁੱਖ ਨਾਲ ਮਨੁੱਖ ਦਾ ਮੇਲ਼ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ', 'ਆਪ-ਬੀਤੀਆਂ' ਪੁਸਤਕ ਵਿੱਚ ਦਰਜ ਇਹ ਸ੍ਵੈਜੀਵਨੀ-ਅੰਸ਼ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਿਹੜੀ ਪੁਸਤਕ ਵਿੱਚੋਂ ਲਿਆ ਗਿਆ ਹੈ ?
2. ਜਿਊਰਿਕ ਪਹੁੰਚ ਕੇ ਲੇਖਕ ਨੂੰ ਕਿਸ ਦੀ ਤਾਰ ਮਿਲੀ ?
3. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਦੁਨੀਆਂ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਹੈ ?
4. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਆਪਣੀ ਸਵਿਸ ਮੇਜ਼ਬਾਨ ਬਿਲਕੁਲ ਚੰਗੀ ਨਹੀਂ ਸੀ ਲੱਗਦੀ। (ਸਹੀ/ਗ਼ਲਤ)
5. ਗੁਰਬਖ਼ਸ਼ ਸਿੰਘ ਪ੍ਰੀਤਲੜੀ ਉੱਤੇ ਟਾਲਸਟਾਏ ਦੇ ਸਾਹਿਤ ਦਾ ਬਹੁਤ ਪ੍ਰਭਾਵ ਸੀ। (ਸਹੀ/ਗ਼ਲਤ।
6. ਜਿੰਨਾ ਕੋਈ ਦੂਜਿਆਂ ਤੋਂ ਬੇਪਰਵਾਹ ਹੋਵੇ, ਓਨਾ ਹੀ ਉਹ ਆਪਣੀ ਪੁਸ਼ਾਕ ਤੋਂ ਬੇਪਰਵਾਹ ਹੁੰਦਾ ਹੈ। (ਸਹੀ/ਗਲਤ)
7. ਜਿਊਰਿਕ ਤੋਂ ਕੁਝ ਫ਼ਾਸਲੇ ਉੱਤੇ __________ਏਸ ਮੁਲਕ ਦੀ ਸਿਆਲ਼ੇ ਦੀ ਸੈਰਗਾਹ ਹੈ। (ਖ਼ਾਲੀ ਸਥਾਨ ਭਰੋ)
8. ਮਨੁੱਖ ਨਾਲ਼ ਮਨੁੱਖ ਦਾ ਮੇਲ ਹਮੇਸ਼ਾਂ __________ ਦੀ ਮਹਾਨ ਘਟਨਾ ਹੁੰਦਾ ਹੈ। (ਖ਼ਾਲੀ ਸਥਾਨ ਭਰੋ)
9. ਮੁਲਕਾਂ ਦੀਆਂ ਸਰਹੱਦਾਂ ਉੱਤੇ ਪੁਲਿਸ ਦਾ ਪ੍ਰਮਾਣ-ਪੱਤਰ ਵੇਖਣਾ ਤੇ ਸਮਾਨ ਫੋਲਣਾ ਮਨੁੱਖ ਵਿੱਚ __________।
    (i) ਆਸ਼ਾ ਪੈਦਾ ਕਰਦਾ ਹੈ।
    (ii) ਉਤਸਾਹ ਪੈਦਾ ਕਰਦਾ ਹੈ।
    (iii) ਪਿਆਰ ਪੈਦਾ ਕਰਦਾ ਹੈ।
    (iv) ਘਟੀਆ ਹੋਣ ਦਾ ਅਹਿਸਾਸ ਪੈਦਾ ਕਰਦਾ ਹੈ।
10. ਲੇਖਕ ਨੇ ਐੱਮ. ਐੱਨ. ਰਾਏ ਨੂੰ ਮਿਲਨ ਲਈ ਵਿਸ਼ੇਸ਼ ਯਤਨ ਕੀਤਾ, ਕਿਉਂਕਿ —
    (i) ਰਾਏ ਦੀ ਪਤਨੀ ਨੇ ਕਿਹਾ ਸੀ।
    (ii) ਉਹ ਲੇਖਕ ਦਾ ਦੋਸਤ ਸੀ।
    (iii) ਰਾਏ ਦੇ ਬੱਚਿਆ ਨੇ ਕਿਹਾ ਸੀ।
    (iv) ਲੇਖਕ ਨੇ ਉਸ ਤੋਂ ਕਿਤਾਬ ਲੈਣੀ ਸੀ।

(ਅ) ਦੱਸੋ :—

1. ਲੇਖਕ ਨੂੰ ਸਵਿਸ ਲੋਕਾਂ ਦੀਆਂ ਕਿਹੜੀਆਂ-ਕਿਹੜੀਆਂ ਗੱਲਾਂ ਚੰਗੀਆਂ ਲੱਗੀਆਂ ?
2. ਲੇਖਕ ਆਪਣੀ ਸਵਿਸ ਮੇਜ਼ਬਾਨ ਦਾ, ਉਹਦੇ ਕਿਹੜੇ ਗੁਣਾਂ ਕਰਕੇ ਪ੍ਰਸ਼ੰਸਕ ਬਣ ਗਿਆ ?
3. ਲੇਖਕ ਦੀ ਸ਼ਖ਼ਸੀਅਤ ਦੇ ਉਹ ਕਿਹੜੇ ਗੁਣ ਹਨ, ਜਿਨ੍ਹਾਂ ਸਦਕਾ ਉਹ ਹਰ ਨਵੀਂ ਥਾਂ ਚੰਗੇ ਮਨੁੱਖੀ ਸੰਬੰਧ ਬਣਾ ਲੈਂਦਾ ਹੈ ? ਇਸ ਪਾਠ ਦੇ ਆਧਾਰ 'ਤੇ ਦੱਸੋ।
4. ਇਸ ਪਾਠ ਵਿੱਚ ਲੇਖਕ ਨੇ ਕਈ ਥਾਂਈਂ ਬੜੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਹਨ। ਇਹਨਾਂ ਤੋਂ ਉਸ ਦੀ ਸ਼ਖ਼ਸੀਅਤ 'ਤੇ ਕੀ ਝਾਤ ਪੈਂਦੀ ਹੈ ?
5. ਲੇਖਕ ਅਨੁਸਾਰ ਮਨੁੱਖ ਨੂੰ ਮਨੁੱਖ ਹੋਣ ਦਾ ਪੂਰਾ ਸੁਆਦ ਕਦੋਂ ਆਵੇਗਾ ? ਇਸ ਪਾਠ ਦੇ ਆਧਾਰ 'ਤੇ ਦੱਸੋ।

❋❋❋❋❋

# 5 ਡਾ. ਮਹਿੰਦਰ ਸਿੰਘ ਰੰਧਾਵਾ

(1908-1986)

| | | |
|---|---|---|
| ਪਿਤਾ | : | ਸ: ਸ਼ੇਰ ਸਿੰਘ |
| ਜਨਮ-ਸਥਾਨ | : | ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਜੱਦੀ ਪਿੰਡ : ਬੋਦਲਾਂ, ਜ਼ਿਲ੍ਹਾ ਹੁਸ਼ਿਆਰਪੁਰ। |
| ਵਿੱਦਿਆ | : | ਐੱਮ.ਐੱਸ-ਸੀ., ਡੀ.ਐੱਸ-ਸੀ. |
| ਕੰਮ-ਕਿੱਤਾ | : | ਆਈ.ਸੀ. ਐੱਸ. ਹੋਣ ਕਰਕੇ ਵੱਖ-ਵੱਖ ਪ੍ਰਸ਼ਾਸਕੀ ਅਹੁਦਿਆਂ 'ਤੇ ਕੰਮ ਕੀਤਾ। ਉਹ ਚੰਡੀਗੜ੍ਹ ਦੇ ਚੀਫ਼ ਕਮਿਸ਼ਨਰ ਅਤੇ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉਪਕੁਲਪਤੀ ਵੀ ਰਹੇ। |

ਇੱਕ ਪ੍ਰਸ਼ਾਸਕ ਤੋਂ ਇਲਾਵਾ ਡਾ: ਰੰਧਾਵਾ ਇੱਕ ਵਿਗਿਆਨੀ, ਕਲਾ-ਪਾਰਖੂ ਅਤੇ ਸਾਹਿਤ-ਪ੍ਰੇਮੀ ਵੀ ਸਨ। ਵਿਗਿਆਨ, ਕਲਾ ਅਤੇ ਸਾਹਿਤ ਦੇ ਖੇਤਰ ਵਿੱਚ ਉਹਨਾਂ ਨੇ ਇੱਕ ਖੋਜੀ ਅਤੇ ਆਲੋਚਕ ਦੀ ਦ੍ਰਿਸ਼ਟੀ ਤੋਂ ਲਿਖਿਆ। ਉਹਨਾਂ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਵਿੱਚ ਵੀ ਲਿਖਿਆ।

**ਪੰਜਾਬੀ ਵਿੱਚ ਮੁੱਖ ਰਚਨਾਵਾਂ** : ਡਾ. ਰੰਧਾਵਾ ਦੀਆਂ ਮੁੱਖ ਰਚਨਾਵਾਂ 'ਪੰਜਾਬੀ ਦੇ ਲੋਕ-ਗੀਤ', 'ਕੁੱਲੂ ਦੇ ਲੋਕ-ਗੀਤ', 'ਹਰਿਆਣਾ ਦੇ ਲੋਕ-ਗੀਤ' ਅਤੇ 'ਕਾਂਗੜਾ' ਹਨ। *'ਆਪ ਬੀਤੀ' ਉਹਨਾਂ ਦੀ ਸ੍ਵੈਜੀਵਨੀ ਹੈ।

ਇਸ ਵਿੱਚੋਂ 'ਤਖ਼ਤ ਜਾਂ ਤਖ਼ਤਾ' ਨਾਂ ਦਾ ਕਾਂਡ ਹਥਲੀ ਪਾਠ-ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ। 'ਤਖ਼ਤ ਜਾਂ ਤਖ਼ਤਾ' ਵਿੱਚ ਡਾ. ਰੰਧਾਵਾ ਦੀ ਬੇਰੁਜ਼ਗਾਰ ਰਹਿਣ ਦੀ ਅਵਸਥਾ ਅਤੇ ਫਿਰ ਦ੍ਰਿੜ੍ਹ ਨਿਸ਼ਚੇ ਨਾਲ਼ ਆਈ.ਸੀ. ਐੱਸ. ਦੀ ਮੁਕਾਬਲੇ ਦੀ ਉੱਚੀ ਪਰੀਖਿਆ ਪਾਸ ਕਰਨ ਦਾ ਵਰਨਣ ਹੈ। ਉਹਨਾਂ ਦੇ ਜੀਵਨ ਵਿੱਚ ਵੱਡਾ ਪਰਿਵਰਤਨ ਲਿਆਉਣ ਵਾਲ਼ੇ ਇਸ ਸਮੇਂ ਦੀ ਝਾਤ ਬੜੀ ਪ੍ਰੇਰਨਾ ਭਰਪੂਰ ਹੈ।

* ਡਾ: ਮਹਿੰਦਰ ਸਿੰਘ ਰੰਧਾਵਾ, ਆਪ-ਬੀਤੀ, ਨਵਯੁੱਗ ਪਬਲਿਸ਼ਰਜ਼, ਦਿੱਲੀ, 1983

# ਤਖ਼ਤ ਜਾਂ ਤਖ਼ਤਾ

ਜੂਨ, ਸੰਨ 1930 ਵਿੱਚ ਮੈਂ ਐੱਮ.ਐੱਸ-ਸੀ. ਆਨਰਜ਼ (ਬੌਟਨੀ) ਅੱਵਲ ਦਰਜੇ ਵਿੱਚ ਪਾਸ ਕੀਤੀ। ਮੇਰਾ ਥੀਸਿਸ ਪੰਜਾਬ ਦੀਆ ਕਾਹੀਆਂ 'ਤੇ ਸੀ। ਇਹਨਾਂ ਦੀ ਭਾਲ਼ ਵਿੱਚ ਮੈਂ ਦਸੂਹਾ ਤਹਿਸੀਲ ਦੇ ਛੰਭ, ਸਿਆਹ ਵੇਈਂ ਤੇ ਸਫ਼ੈਦ ਬੇਈਂ ਤੇ ਸੜਕਾ ਦੇ ਖਤਾਨਾਂ, ਛੱਪੜੀਆਂ ਵਿੱਚੋਂ ਬਹੁਤ ਸਾਰੀਆਂ ਨਵੀਆਂ ਕਿਸਮਾਂ ਖੋਜੀਆਂ। ਮੈਂ ਇਹ ਕੰਮ ਪ੍ਰੋਫ਼ੈਸਰ ਐੱਮ.ਐੱਲ.ਘੋਸ਼ ਦੀ ਨਿਗਰਾਨੀ ਵਿੱਚ ਕਰਦਾ ਸਾਂ। ਮੇਰੇ 'ਤੇ ਉਹ ਐਨੇ ਮਿਹਰਬਾਨ ਸਨ ਕਿ ਉਹਨਾਂ ਨੇ ਮੈਨੂੰ ਆਪਣੇ ਕਮਰੇ ਵਿੱਚ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ। ਉਹ ਕਲਰ- ਬਲਾਈਂਡ ਸਨ ਤੇ ਰੰਗ ਨਹੀਂ ਸਨ ਪਛਾਣ ਸਕਦੇ ਤੇ ਨੀਲੀਆ-ਹਰੀਆ ਕਾਹੀਆ ਦੇ ਰੰਗਾ ਦੇ ਸ਼ੇਡ ਮੈਂ ਹੀ ਉਹਨਾ ਨੂੰ ਦੱਸਦਾ ਸੀ।

ਟ੍ਰਿਬਿਊਨ ਵਿੱਚ ਨਤੀਜਾ ਪੜ੍ਹ ਕੇ ਮੈਂ ਲਾਹੌਰ ਪੁੱਜਿਆ ਤੇ ਆਪਣੇ ਪ੍ਰੋਫ਼ੈਸਰ ਨੂੰ ਮਿਲਿਆ। ਸ਼ਿਵ ਰਾਮ ਕੋਸ਼ਪ. ਜੇ.ਬੀ.ਸੇਨ, ਐੱਮ.ਐੱਲ. ਘੋਸ਼ ਤੇ ਜੌਰਜ ਮਥਾਈ ਤੋਂ ਸਰਟੀਫ਼ਿਕੇਟ ਲਏ। ਉਹਨਾਂ ਇੱਕ-ਇੱਕ ਸਫ਼ੇ ਦੇ ਸਰਟੀਫ਼ਿਕੇਟ ਬੜੀ ਮਿਹਨਤ ਨਾਲ਼ ਲਿਖ ਕੇ ਦਿੱਤੇ। ਇਹਨਾਂ ਸਰਟੀਫ਼ਿਕੇਟਾਂ ਨੂੰ ਲੈ ਕੇ ਆਪਣੇ ਪ੍ਰਿੰਸੀਪਲ ਡੱਨੀਕਲਿਫ਼ ਪਾਸ ਗਿਆ ਤੇ ਉਸ ਨੇ ਬੜਾ ਅੱਛਾ ਸਰਟੀਫ਼ਿਕੇਟ ਦਿੱਤਾ। ਮੈਂ 21 ਜਨਵਰੀ, 1931 ਈਸਵੀ ਨੂੰ ਫੇਰ ਲਾਹੌਰ ਆਇਆ ਤੇ ਕਾਲਜ ਦੀ ਰੋਲ ਔਫ਼ ਆਨਰ 'ਤੇ ਦਸਖ਼ਤ ਕੀਤੇ।

ਹੁਣ ਪਿੰਡ ਆ ਕੇ ਕੁਝ ਸੁੱਝਦਾ ਨਹੀਂ ਸੀ ਕਿ ਕੀ ਕੰਮ ਕੀਤਾ ਜਾਵੇ, ਜਿਸ ਨਾਲ਼ ਗੁਜ਼ਾਰਾ ਹੋ ਸਕੇ। ਖੇਤੀ-ਬਾੜੀ ਵਿੱਚ ਭਾਰੀ ਰਿਸੈੱਸ਼ਨ ਸੀ ਤੇ ਕਣਕ ਡੇਢ ਰੁਪਏ ਮਣ ਵਿਕ ਰਹੀ ਸੀ। ਸ਼ਹਿਰਾਂ ਵਾਲ਼ੇ ਤਾਂ ਭਾਵੇਂ ਖ਼ੁਸ਼ ਸਨ ਕਿ ਕਣਕ ਸਸਤੀ ਹੈ ਪਰ ਕਿਸਾਨਾਂ-ਜ਼ਿਮੀਦਾਰਾਂ ਦਾ ਭੱਠਾ ਪੂਰੀ ਤਰ੍ਹਾਂ ਬੈਠਾ ਹੋਇਆ ਸੀ। ਅੱਧੀ ਫ਼ਸਲ ਦਾ ਮੁੱਲ ਵੀ ਮਾਮਲੇ ਦੇ ਬਰਾਬਰ ਨਹੀਂ ਸੀ। ਜ਼ਿਮੀਦਾਰਾਂ ਨੂੰ ਬੜੀ ਕਠਿਨਾਈ ਸੀ। ਉਹ ਤੰਗ ਆ ਕੇ ਖੇਤੀ ਵਿੱਚ ਦਿਲਚਸਪੀ ਲੈਣੀ ਛੱਡ ਰਹੇ ਸਨ ਕਿਉਂਕਿ ਉਹਨਾਂ ਨੂੰ ਆਪਣੀ ਮਿਹਨਤ ਦਾ ਸਿਲਾ ਨਹੀਂ ਮਿਲ਼ ਰਿਹਾ ਸੀ। ਫ਼ਾਲਤੂ ਅੰਨ ਲੋਕ ਪਸ਼ੂਆਂ ਤੇ ਕੁੱਤਿਆਂ ਨੂੰ ਖਵਾ ਰਹੇ ਸਨ। ਪਿੰਡਾਂ ਦੇ ਕੁੱਤੇ ਰੋਟੀਆਂ ਖਾ ਕੇ ਬੜੇ ਮੱਲ ਬਣ ਗਏ ਤੇ ਓਪਰੇ ਲੋਕਾਂ 'ਤੇ ਦਿਨ ਦਿਹਾੜੇ ਹਮਲਾ ਕਰਦੇ। ਇਸ ਰਿਸੈੱਸ਼ਨ ਦਾ ਸਨਅਤਾਂ ਅਤੇ ਕਿੱਤਿਆਂ 'ਤੇ ਵੀ ਹਾਨੀਕਾਰਕ ਅਸਰ ਪੈਣਾ ਸ਼ੁਰੂ ਹੋ ਗਿਆ ਤੇ ਕਿਤੇ ਨੌਕਰੀ ਨਜ਼ਰ ਨਹੀਂ ਸੀ ਆਉਂਦੀ।

ਮਨ ਵਿੱਚ ਸੋਚਿਆ ਕਿਸੇ ਕਾਲਜ ਵਿੱਚ ਲੈਕਚਰਾਰੀ ਹੀ ਕਰ ਲਈ ਜਾਏ ਕਿਉਂਕਿ ਮੈਨੂੰ ਪੜ੍ਹਨ-ਪੜ੍ਹਾਉਣ ਦਾ ਬੜਾ ਸ਼ੌਕ ਸੀ। ਕਾਲਜ ਵਿੱਚ ਮੈਂ ਕਮਜ਼ੋਰ ਮੁੰਡਿਆਂ ਨੂੰ ਮੁਫ਼ਤ ਬੋਟਨੀ-ਜ਼ੁਆਲੋਜੀ ਪੜ੍ਹਾਉਂਦਾ ਸੀ, ਖ਼ਾਸ ਕਰਕੇ ਖਿਡਾਰੀਆਂ ਨੂੰ। ਇਹਨਾਂ ਵਿੱਚੋਂ ਮੈਨੂੰ ਹਮੀਦ ਤੇ ਬ੍ਰਿਜ ਲਾਲ ਸੇਠੀ ਦੇ ਨਾਂ ਹਾਲੇ ਤਾਈਂ ਭੀ ਯਾਦ ਹਨ। ਹਮੀਦ ਦੌੜਾਂ ਵਿੱਚ ਅੱਵਲ ਆਉਂਦਾ ਸੀ ਤੇ ਸੇਠੀ ਹਾਕੀ ਦਾ ਖਿਡਾਰੀ ਸੀ। ਨੌਕਰੀ ਦੀ ਭਾਲ਼ ਵਿੱਚ ਟ੍ਰਿਬਿਊਨ ਅਖ਼ਬਾਰ ਦੇ ਇਸ਼ਤਿਹਾਰ ਪੜ੍ਹਨੇ ਸ਼ੁਰੂ ਕਰ ਦਿੱਤੇ। ਪਤਾ ਲੱਗਾ ਕਿ ਇੱਕ ਬੌਟਨੀ ਦੇ ਲੈਕਚਰਾਰ ਦੀ ਜਗ੍ਹਾ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਖ਼ਾਲੀ ਪਈ ਹੈ। ਸਰਟੀਫ਼ਿਕੇਟਾਂ ਦੀਆਂ ਕਾਪੀਆਂ ਲਗਾ ਕੇ ਅਰਜ਼ੀ ਭੇਜ ਦਿੱਤੀ ਪਰ ਕੋਈ ਉੱਤਰ ਨਾ ਆਇਆ। ਫੇਰ ਇੱਕ ਜਗ੍ਹਾ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਨਿਕਲੀ। ਸ. ਚਰਨ ਸਿੰਘ ਬੌਟਨੀ ਦੇ ਪ੍ਰੋਫ਼ੈਸਰ ਸਨ ਤੇ ਅੰਮ੍ਰਿਤਸਰ ਜਾ ਕੇ ਉਹਨਾ ਨੂੰ ਮਿਲ਼ਿਆ। ਉਹਨਾਂ ਨੇ ਸਲਾਹ ਦਿੱਤੀ ਕਿ ਇਸ ਕਾਲਜ ਦੇ ਕਰਤਾ-ਧਰਤਾ ਸਰ ਸੁੰਦਰ ਸਿੰਘ ਮਜੀਠੀਆ ਹਨ, ਮੈਂ ਉਹਨਾਂ ਨੂੰ ਮਿਲ਼ਾਂ। ਮੈਂ ਆਪਣਾ ਵਧੀਆ ਸੂਟ ਪਾ ਕੇ, ਨਵੀਂ ਟਾਈ ਲਾ ਕੇ ਬੂਟ ਪਾਲਿਸ਼ ਕਰਕੇ ਉਹਨਾਂ ਨੂੰ ਮਿਲਣ ਗਿਆ। ਉਹ ਮਧਰੇ ਕੱਦ ਦੇ ਵਿਅਕਤੀ ਸਨ। ਉਹਨਾਂ ਮੇਰੇ ਵੱਲ ਨੀਝ ਲਾ ਕੇ ਦੇਖਿਆ ਤੇ ਮੈਂ ਉਹਨਾਂ ਵੱਲ। ਮੇਰੀ ਵਿਰਲੀ ਜਿਹੀ ਦਾੜ੍ਹੀ ਸੀ ਤੇ ਮੈਂ ਕੜਾ ਵੀ ਨਹੀਂ ਸੀ ਪਾਇਆ। 'ਕੀ ਤੁਸੀਂ 'ਜਪੁਜੀ ਸਾਹਿਬ ਦਾ ਪਾਠ ਕਰਦੇ ਹੋ ?' ਸਰਦਾਰ ਜੀ ਨੇ ਪੁੱਛਿਆ। 'ਜਾਣਦਾ ਹਾਂ, ਪਰ ਕਰਦਾ ਨਹੀਂ,' ਮੈਂ ਉੱਤਰ ਦਿੱਤਾ। ਤੇ ਫੇਰ ਕਿਹਾ, "ਮੇਰਾ ਖ਼ਿਆਲ ਸੀ ਕਿ ਬੋਟਨੀ ਪੜ੍ਹਾਉਣ ਦੀ ਅਸਾਮੀ ਹੈ, ਨਾਕਿ ਗਿਆਨੀ ਦੀ।" ਇਸ ਤਰ੍ਹਾਂ ਦੇ ਸਵਾਲ ਸੁਣ ਕੇ ਮੇਰੇ ਵਿੱਚ ਬੜੀ ਘਿਰਣਾ ਹੋਈ ਕਿ ਇਹਨਾਂ ਮਜ਼੍ਹਬੀ ਸੰਸਥਾਵਾਂ ਵਿੱਚ ਅਕਲ ਤੇ ਇਲਮ ਦੀ ਕੋਈ ਕਦਰ ਨਹੀਂ। ਮੈਂ ਅਨੁਭਵ ਕਰ ਲਿਆ ਕਿ ਸਰਦਾਰ ਜੀ ਨੇ ਮੈਨੂੰ ਪਸੰਦ ਨਹੀਂ ਕੀਤਾ ਤੇ ਨਾ ਹੀ ਮੈਂ ਉਹਨਾਂ ਨੂੰ ਪਸੰਦ ਕੀਤਾ ਹੈ।

ਨਿਰਾਸ ਹੋ ਕੇ ਮੈਂ ਪਿੰਡ ਮੁੜ ਆਇਆ। ਮੈਨੂੰ ਆਪਣਾ 1925 ਈਸਵੀ ਦਾ ਇੱਕ ਵਾਕਿਆ ਯਾਦ ਆਇਆ। ਮੈਂ ਪਬਲਿਕ ਲਾਇਬ੍ਰੇਰੀ ਲਾਹੌਰ ਵਿੱਚ ਆ ਗਿਆ ਤੇ ਉੱਥੇ ਮੁਕਾਬਲੇ ਦੇ ਇਮਤਿਹਾਨਾਂ ਦੇ ਸਵਾਲਾਂ ਦੇ ਪੈਂਫਲਿਟ ਵੇਖੇ, ਖ਼ਾਸ ਕਰਕੇ ਆਈ.ਸੀ.ਐੱਸ. ਦੇ ਜਨਰਲ ਨੌਲਿਜ ਦੇ। ਉਹਨਾਂ ਨੂੰ ਪੜ੍ਹ ਕੇ ਮੈਨੂੰ ਖ਼ਿਆਲ ਆਇਆ ਕਿ ਮੈਂ ਸਭ ਸਵਾਲਾਂ ਦੇ ਜਵਾਬ ਦੇ ਸਕਦਾ ਹਾਂ। ਇਸ ਤੋਂ ਇਹ ਵੀ ਪਤਾ ਲੱਗਾ ਕਿ ਇਸ ਨੂੰ ਆਈ.ਸੀ.ਐੱਸ. ਦੇ ਮੁਕਾਬਲੇ ਦਾ ਇਮਤਿਹਾਨ ਕਿਹਾ ਜਾਂਦਾ ਹੈ ਜਿਹੜੇ ਵਿਅਕਤੀ ਪਹਿਲੇ ਨੌਂ-ਦਸਾਂ ਵਿੱਚ ਆ ਜਾਣ, ਉਹ ਟ੍ਰੇਨਿੰਗ ਲਈ ਵਲਾਇਤ ਭੇਜੇ ਜਾਂਦੇ ਹਨ ਤੇ ਦੇਸ ਪਰਤ ਕੇ ਡਿਪਟੀ ਕਮਿਸ਼ਨਰ ਲਾਏ ਜਾਂਦੇ ਹਨ। ਸਾਡੇ ਦੇਸ ਵਿੱਚ ਬਹੁਤ ਸਾਰੇ ਕਿੱਤੇ ਜੱਦੀ ਬਣ ਗਏ ਹਨ। ਸਕੂਲ-ਮਾਸਟਰਾਂ ਦੇ ਮੁੰਡੇ ਪ੍ਰੋਫ਼ੈਸਰ ਬਣਦੇ ਹਨ ਤੇ ਸੂਬੇਦਾਰਾਂ ਦੇ ਲਫ਼ਟੈਣ। ਮੈਂ ਸੋਚਿਆ ਕਿ ਤਹਿਸੀਲਦਾਰ ਦੇ ਮੁੰਡੇ ਨੂੰ ਡਿਪਟੀ ਕਮਿਸ਼ਨਰ ਤਾਂ ਜ਼ਰੂਰ ਬਣਨਾ ਚਾਹੀਦਾ ਹੈ। ਮੇਰੇ ਪਿਤਾ ਜੀ ਬੜੇ ਕਾਮਯਾਬ ਅਫ਼ਸਰ ਸਨ ਤੇ ਉਹਨਾਂ ਦੀ ਸੂਝ-ਬੂਝ, ਸਿਆਣਪ, ਟੈੱਕਟ ਤੇ ਹਿਕਮਤੇ-ਅਮਲੀ ਮੇਰੇ ਵਿੱਚ ਮੌਜੂਦ ਸੀ। ਐਡਮਿਨਿਸਟ੍ਰੇਸ਼ਨ ਤਾਂ ਮੇਰੇ ਲਈ ਇੱਕ ਜੱਦੀ ਪੇਸ਼ਾ ਸੀ। ਰਿਸੈੱਸ਼ਨ ਕਰਕੇ ਮੁਕਾਬਲੇ ਦੇ ਇਮਤਿਹਾਨਾਂ ਵਿੱਚੋਂ ਸਿਰਫ਼ ਆਈ.ਸੀ.ਐੱਸ. ਦਾ ਇਮਤਿਹਾਨ ਹੀ ਖੁੱਲ੍ਹਾ ਸੀ ਤੇ ਬਾਕੀ ਇਮਤਿਹਾਨ ਬੰਦ ਹੋ ਚੁੱਕੇ ਸਨ।

ਮੈਨੂੰ ਇਂਵ ਮਲੂਮ ਹੋਵੇ ਕਿ ਜਿਵੇਂ ਇੱਕ ਡੂੰਘੇ ਟੋਏ ਦੇ ਮੂੰਹ 'ਤੇ ਖੜ੍ਹਾ ਹਾਂ ਜਾਂ ਤਾਂ ਹਿੰਮਤ ਕਰ ਕੇ ਇਸ ਨੂੰ ਟੱਪਣਾ ਹੈ, ਨਹੀਂ ਤਾਂ......। ਇਸ ਚੈਲਿੰਜ ਨੇ ਮੇਰੇ ਵਿੱਚ ਅਣਥੱਕ ਮਿਹਨਤ ਦਾ ਜਜ਼ਬਾ ਪੈਦਾ ਕੀਤਾ।

ਆਈ.ਸੀ.ਐੱਸ. ਦੇ ਮੁਕਾਬਲੇ ਦੇ ਇਮਤਿਹਾਨ ਦਾ ਪਤਾ ਲਾ ਕੇ ਮੈਂ ਪਬਲਿਕ ਸਰਵਿਸ ਕਮਿਸ਼ਨ, ਦਿੱਲੀ ਨੂੰ ਖ਼ਤ ਲਿਖ ਕੇ ਦਾਖ਼ਲੇ ਦਾ ਫ਼ਾਰਮ ਮੰਗਵਾਇਆ। ਫ਼ਾਰਮ ਭਰ ਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਦੇਣਾ ਸੀ। ਮੈਂ ਫ਼ਾਰਮ ਭਰ ਕੇ ਹੁਸ਼ਿਆਰਪੁਰ ਗਿਆ। ਉੱਥੋਂ ਪਤਾ ਲੱਗਾ ਕਿ ਡੀ.ਸੀ., ਐੱਨ.ਸੀ. ਥਾਪਲੇ ਭਰਵਾਈਂ ਗਿਆ ਹੈ। ਮੈਂ ਲਾਰੀ ਵਿੱਚ ਚੜ੍ਹ ਕੇ ਭਰਵਾਈਂ ਪੁੱਜਾ।

ਇਹ ਜਗ੍ਹਾ ਸ਼ਿਵਾਲਿਕ ਪਹਾੜ ਵਿੱਚ ਚਿੰਤਪੁਰਨੀ ਦੇ ਮੰਦਰ ਕੋਲ ਹੈ ਤੇ ਏਥੇ ਇੱਕ ਬੜਾ ਸੁੰਦਰ ਬੰਗਲਾ ਹੈ ਜੋ ਡੀ.ਸੀ. ਹੁਸ਼ਿਆਰਪੁਰ ਗਰਮੀਆ ਦੇ ਮੌਸਮ ਵਿੱਚ ਇਸਤੇਮਾਲ ਕਰਦੇ ਸਨ। ਮੈਂ ਥਾਪਲੇ ਨੂੰ ਮਿਲਿਆ ਤੇ ਫ਼ਾਰਮ ਪੇਸ਼ ਕੀਤਾ। ਉਹ ਸਰੀਫ਼ ਆਦਮੀ ਸੀ ਤੇ ਹਮਦਰਦੀ ਨਾਲ ਮਿਲਿਆ।

ਜਦ ਮੈਂ ਇਸ ਕੰਮ ਤੋਂ ਫ਼ਾਰਗ ਹੋਇਆ ਤਾਂ ਸ਼ਾਮ ਦੇ ਸੱਤ ਵੱਜ ਚੁੱਕੇ ਸਨ। ਕਿਤੇ ਕੋਈ ਰਾਤ ਕੱਟਣ ਦਾ ਟਿਕਾਣਾ ਨਾ ਮਿਲਿਆ ਤੇ ਆਖ਼ਰ ਇੱਕ ਸਿੱਖ ਪੀ. ਡਬਲਯੂ ਡੀ. ਦੇ ਓਵਰਸੀਅਰ ਨਾਲ ਭੇਟ ਕੀਤੀ। ਉਸ ਸ਼ਰੀਫ਼ ਇਨਸਾਨ ਨੇ ਰੋਟੀ ਖੁਆਈ ਤੇ ਸੌਣ ਲਈ ਇੱਕ ਮੰਜੀ ਦੇ ਦਿੱਤੀ। ਮੈਂ ਉਸ ਨੇਕ ਇਨਸਾਨ ਨੂੰ ਹਾਲੀ ਤਾਈਂ ਵੀ ਨਹੀਂ ਭੁੱਲਿਆ। ਕਈ ਵਾਰ ਮੇਰੇ ਦਿਲ ਵਿੱਚ ਖ਼ਿਆਲ ਆਉਂਦਾ ਹੈ ਕਿ ਉਹ ਮੈਨੂੰ ਮਿਲੇ ਤੇ ਮੈਂ ਉਸ ਖ਼ਾਤਰ ਕੁਝ ਕਰ ਸਕਾਂ।

ਇਸ ਤੋਂ ਪਿੱਛੋਂ 50 ਰੁਪਏ ਦਾਖ਼ਲੇ ਦੀ ਫ਼ੀਸ ਭੇਜਣੀ ਸੀ। ਮੇਰੇ ਪਾਸ ਤਾ ਧੇਲਾ ਵੀ ਨਹੀਂ ਸੀ। ਰਿਸ਼ਤੇਦਾਰਾ ਤੋਂ ਮੰਗਣ 'ਤੇ ਵੀ ਸ਼ਰਮ ਆਉਂਦੀ ਸੀ। ਆਖ਼ਰਕਾਰ ਆਪਣੇ ਦੋਸਤ ਨਰੰਜਣ ਸਿੰਘ ਨੂੰ ਜੋ ਦਿੱਲੀ ਗੌਰਮਿੰਟ ਆਫ਼ ਇੰਡੀਆ ਦੀ ਫ਼ਾਈਨੈਂਸ ਮਨਿਸਟਰੀ ਵਿੱਚ ਕਲਰਕ ਸੀ, ਖ਼ਤ ਲਿਖਿਆ ਕਿ ਦਾਖ਼ਲਾ ਤਾਰ ਦੇਵੇ। ਉਸ ਨੇ ਪੈਸੇ ਜਮ੍ਹਾ ਕਰਵਾ ਦਿੱਤੇ ਤੇ ਇਹ ਔਕੜ ਦੂਰ ਹੋਈ।

ਮੇਰਾ ਦਿਲ ਪਹਿਲੀ ਨਾਕਾਮਯਾਬੀ 'ਤੇ ਬੜਾ ਤੰਗ ਸੀ। ਚਾਰੇ ਪਾਸੇ ਹਨੇਰਾ ਹੀ ਹਨੇਰਾ ਦਿਖਾਈ ਦਿੰਦਾ ਸੀ ਤੇ ਇਹ ਸੁੱਝਦਾ ਹੀ ਨਹੀਂ ਸੀ ਕਿ ਕੀ ਬਣੇਗਾ ? ਮੈਂ ਹਰਕਿਸ਼ਨ ਸਿੰਘ ਕੋਲ ਦੋ ਫ਼ਰਵਰੀ ਨੂੰ ਗਜ ਸਿੰਘ ਪੁਰ, ਬੀਕਾਨੇਰ ਦੀ ਬਾਰ ਵਿੱਚ ਚਲਾ ਗਿਆ। ਏਥੇ ਸਾਡੇ ਪਿਤਾ ਜੀ ਨੇ ਸਾਡੇ ਛੇ ਭਰਾਵਾਂ ਲਈ ਤੀਹ ਮੁਰੱਬੇ, ਮਿੰਟਗੁਮਰੀ ਦੀ ਜ਼ਮੀਨ ਦੀ ਆਮਦਨੀ 'ਚੋਂ ਕਿਸ਼ਤਾਂ 'ਤੇ ਖ਼ਰੀਦੇ ਸਨ। ਏਥੇ ਮੁਰੱਬਾ ਸੋਲ੍ਹਾਂ ਏਕੜਾਂ ਦਾ ਸੀ ਤੇ ਮੁੱਲ ਪੱਚੀ ਸੌ ਰੁਪਏ ਸੀ। ਰਿਸੈੱਸ਼ਨ ਕਰਕੇ ਜ਼ਿਮੀਦਾਰ ਇਸ ਦਾ ਮੁੱਲ ਨਹੀਂ ਦੇ ਸਕਦੇ ਸਨ ਤੇ ਉਹਨਾਂ ਵਿੱਚ ਬੇਚੈਨੀ ਫੈਲੀ ਹੋਈ ਸੀ।

ਅਸੀਂ ਆਪਣੀ ਖ਼ਾਤਰ ਤੇ ਆਪਣੇ ਕਾਮਿਆ ਖ਼ਾਤਰ ਕੱਚੇ ਕੋਠੇ ਛੱਤੇ ਹੋਏ ਸਨ। ਸਾਰਾ ਇੰਤਜ਼ਾਮ ਇੱਕ ਮੁਨਸ਼ੀ ਰਾਮ ਸਿੰਘ ਕਰਦਾ ਸੀ। ਬੜਾ ਉਸਤਾਦ ਸੀ ਤੇ ਹਿਸਾਬ ਦਾ ਕੱਚਾ ਸੀ। ਨਵੀਂ ਅਬਾਦੀ ਕਰਕੇ ਕਾਮਿਆਂ ਦੀ ਰਸਦ ਵੀ ਗਜ ਸਿੰਘ ਪੁਰ ਦੇ ਮਾਰਵਾੜੀ ਬਾਣੀਆਂ ਤੋਂ ਉਧਾਰ ਲੈਣੀ ਪੈਂਦੀ ਸੀ ਤੇ ਉਹ ਜੀਅ-ਚਾਹਿਆ ਲਿਖ ਲੈਂਦੇ ਸਨ। ਸਾਡੇ ਕਾਮੇ ਮਜ਼੍ਹਬੀ ਸਨ ਜੋ ਚੱਕ 51/12 ਐੱਲ. ਤਹਿਸੀਲ ਚੀਚਾਵਤਨੀ, ਜ਼ਿਲ੍ਹਾ ਮਿੰਟਗੁਮਰੀ ਤੋਂ ਵੀਰ ਅਮਰੀਕ ਸਿੰਘ ਨੇ ਏਥੇ ਘੱਲੇ ਸਨ।

ਮੈਂ ਇੱਕ ਕੱਚੇ ਕੋਠੇ ਵਿੱਚ ਰਹਿੰਦਾ ਸੀ। ਉਸ ਦੇ ਸਾਮ੍ਹਣੇ ਇੱਕ ਪਾਣੀ ਦੀ ਡਿੱਗੀ ਸੀ। ਏਥੇ ਕੋਈ ਦਰਖ਼ਤ ਨਹੀਂ ਸੀ ਤੇ ਅਸੀਂ ਖਾਲਿਆਂ ਦੇ ਕੰਢਿਆਂ 'ਤੇ ਰਿੰਡਾਂ ਲਾਈਆਂ ਹੋਈਆਂ ਸਨ ਤੇ ਉਹੀ ਏਥੇ ਪ੍ਰਧਾਨ ਸਨ। ਖਾਲ਼ੇ ਦੇ ਕੋਲ਼ ਮੈਂ ਇੱਕ ਛੱਪਰ ਛਤਾਇਆ। ਉਹਦੇ ਹੇਠਾਂ ਇੱਕ ਢਿੱਲੀ ਜਿਹੀ ਮੁੰਜ ਦੀ ਮੰਜੀ ਰੱਖ ਲਈ। ਉਸ 'ਤੇ ਮੈਂ ਇੱਕ ਮੋਟਾ ਖੱਦਰ ਤੇ ਗਿਲਾਫ਼ ਨਾਲ਼ ਢਕਿਆ ਹੋਇਆ ਗੋਲ਼ ਤਕੀਆ ਢੋ ਲਾਉਣ ਲਈ ਰੱਖਿਆ। ਏਸ ਮੰਜੀ 'ਤੇ ਹੀ ਬੈਠ ਕੇ ਮੈਂ ਆਪਣਾ ਤਪ ਕਰਨਾ ਸ਼ੁਰੂ ਕਰ ਦਿੱਤਾ। ਸਵੇਰੇ ਸੱਤ ਵਜੇ ਦੁੱਧ ਪੀ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ ਤੇ ਇੱਕ ਵਜੇ ਦੁਪਹਿਰੇ ਉਂਨਦਾ ਤੇ ਦਹੀਂ ਤੇ ਮਾਂਹਾਂ ਦੀ ਦਾਲ਼ ਨਾਲ਼ ਦੋ ਫੁਲਕੇ ਖਾਂਦਾ। ਇੱਕ ਘੰਟਾ ਅਰਾਮ ਕਰ ਕੇ ਮੈਂ ਫੇਰ ਦੋ ਵਜੇ ਪੜ੍ਹਨਾ ਸ਼ੁਰੂ ਕਰ ਦਿੰਦਾ ਤੇ ਛੇ ਵਜੇ ਸ਼ਾਮ ਤੱਕ ਪੜ੍ਹਦਾ ਰਹਿੰਦਾ। ਫੇਰ ਮੈਂ ਖਾਲ਼ੇ ਕੰਢੇ ਇੱਕ ਘੰਟਾ ਸੈਰ ਕਰਦਾ। ਨਹਿਰ ਦੀ ਬੰਦੀ ਹੁੰਦੀ ਤਾਂ ਖਾਲ਼ਾਂ ਵਿੱਚ ਅਨੇਕ ਮੱਛੀਆਂ ਰਹਿ ਜਾਂਦੀਆਂ ਤੇ ਕਾਂਵਾਂ ਤੇ ਇੱਲਾਂ ਦਾ ਖਾਜਾ ਬਣਦੀਆਂ।

ਜਦ ਮੈਂ ਆਈ.ਸੀ.ਐੱਸ. ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ ਤਾਂ ਪਤਾ ਲੱਗਾ ਕਿ ਬੀਕਾਨੇਰ ਦਾ ਮਹਾਰਾਜਾ ਗੰਗਾ ਸਿੰਘ ਗਜ ਸਿੰਘ ਪੁਰ ਜ਼ਿਮੀਦਾਰਾਂ ਦੀਆਂ ਤਕਲੀਫ਼ਾਂ ਸੁਣਨ ਆਵੇਗਾ। ਮੈਂ ਵੀ ਪੜ੍ਹਾਈ ਛੱਡ ਕੇ ਸਟੇਸ਼ਨ 'ਤੇ ਪੁੱਜ ਗਿਆ। ਰਿਆਸਤ ਦੇ ਬਹੁਤ ਸਾਰੇ ਅਫ਼ਸਰ ਦੌਰੇ 'ਤੇ ਓਥੇ ਪਹੁੰਚ ਚੁੱਕੇ ਸਨ ਤੇ ਉਹਨਾਂ ਦੇ ਚਪੜਾਸੀ ਟਿੱਡੀ ਦਲ ਵਾਂਗ ਚੱਕਾਂ ਵਿੱਚ ਫੈਲ ਗਏ। ਬਹੁਤ ਸਾਰੀਆਂ ਮੰਜੀਆਂ ਇਕੱਠੀਆ ਕਰ ਲਈਆ ਤੇ ਹਰ ਘਰ 'ਚੋਂ ਦੁੱਧ ਇਕੱਠਾ ਕਰ ਲਿਆ। ਸਾਰਾ ਪੀ ਤਾ ਸਕਦੇ ਨਹੀਂ ਸਨ, ਬਚਦਾ-ਖੁਚਦਾ ਕਾੜ੍ਹ ਕੇ ਖੋਆ ਬਣਾ ਲਿਆ। ਏਸ ਤੋਂ ਹੀ ਮੈਂ ਅੱਖੀਂ ਦੇਖਿਆ ਕਿ ਅਫ਼ਸਰਾਂ ਦੇ ਦੌਰਿਆਂ 'ਤੇ ਕਿੰਨੀ ਹਨੇਰ- ਗਰਦੀ ਫੈਲਦੀ ਹੈ।

ਗੰਗਾ ਸਿੰਘ ਦੀ ਸਪੈਸ਼ਲ ਗੱਡੀ ਗਜ ਸਿੰਘ ਪੁਰ ਪਹੁੰਚੀ। ਬਾਗੜੀਆ ਨੇ ਲਾਲ ਪੱਗਾਂ ਦੇ ਮੁੰਡਾਸੇ ਬੰਨ੍ਹੇ ਹੋਏ ਸਨ ਤੇ ਉਹਨਾਂ ਨੇ, 'ਅੰਨ ਦਾਤਾ, ਘਣੋ ਖ਼ਿਮਾ' ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਦੂਸਰੇ ਪਾਸੇ ਪੰਜਾਬ ਦੇ ਅਜ਼ਾਦ ਤੇ ਬਹਾਦਰ ਜੱਟਾਂ ਨੇ ਮਿੱਟੀ ਉਡਾਉਣੀ ਸ਼ੁਰੂ ਕਰ ਦਿੱਤੀ ਤੇ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ, 'ਸਾਡੇ ਪੈਸੇ ਮੋੜ ਜਾ, ਅਸੀਂ ਇਹ ਮੁਰੱਬੇ ਨਹੀਂ ਰੱਖਣੇ' ਇਸ ਕੈਨਾਲ-ਕਾਲੋਨੀ ਦਾ ਮੁੰਤਜ਼ਿਮ ਤੇ ਵੱਡਾ ਅਫ਼ਸਰ

ਜੈ ਗੋਪਾਲ ਸੇਠੀ ਸੀ। ਬੜਾ ਸਖ਼ਤ ਦਿਲ ਸੀ ਤੇ ਉਹ ਜ਼ਿਮੀਦਾਰਾਂ ਨੂੰ ਕੁਝ ਵੀ ਰਿਆਇਤ ਦੇਣੀ ਨਹੀਂ ਚਾਹੁੰਦਾ ਸੀ। ਮੈਂ ਜ਼ਿਮੀਦਾਰਾਂ ਨੂੰ ਸਮਝਾਇਆ ਕਿ ਹੁੱਲੜਬਾਜ਼ੀ ਦਾ ਨਤੀਜਾ ਚੰਗਾ ਨਹੀ ਨਿਕਲ਼ਦਾ, ਅਕਲ ਨਾਲ਼ ਗੱਲ ਕਰਨੀ ਚਾਹੀਦੀ ਹੈ। ਮੈਂ ਅੱਗੇ ਹੋ ਕੇ ਅੰਗਰੇਜ਼ੀ ਵਿੱਚ ਮਹਾਰਾਜੇ ਨੂੰ ਜ਼ਿਮੀਦਾਰਾਂ ਦੀ ਤਕਲੀਫ਼ ਸਮਝਾਈ ਤੇ ਸਲਾਹ ਦਿੱਤੀ ਕਿ ਕਿਸ਼ਤਾਂ ਵਿੱਚ ਨਰਮੀ ਕਰਨੀ ਚਾਹੀਦੀ ਹੈ ਤੇ ਇਸ ਨਾਲ਼ ਹੀ ਇਲਾਕੇ ਵਿੱਚ ਅਮਨ-ਚੈਨ ਹੋਊ। ਉਸ ਨੇ ਬੜੇ ਘੁਮੰਡ ਨਾਲ਼ ਮੇਰੀ ਗੱਲ ਸੁਣੀ ਤੇ ਮੈਂ ਅਨੁਭਵ ਕੀਤਾ ਕਿ ਅਸਰ ਜ਼ਰੂਰ ਹੋਇਆ ਹੈ।

ਇਸ ਵਾਕਿਆ ਤੋਂ ਬਾਅਦ ਮੈਂ ਆਪਣੀ ਪੜ੍ਹਾਈ ਫੇਰ ਸ਼ੁਰੂ ਕਰ ਦਿੱਤੀ ਤੇ ਸਾਨੂੰ ਇਹ ਬੜੀ ਖ਼ੁਸ਼ੀ ਹੋਈ ਕਿ ਅਫ਼ਸਰਾਂ ਤੇ ਉਹਨਾਂ ਦੇ ਅਮਲੇ-ਫੈਲੇ ਦਾ ਟਿੱਡੀ-ਦਲ ਅੱਗੇ ਚਲਾ ਗਿਆ ਹੈ।

ਆਈ.ਸੀ.ਐੱਸ. ਦੇ ਮੁਕਾਬਲੇ ਦਾ ਇਮਤਿਹਾਨ 11 ਤੋਂ 26 ਜਨਵਰੀ ਮੈਟਕਾਫ਼ ਹਾਊਸ, ਦਿੱਲੀ ਹੋਣਾ ਸੀ। ਕਿਸੇ ਜ਼ਮਾਨੇ ਵਿੱਚ ਇਹ ਸਥਾਨ ਜੋ ਜਮਨਾ ਦੇ ਕੰਢੇ ਪੁਰਾਣੀ ਦਿੱਲੀ ਵਿੱਚ ਹੈ, ਮੈਟਕਾਫ਼ ਦਾ ਜ਼ਾਤੀ ਮਕਾਨ ਸੀ ਤੇ ਰਿਟਾਇਰ ਹੋਣ 'ਤੇ ਉਹ ਗੌਰਮਿੰਟ ਨੂੰ ਦੇ ਗਿਆ।

ਖ਼ੈਬਰ ਪਾਸ ਮਾਰਕੀਟ ਦੇ ਕੋਲ਼ ਇੱਕ ਮੜ੍ਹੀ ਹੋਈ ਪੀਲ਼ੇ ਰੰਗ ਦੀ ਕੋਠੀ ਸੀ ਜੋ ਹੁਣ ਵੀ ਮੌਜੂਦ ਹੈ। ਇਸ ਵਿੱਚ ਗੌਰਮਿੰਟ ਆਫ਼ ਇੰਡੀਆ ਦੇ ਬਹੁਤ ਸਾਰੇ ਕਲਰਕ ਰਹਿੰਦੇ ਸਨ। ਇਹਨਾਂ ਨਾਲ਼ ਹੀ ਇਸ ਕਮਰੇ ਵਿੱਚ ਮੇਰਾ 'ਦੋਸਤ' ਨਰੰਜਨ ਸਿੰਘ ਬੈਂਸ ਵੀ ਰਹਿੰਦਾ ਸੀ। ਇੱਕ ਵੱਡਾ ਸਾਰਾ ਕਮਰਾ ਸੀ ਜਿਸ ਵਿੱਚ ਬਾਰਾਂ ਮੰਜੇ ਡੱਠੇ ਹੋਏ ਸਨ। ਇਹਨਾਂ ਵਿੱਚ ਮੇਰੇ ਲਈ ਵੀ ਮੁੰਜ ਦੀ ਮੰਜੀ ਡਾਹ ਦਿੱਤੀ ਗਈ। ਇਹਨਾਂ ਕਲਰਕਾਂ ਵਿੱਚ ਹਰ ਜਾਤ ਦੇ ਹਿੰਦੂ ਤੇ ਸਿੱਖ ਮੌਜੂਦ ਸਨ। ਜਦ ਸਵੇਰੇ ਉੱਠਣਾ ਤਾ ਗੰਗਾ ਸਿੰਘ ਨੇ ਆਪਣੇ ਦੋਸਤ ਪੰਡਤ ਦੌਲਤ ਰਾਮ ਸ਼ਰਮਾ ਨੂੰ ਵਾਜ ਮਾਰਨੀ, "ਪੰਡਤ ਜੀ!" ਉਸ ਉੱਤਰ ਦੇਣਾ, "ਹਾਂ ਜੀ"। ਗੰਗਾ ਸਿੰਘ ਨੇ ਕਹਿਣਾ, "ਮੂੰਹ ਢਕ ਲਓ ਮੈਂ ਉੱਠਣਾ ਹੈ," ਇਹ ਸੁਣ ਕੇ ਅਸੀਂ ਸਾਰਿਆਂ ਨੇ ਖਿੜ-ਖਿੜਾ ਕੇ ਹੱਸਣਾ।

ਇਸ ਮੁਕਾਬਲੇ ਦੇ ਇਮਤਿਹਾਨ ਵਿੱਚ ਜੋ ਜਨਵਰੀ 1931 ਈਸਵੀ ਵਿੱਚ ਹੋਇਆ, ਮੇਰਾ ਉੱਨ੍ਹੀਵਾਂ ਨੰਬਰ ਆਇਆ, 173 ਉਮੀਦਵਾਰਾਂ ਵਿੱਚੋਂ। ਬੋਟਨੀ ਜ਼ੁਆਲੋਜੀ ਵਿੱਚੋਂ ਮੈਨੂੰ ਕਾਫ਼ੀ ਉਮੀਦ ਸੀ, ਘੱਟ ਨੰਬਰ ਆਏ। ਮੈਂ ਦੇਖਿਆ ਕਿ ਇਹਨਾਂ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਮਜ਼ਮੂਨਾਂ ਦਾ ਵੀ ਮੁਕਾਬਲਾ ਹੁੰਦਾ ਹੈ। ਜਿਨ੍ਹਾਂ ਅੰਗਰੇਜ਼ੀ ਸਾਹਿਤ, ਪੋਲਿਟਿਕਸ, ਤਵਾਰੀਖ ਤੇ ਉਰਦੂ ਸਾਹਿਤ ਲਿਆ ਹੋਵੇ, ਉਹ ਸਾਇੰਸ ਦੇ ਮਜ਼ਮੂਨਾਂ ਦੇ ਮੁਕਾਬਲੇ ਘੱਟ ਮਿਹਨਤ ਨਾਲ਼ ਜ਼ਿਆਦਾ ਨੰਬਰ ਲੈ ਸਕਦੇ ਹਨ। ਦੂਸਰੇ ਮੈਂ ਇਹ ਵੀ ਅਨੁਭਵ ਕੀਤਾ ਕਿ ਮੇਰੀ ਤਿਆਰੀ ਵੀ ਕੁਝ ਘੱਟ ਸੀ।

ਮੈਂ ਪਹਿਲੀ ਜਨਵਰੀ, 1932 ਈਸਵੀ ਨੂੰ ਹੀ ਗਜ ਸਿੰਘ ਪੁਰ ਤੋਂ ਚੱਲ ਪਿਆ। ਜਦ ਟਰੰਕ ਚੁਕਾਈ ਰਾਮ ਸਿੰਘ ਦੇ ਨਾਲ਼ ਮੈਂ ਰੇਲਵੇ ਸਟੇਸ਼ਨ ਵੱਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਹਰਨਾਂ ਦੀ ਡਾਰ ਸੱਜੇ-ਖੱਬੇ ਦੀ ਲੰਘ ਗਈ। ਰਾਮ ਸਿੰਘ ਬੋਲਿਆ, "ਇਹ ਮਾੜਾ ਹੋਇਆ"। ਮੇਰਾ ਇਸ ਇਮਤਿਹਾਨ ਵਿੱਚ ਪੰਜਵਾ ਨੰਬਰ ਸੀ ਤੇ ਨੌਂ ਆਦਮੀ ਲੈਣੇ ਸਨ। ਇਸ ਤਰ੍ਹਾਂ ਮੈਂ ਕਾਮਯਾਬ ਹੋ ਗਿਆ ਪਰ ਜਦ ਤੱਕ ਨਤੀਜਾ ਨਾ ਨਿਕਲਿਆ, ਮੇਰੇ ਦਿਲ ਵਿੱਚ ਰਾਮ ਸਿੰਘ ਦੀ ਹਰਨਾਂ ਵਾਲੀ ਗੱਲ ਕੰਡੇ ਵਾਂਗ ਚੁਭਦੀ ਰਹੀ। ਕਿੰਨਾ ਚੰਗਾ ਹੁੰਦਾ ਜੇ ਉਹ ਨਾਮਾਕੂਲ ਚੁੱਪ ਰਹਿੰਦਾ!

ਜਦ ਮੈਂ ਜਨਵਰੀ, ਸੰਨ 1932 ਈਸਵੀ ਦੇ ਆਈ.ਸੀ.ਐੱਸ. ਦੇ ਮੁਕਾਬਲੇ ਦੇ ਇਮਤਿਹਾਨ ਲਈ ਦਿੱਲੀ ਆਇਆ ਤਾ ਸੋਚਿਆ ਕਿ ਖ਼ੈਬਰ ਪਾਸ ਕੋਠੀ ਮਨਹੂਸ ਹੈ ਤੇ ਆਪਣੀ ਠਾਹਰ ਦਾ ਇੰਤਜ਼ਾਮ ਮੈਟਕਾਫ਼ ਹਾਊਸ ਦੇ ਕੋਲ਼ ਹੀ ਕੀਤਾ ਜਾਵੇ ਜਿੱਥੇ ਇਹ ਇਮਤਿਹਾਨ ਹੁੰਦਾ ਸੀ। ਓਥੇ ਮੈਂ ਗਲ਼ੀ ਦੇ ਵਿੱਚ ਇੱਕ ਨਵੀਂ ਜਿਹੀ ਕੋਠੀ ਵੇਖੀ ਜਿਸ ਦੇ ਗੁਲਾਬੀ ਪਰਦੇ ਲੱਗੇ ਹੋਏ ਸਨ। ਮੈਂ ਅੰਦਰ ਗਿਆ ਤੇ ਇੱਕ ਗੋਰੇ ਰੰਗ ਦਾ ਨੌਜਵਾਨ ਲਾਲਾ ਮਿਲਿਆ। ਉਸ ਨੇ ਮੈਨੂੰ ਇੱਕ ਛੋਟਾ ਜਿਹਾ ਕਮਰਾ ਦਿਖਾਇਆ ਤੇ 50 ਰੁਪਏ ਮਹੀਨਾ ਕਿਰਾਇਆ ਮੰਗਿਆ। ਮੈਂ ਮੰਨ ਲਿਆ ਤੇ 10 ਰੁਪਏ ਪੇਸ਼ਗੀ ਦੇ ਦਿੱਤੀ। ਅਗਲੇ ਦਿਨ ਜਦ ਮੈਂ ਆਪਣਾ ਬਿਸਤਰਾ ਤੇ ਕਿਤਾਬਾਂ ਚੁੱਕ ਕੇ ਓਥੇ ਗਿਆ ਤਾਂ ਲਾਲਾ ਜੀ ਸਾਫ਼ ਮੁੱਕਰ ਗਏ ਤੇ ਉਸ ਨੇ ਮੇਰੇ ਪੇਸ਼ਗੀ ਰੁਪਏ ਵੀ ਮਾਰ ਲਏ। ਮੇਰੇ ਦਿਲ ਵਿੱਚ ਬੜਾ ਰੰਜ ਹੋਇਆ। ਕਿਉਂਕਿ ਮੇਰੀ ਮਾਲੀ ਹਾਲਤ ਬੜੀ ਪਤਲੀ ਸੀ ਤੇ ਉਸ ਵੇਲੇ ਦੇ ਦਸ ਰੁਪਏ ਅੱਜ-ਕੱਲ੍ਹ ਦੇ ਦੋ ਸੌ ਬਰਾਬਰ ਸਨ। ਮੈਂ ਉਸ ਲਾਲਾ ਜੀ ਦੀ ਕਮੀਨੀ ਹਰਕਤ ਨੂੰ ਕਦੇ ਵੀ ਨਹੀਂ ਭੁਲਾ ਸਕਿਆ।

ਸੰਨ 1946 ਵਿੱਚ ਜਦ ਮੈਂ ਦਿੱਲੀ ਦਾ ਡਿਪਟੀ ਕਮਿਸਨਰ ਬਣਿਆ ਤਾਂ ਮੇਰੇ ਦਿਲ ਵਿੱਚ ਖ਼ਿਆਲ ਆਇਆ ਕਿ ਉਸ ਮਕਾਨ ਦੀ ਭਾਲ਼ ਕੀਤੀ ਜਾਵੇ। ਮੈਂ ਸੰਨ 1932 ਦੀ ਆਪਣੀ ਗ਼ਰੀਬੀ ਤੇ ਬੇਵੱਸੀ ਨੂੰ ਯਾਦ ਕਰਕੇ ਐਸਾ ਮਹਿਸੂਸ ਕਰਦਾ ਸੀ ਕਿ ਜਿਵੇਂ ਡਿਕ ਵਿਲਿੰਗਟਨ ਪੋਟਲ਼ੀ ਬੰਨ੍ਹ ਕੇ ਲੰਡਨ ਆਇਆ ਸੀ ਤੇ ਬਾਅਦ ਵਿੱਚ ਉਹੀ ਉਸੇ ਸ਼ਹਿਰ ਦਾ ਲਾਰਡ ਮੇਅਰ ਬਣਿਆ। ਮੈਂ ਉਹ ਕੋਠੀ ਲੱਭ ਲਈ ਤੇ ਮੇਰੇ ਪੇਸ਼ਕਾਰ ਨੇ ਲਾਲਾ ਜੀ ਨੂੰ ਵੀ ਲੱਭ ਲਿਆ।

ਮੈਂ ਡੀ.ਸੀ. ਦੀ ਕੋਠੀ 17, ਰਾਜਪੁਰ ਰੋਡ ਵਿੱਚ ਆਪਣੇ ਦਫ਼ਤਰ ਵਿੱਚ ਬੈਠਾ ਸੀ ਤੇ ਲਾਲਾ ਜੀ ਅੰਦਰ ਆਏ। ਮੈਂ ਪੁੱਛਿਆ, "ਲਾਲਾ ਜੀ, ਤੁਹਾਨੂੰ ਯਾਦ ਹੈ ਕਿ ਜਨਵਰੀ, 1932 ਵਿੱਚ ਇੱਕ ਸਿੱਖ ਨੌਜਵਾਨ ਤੁਹਾਡੀ ਕੋਠੀ ਦੇਖਣ ਆਇਆ ਸੀ।"

"ਹਾਂ ਜੀ।"

"ਉਸ ਨੇ ਤੁਹਾਨੂੰ 10 ਰੁਪਏ ਪੇਸ਼ਗੀ ਦਿੱਤੇ ਸਨ, ਜੋ ਤੁਸੀਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ।"

ਲਾਲਾ ਜੀ ਦਾ ਮੂੰਹ ਫੱਕ ਹੋ ਗਿਆ ਤੇ ਇੱਕ ਰੰਗ ਆਏ ਤੇ ਦੂਸਰਾ ਜਾਏ ਪਰ ਉਹ ਬੋਲਿਆ ਕੁਝ ਨਹੀਂ।

ਮੈਂ ਕਿਹਾ, "ਉਹ ਸਿੱਖ ਨੌਜਵਾਨ ਮੈਂ ਹੀ ਹਾਂ।" ਲਾਲਾ ਜੀ ਦੇ ਤੋਤੇ ਉੱਡ ਗਏ ਤੇ ਘਬਰਾ ਗਏ।

ਮੈਂ ਕਿਹਾ, "ਤੁਹਾਨੂੰ ਘਬਰਾਉਣ ਦੀ ਲੋੜ ਨਹੀਂ। ਤੁਸੀਂ 200 ਰੁਪਏ ਮਹਿਰੌਲੀ ਦੀ ਲਾਇਬ੍ਰੇਰੀ ਲਈ ਚੰਦਾ ਦੇ ਦਿਓ ਤੇ ਪੁਰਾਣਾ ਸੰਨ 1932 ਦਾ ਕਰਜ਼ਾ ਮੁਆਫ਼ ਕੀਤਾ ਜਾਂਦਾ ਹੈ।" ਲਾਲਾ ਜੀ ਨੇ ਤੁਰੰਤ ਹੀ ਚੰਦਾ ਦੇ ਦਿੱਤਾ ਤੇ ਆਪਣੀ ਜਾਨ ਦੀ ਖ਼ਲਾਸੀ ਕਰਾਈ।

ਹੁਣ ਮੈਂ ਆਈ.ਸੀ.ਐੱਸ. ਦੇ ਮੁਕਾਬਲੇ ਦੇ ਇਮਤਿਹਾਨ ਦੀ ਫੇਰ ਗੱਲ ਕਰਨੀ ਚਾਹੁੰਦਾ ਹਾਂ। ਏਸ ਤੋਂ ਸ਼ਾਇਦ ਹੀ ਕੋਈ ਸਖ਼ਤ ਇਮਤਿਹਾਨ ਹੋਵੇ। ਤਕਰੀਬਨ ਮਹੀਨਾ ਭਰ ਪਰਚੇ ਹੁੰਦੇ ਰਹੇ ਤੇ ਇਸ ਤੋਂ ਪਿੱਛੋਂ ਵਾਈਵਾ ਹੋਇਆ। ਮੈਂ ਇਸ ਇਮਤਿਹਾਨ ਦੀ ਕਠਨਾਈ ਨੂੰ ਕਈ ਸਾਲ ਨਹੀਂ ਭੁਲਾ ਸਕਿਆ। ਕਈ ਵਾਰ ਸੁਫ਼ਨਾ ਆਉਂਦਾ ਸੀ ਕਿ ਮੈਟਕਾਫ਼ ਹਾਉਸ ਦੇ ਹਾਲ ਵਿੱਚ ਪਰਚੇ ਲਿਖ ਰਿਹਾ ਹਾਂ ਪਰ ਸਭ ਕੁਝ ਭੁੱਲ ਗਿਆ ਹੈ। ਹਜ਼ਰਤ ਮੂਸਾ ਨੇ ਠੀਕ ਹੀ ਕਿਹਾ ਸੀ ਕਿ "ਯਾ ਖ਼ੁਦਾ! ਮੁਝੇ ਇਮਤਿਹਾਨ ਮੇਂ ਨਾ ਡਾਲ।"

**ਔਖੇ ਸ਼ਬਦ :** **ਹਿਕਮਤੇ-ਅਮਲੀ**-ਹੁਸ਼ਿਆਰੀ, ਦੂਰ-ਅੰਦੇਸ਼ੀ। **ਖਾਣਾ**-ਖ਼ੁਰਾਕ। **ਸਿਲਾ**-ਫਲ। **ਮੁੰਤਜ਼ਿਮ**-ਇੰਤਜ਼ਾਮ ਕਰਨ ਵਾਲਾ। **ਫ਼ਾਰਗ**-ਵਿਹਲਾ। **ਨਾਮਾਕੂਲ**-ਅਣਉਚਿੱਤ। **ਮਨਹੂਸ**-ਮੰਦਭਾਗੀ। **ਰਿਸੈੱਸ਼ਨ**-ਆਰਥਿਕ ਮੰਦਵਾੜਾ।

## ਅਭਿਆਸ

1. ਲੇਖਕ ਨੇ ਆਈ.ਸੀ.ਐੱਸ. ਪਾਸ ਕਰਨ ਤੋਂ ਪਹਿਲਾਂ ਦੀ ਆਪਣੀ ਅਤੇ ਆਲੇ-ਦੁਆਲੇ ਦੀ ਮੰਦਹਾਲੀ ਬਾਰੇ ਜੋ ਕੁਝ ਦੱਸਿਆ ਹੈ, ਉਸ ਨੂੰ ਆਪਣੇ ਸਬਦਾਂ ਵਿੱਚ ਲਿਖੋ।
2. ਮੁਕਾਬਲੇ ਦੀ ਪਰੀਖਿਆ ਵਿੱਚ ਲੇਖਕ ਦੀ ਸਫਲਤਾ ਦਾ ਭੇਦ ਕੀ ਸੀ ? ਇਸ ਪਾਠ ਦੇ ਆਧਾਰ 'ਤੇ ਦੱਸੋ।
3. 'ਤਖ਼ਤ ਜਾਂ ਤਖ਼ਤਾ' ਨਾਂ ਦਾ ਇਹ ਪਾਠ ਡਾ: ਰੰਧਾਵਾ ਜੀ ਦੀ ਸ਼ਖ਼ਸੀਅਤ ਦੇ ਕਿਹੜੇ ਗੁਣਾਂ ਨੂੰ ਉਜਾਗਰ ਕਰਦਾ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ।
4. ਇਸ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**(ੳ) ਵਸਤੂਨਿਸ਼ਠ ਪ੍ਰਸ਼ਨ :—**

1. ਡਾ. ਮਹਿੰਦਰ ਸਿੰਘ ਰੰਧਾਵਾ ਰਚਿਤ ਸ੍ਵੈਜੀਵਨੀ 'ਆਪ-ਬੀਤੀ' ਵਿੱਚੋਂ ਕਿਹੜਾ ਅੰਸ਼ ਤੁਹਾਡੀ ਪਾਠ-ਪੁਸਤਕ 'ਆਪ-ਬੀਤੀਆਂ' ਵਿੱਚ ਸ਼ਾਮਲ ਕੀਤਾ ਗਿਆ ਹੈ ?
2. ਡਾ. ਰੰਧਾਵਾ ਨੇ 1930 ਈਸਵੀ ਵਿੱਚ ਕਿਹੜੀ ਜਮਾਤ ਪਾਸ ਕੀਤੀ ਸੀ ?
3. ਖ਼ਾਲਸਾ ਕਾਲਜ ਵਿੱਚ ਜਾ ਕੇ ਡਾ. ਰੰਧਾਵਾ ਕਿਸ ਪ੍ਰੋਫ਼ੈਸਰ ਨੂੰ ਮਿਲੇ ?
4. ਸਰ ਸੁੰਦਰ ਸਿੰਘ ਮਜੀਠੀਆ ਨੇ ਡਾ. ਰੰਧਾਵਾ ਨੂੰ ਬਹੁਤ ਪਸੰਦ ਕੀਤਾ। (ਸਹੀ/ਗਲਤ)
5. ਡਾ. ਰੰਧਾਵਾ ਦਾ ਦੋਸਤ ਨਰੰਜਨ ਸਿੰਘ ਦਿੱਲੀ ਨੌਕਰੀ ਕਰਦਾ ਸੀ। (ਸਹੀ/ਗਲਤ)
6. 1946 ਈਸਵੀ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦਿੱਲੀ ਦੇ ਡਿਪਟੀ ਕਮਿਸ਼ਨਰ ਬਣੇ। (ਸਹੀ/ਗਲਤ)
7. ਡਾ. ਮਹਿੰਦਰ ਸਿੰਘ ਰੰਧਾਵਾ ਦਾ ਥੀਸਸ ਪੰਜਾਬ ਦੀਆਂ __________ 'ਤੇ ਸੀ। (ਖ਼ਾਲੀ ਸਥਾਨ ਭਰੋ)
8. ਡਾ. ਰੰਧਾਵਾ __________ ਮੁੰਡਿਆਂ ਨੂੰ ਮੁਫ਼ਤ ਬੋਟਨੀ-ਜੁਆਲੋਜੀ ਪੜ੍ਹਾਉਂਦੇ ਸਨ। (ਖ਼ਾਲੀ ਸਥਾਨ ਭਰੋ)
9. ਡਾ. ਰੰਧਾਵਾ ਦੇ ਨਿਗਰਾਨ ਪ੍ਰੋ. ਐੱਮ. ਐੱਲ. ਘੋਸ਼ ਰੰਗ ਨਹੀਂ ਪਛਾਣ ਸਕਦੇ ਸਨ ਕਿਉਂਕਿ :

   (i) ਉਹਨਾ ਦੀ ਨਜ਼ਰ ਕਮਜ਼ੋਰ ਸੀ (ii) ਉਹ ਕਲਰ-ਬਲਾਈਂਡ ਸਨ

   (iii) ਉਹਨਾ ਨੂੰ ਰੰਗਾ ਦਾ ਗਿਆਨ ਨਹੀਂ ਸੀ (iv) ਤਿੰਨਾ ਵਿੱਚੋਂ ਕੋਈ ਨਹੀਂ

10. ਹਜ਼ਰਤ ਮੂਸਾ ਨੇ ਠੀਕ ਹੀ ਕਿਹਾ ਸੀ ਕਿ "ਯਾ ਖ਼ੁਦਾ ਮੁਝੇ __________

(i) ਗ਼ੁਲਾਮ ਨਾ ਬਣਾ (ii) ਸਜ਼ਾ ਨਾ ਦੇ

(iii) ਇਮਤਿਹਾਨ ਮੇਂ ਨਾ ਡਾਲ (iv) ਭੁੱਖਾ ਨਾ ਰੱਖ।

(ਅ) ਦੱਸੋ :—

1. ਲੇਖਕ ਨੇ ਆਈ. ਸੀ. ਐੱਸ. ਪਾਸ ਕਰਨ ਤੋਂ ਪਹਿਲਾ ਆਪਣੀ ਅਤੇ ਆਲੇ-ਦੁਆਲੇ ਦੀ ਮੰਦਹਾਲੀ ਬਾਰੇ ਜੋ ਕੁਝ ਦੱਸਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
2. ਸਰ ਸੁੰਦਰ ਸਿੰਘ ਮਜੀਠੀਆ ਨਾਲ਼ ਡਾ. ਰੰਧਾਵਾ ਦੀ ਜੋ ਵਾਰਤਾਲਾਪ ਹੋਈ, ਉਸ ਨੂੰ ਆਪਣੇ ਸਬਦਾਂ ਵਿੱਚ ਲਿਖੋ।
3. ਮੁਕਾਬਲੇ ਦੀ ਪਰੀਖਿਆ ਵਿੱਚ ਲੇਖਕ ਦੀ ਸਫਲਤਾ ਦਾ ਭੇਦ ਕੀ ਸੀ ? ਇਸ ਪਾਠ ਦੇ ਆਧਾਰ 'ਤੇ ਦੱਸੋ।
4. ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲ਼ੇ ਲਾਲਾ ਜੀ ਨੂੰ ਕਿਵੇਂ ਸਬਕ ਸਿਖਾਇਆ ?
5. 'ਤਖ਼ਤ ਜਾਂ ਤਖ਼ਤਾ' ਸ੍ਵੈਜੀਵਨੀ-ਅੰਸ਼ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉਜਾਗਰ ਹੁੰਦੇ ਹਨ ? ਆਪਣੇ ਸ਼ਬਦਾਂ ਵਿੱਚ ਲਿਖੋ।

❋❋❋❋❋

6

# ਖ਼ੁਸ਼ਵੰਤ ਸਿੰਘ

(1915-2014)

| | | |
|---|---|---|
| ਪਿਤਾ | : | ਸ. ਸੋਭਾ ਸਿੰਘ |
| ਮਾਤਾ | : | ਸ੍ਰੀਮਤੀ ਵਰਿਆਮ ਕੌਰ |
| ਜਨਮ-ਸਥਾਨ | : | ਹਡਾਲੀ (ਪਾਕਿਸਤਾਨ ਪੰਜਾਬ) |
| ਵਿੱਦਿਆ | : | ਐੱਲ. ਐੱਲ. ਬੀ. |
| ਕੰਮ-ਕਿੱਤਾ | : | ਪਹਿਲਾਂ ਕੁਝ ਸਮਾਂ ਵਕਾਲਤ ਕੀਤੀ, ਫਿਰ ਪੱਤਰਕਾਰੀ ਤੇ ਲੇਖਣ। |

**ਮੁੱਖ ਰਚਨਾਵਾਂ :**

ਪਾਕਿਸਤਾਨ ਮੇਲ, ਦਿੱਲੀ, ਮੌਜ ਮੇਲਾ, ਖ਼ੁਸ਼ਵੰਤ ਨਾਮਾ, ਰੰਨਾ ਵਿੱਚ ਧੰਨਾ, ਸਿੱਖ ਇਤਿਹਾਸ ਦੀ ਖੋਜ।

**ਸਨਮਾਨ :**

1980-86 ਈਸਵੀ ਤੱਕ ਰਾਜ-ਸਭਾ ਦੇ ਨਾਮਜ਼ਦ ਮੈਂਬਰ ਰਹੇ। ਆਪ ਨੂੰ ਪਦਮ-ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਹਨਾਂ ਨੇ ਕੇਂਦਰ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿੱਚ ਫ਼ੌਜ ਭੇਜਣ ਦੇ ਰੋਸ ਵਜੋਂ 1984 ਵਿੱਚ ਵਾਪਸ ਕਰ ਦਿੱਤਾ ਸੀ।

ਹਥਲੀ ਪਾਠ-ਪੁਸਤਕ ਵਿੱਚ ਖ਼ੁਸ਼ਵੰਤ ਸਿੰਘ ਲਿਖਿਤ ਸ੍ਵੈਜੀਵਨੀ ਮੌਜ ਮੇਲਾ (ਮੂਲ ਅੰਗਰੇਜ਼ੀ Truth love and little malice) ਵਿੱਚੋਂ (ਸਭ ਦਾ ਪਿਆਰਾ ਸਿੰਬਾ) ਲਿਆ ਗਿਆ ਹੈ। ਸਿੰਬਾ ਉਹਨਾਂ ਦੇ ਪਰਿਵਾਰ ਦਾ ਪਾਲਤੂ ਕੁੱਤਾ ਸੀ ਜਿਸ ਨਾਲ ਲੇਖਕ ਦਾ ਗੂੜ੍ਹਾ ਲਗਾਅ ਹੋ ਗਿਆ ਸੀ। ਸਿੰਬੇ ਦੀਆਂ ਕਾਰਸਤਾਨੀਆਂ, ਚੁਸਤੀਆਂ, ਮਸਤੀਆਂ, ਹੁੱਲੜਬਾਜ਼ੀਆਂ ਤੋਂ ਸਾਰਾ ਪਰਿਵਾਰ ਪ੍ਰਭਾਵਿਤ ਸੀ। ਸਿੰਬਾ ਆਪਣੇ ਗੁਣਾਂ ਕਰਕੇ ਪਰਿਵਾਰ ਦਾ ਪ੍ਰਮੁੱਖ ਜੀਅ ਅਤੇ ਲੇਖਕ ਦਾ ਪੱਕਾ ਦੋਸਤ ਬਣ ਗਿਆ। ਜਦੋਂ ਸਿੰਬਾ ਗੁਜ਼ਰ ਗਿਆ, ਉਸ ਮਗਰੋਂ ਜੀਵਨ-ਭਰ ਲੇਖਕ ਨੇ ਕੋਈ ਪਾਲਤੂ ਕੁੱਤਾ ਨਹੀਂ ਰੱਖਿਆ ਕਿਉਂਕਿ ਲੇਖਕ ਦੀ ਸੋਚ ਸੀ ਕਿ ਦੋਸਤ ਬਦਲੇ ਨਹੀਂ ਜਾ ਸਕਦੇ।

❋❋❋❋❋

# ਸਭ ਦਾ ਪਿਆਰਾ 'ਸਿੰਬਾ'

ਮੈਂ ਦਿੱਲੀ ਵਾਪਸ ਪਰਤ ਆਇਆ। ਇੱਕ ਵਾਰੀ ਫਿਰ ਮੈਂ ਬੇਕਾਰ ਸਾਂ ਅਤੇ ਮੇਰੀ ਜੇਬ ਜਾਂ ਬੈਂਕ ਦੇ ਖਾਤੇ ਵਿੱਚ ਬਹੁਤ ਘੱਟ ਪੈਸਾ ਸੀ। ਜੋ ਕੁਝ ਮੈਂ ਹਾਸਲ ਕੀਤਾ ਤਾ ਕੁਝ ਛੋਟੀਆ ਕਹਾਣੀਆ ਸਨ ਜਿਨ੍ਹਾ ਮੇਰਾ ਥੋੜ੍ਹਾ ਨਾ ਤਾਂ ਕੀਤਾ ਸੀ ਪਰ ਕੋਈ ਪੈਸਾ ਨਹੀਂ ਦਿੱਤਾ। 'ਸ਼ਾਰਟ ਹਿਸਟਰੀ ਆਫ਼ ਦਾ ਸਿੱਖਸ' ਨਾ ਦੀ ਇੱਕ ਛੋਟੀ ਕਿਤਾਬ ਵੀ ਸੀ ਪਰ ਇਸ ਉੱਤੇ ਮੈਨੂੰ ਬਹੁਤੀ ਤਸੱਲੀ ਨਹੀ ਸੀ। ਇਸ ਦੀ ਕੱਟੜਪੰਥੀ ਸਿੱਖਾਂ ਵੱਲੋਂ ਆਲੋਚਨਾ ਵੀ ਕੀਤੀ ਜਾਂਦੀ ਸੀ। ਸਿਰਫ਼ ਇੱਕ ਨਾਵਲ ਰਾਹੀ ਹੀ ਮੈਨੂੰ ਕਮਾਈ ਹੋਈ ਸੀ ਜਿਹੜੀ ਮੈਂ ਖ਼ਰਚ ਦਿੱਤੀ ਸੀ। ਦੂਜੇ ਨਾਵਲ ਦਾ ਖਰੜਾ ਹਾਲੇ ਕਿਸੇ ਪ੍ਰਕਾਸ਼ਕ ਨੇ ਪ੍ਰਵਾਨ ਨਹੀਂ ਸੀ ਕੀਤਾ।

ਘਰ ਵਿੱਚ ਮੇਰਾ ਸੁਆਗਤ ਕਰਨ ਵਾਲਿਆਂ ਵਿੱਚੋਂ ਇੱਕ ਮਹੀਨੇ ਦੀ ਉਮਰ ਦਾ ਅਲਸੇਸ਼ਨ ਕਤੂਰਾ ਵੀ ਸੀ ਜਿਹੜਾ ਮੇਰੇ ਪਿਤਾ ਦੇ ਦੋਸਤ ਨੇ ਮੇਰੀ ਧੀ ਮਾਲਾ ਨੂੰ ਭੇਂਟ ਕੀਤਾ ਸੀ। ਪਹਿਲਾਂ-ਪਹਿਲਾਂ ਤਾਂ ਉਹਨੇ ਮੈਨੂੰ ਬਾਹਰਲਾ ਬੰਦਾ ਹੀ ਸਮਝਿਆ ਸੀ ਕਿਉਂਕਿ ਉਸ ਤੋਂ ਪਹਿਲਾਂ ਉਸ ਦੇ ਪਰਿਵਾਰ ਵਿੱਚ ਮੇਰੀ ਪਤਨੀ ਅਤੇ ਮੇਰੇ ਦੋ ਬੱਚੇ ਹੀ ਸ਼ਾਮਲ ਸਨ। ਉਹ ਮੇਰੇ ਪਿਤਾ ਵਾਲੇ ਮਕਾਨ ਦੇ ਉੱਪਰਲੇ ਸੌਣ-ਕਮਰੇ ਵਿੱਚ ਹੀ ਸੌਂਦਾ ਅਤੇ ਪੋਰਚ ਦੀ ਛੱਤ ਉੱਤੇ ਹੱਗ ਦਿੰਦਾ। ਅਜੇ ਤੱਕ ਉਹਦਾ ਕੋਈ ਨਾਂ ਨਹੀ ਸੀ ਰੱਖਿਆ ਹੋਇਆ। ਮੈਂ ਉਹਦਾ ਨਾਂ ਸਿੰਬਾ ਰੱਖਣ ਦਾ ਫ਼ੈਸਲਾ ਕੀਤਾ। ਇਸ ਨਾਂ ਦੀ ਇੱਕ ਬਿੱਲੀ ਪਹਿਲੇ ਵੀ ਪੈਰਿਸ ਵਿੱਚ ਸਾਡੇ ਕੋਲ਼ ਹੁੰਦੀ ਸੀ। ਬਹੁਤੇ ਅਲਸੇਸ਼ਨ ਕੁੱਤਿਆਂ ਵਾਂਗ ਹੀ ਸਿੰਬਾ ਵੀ ਸਿਰਫ਼ ਇੱਕੋ ਬੰਦੇ ਦੇ ਹੁਕਮ ਮੰਨਦਾ ਸੀ। ਉਹ ਮੇਰੀ ਧੀ ਦਾ ਕੁੱਤਾ ਸੀ। ਮੇਰੀ ਪਤਨੀ ਉਹਨੂੰ ਖਾਣਾ ਖੁਆਉਂਦੀ ਸੀ, ਉਸ ਨੂੰ ਡਾਕਟਰ ਕੋਲ਼ ਜਾ ਕੇ ਟੀਕੇ ਲੁਆਉਂਦੀ ਸੀ। ਫਿਰ ਵੀ ਉਸ ਨੇ ਮੈਨੂੰ ਆਪਣਾ ਮਾਲਕ ਮੰਨ ਲਿਆ ਸੀ। ਉਹ ਮਨੁੱਖਾਂ ਨੂੰ ਸਮਝਣ ਵਾਲਾ ਕੁੱਤਾ ਸੀ ਇਸ ਕਰਕੇ ਸਾਡੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੁੰਦਾ ਸੀ। ਜਦੋਂ ਅਸੀ ਸੁਜਾਨ ਸਿੰਘ ਪਾਰਕ ਵਿਚਲੇ ਆਪਣੇ ਹੇਠਲੀ ਮੰਜ਼ਲ ਵਾਲ਼ੇ ਫ਼ਲੈਟ ਵਿੱਚ ਆਏ, ਉਹ ਉਦੋਂ ਤੱਕ ਕਤੂਰਾ ਨਾ ਰਹਿ ਕੇ ਇੱਕ ਪੂਰਾ ਸ਼ਕਤੀਸ਼ਾਲੀ ਜਰਮਨ ਸ਼ੈੱਫ਼ਰਡ ਕੁੱਤਾ ਬਣ ਚੁੱਕਾ ਸੀ। ਉਹ ਹਾਲੇ ਵੀ ਸਾਡੇ ਕਮਰੇ ਵਿੱਚ ਸੌਂਦਾ ਸੀ ਜਿੱਥੇ ਅਸੀਂ ਉਹਦੀ ਵੱਖਰੀ ਮੰਜੀ ਡਾਹੀ ਹੋਈ ਸੀ ਅਤੇ ਉਸ ਦੀ ਖ਼ਾਤਰ ਹੀ ਅਸੀਂ ਕਮਰੇ ਵਿੱਚ ਏਅਰ-ਕੰਡੀਸ਼ਨਰ ਵੀ ਫਿੱਟ ਕਰਵਾ ਦਿੱਤਾ ਸੀ। ਰਾਤਾਂ ਨੂੰ ਅਕਸਰ ਹੀ ਉਹ ਮੇਰੇ ਕੰਨਾਂ ਵਿੱਚ ਸੂੰ-ਸੂੰ ਕਰਦਾ ਅਤੇ ਮੇਰੇ ਨਾਲ਼ ਸੌਣ ਲਈ ਮੈਨੂੰ ਪਾਸੇ ਹਟਣ ਲਈ ਕਹਿੰਦਾ ਤੇ ਮੈਂ ਪਾਸੇ ਹਟ ਜਾਂਦਾ। ਉਹ ਧੰਨਵਾਦ ਦਾ ਡੂੰਘਾ ਸਾਹ ਭਰਦਾ ਹੋਇਆ ਮਜ਼ੇ ਨਾਲ਼ ਬਿਸਤਰੇ ਉੱਤੇ ਲੰਮਾ ਪੈ ਜਾਂਦਾ ਅਤੇ ਬਾਕੀ ਦੀ ਰਾਤ ਅੱਧੇ ਨਾਲੋਂ ਵੱਧ ਬਿਸਤਰਾ ਉਹਦੇ ਕਬਜ਼ੇ ਹੇਠ ਰਹਿੰਦਾ।

ਅਸੀਂ ਉਹਦੇ ਨਾਲ਼ ਗੱਲਾਂ ਕਰਦੇ। ਜੇ ਅਸੀਂ ਰੋਣ ਦਾ ਬਹਾਨਾ ਕਰਦੇ ਤਾਂ ਉਹ ਸਾਡੇ ਕੰਨਾਂ ਨੂੰ ਸੁੰਘਦਾ ਅਤੇ ਫਿਰ ਆਪ ਵੀ ਰੋਣ ਵਿੱਚ ਸ਼ਾਮਲ ਹੋ ਜਾਂਦਾ। ਜੇ ਉਹ ਕੋਈ ਸ਼ਰਾਰਤ ਕਰਦਾ ਤਾਂ ਅਸੀਂ ਉਹਨੂੰ ਕੋਨੇ ਵਿੱਚ ਖੜ੍ਹਾ ਕਰ ਦਿੰਦੇ। ਉਹ ਕਿੰਨੀ ਦੇਰ ਤੱਕ ਉੱਥੇ ਖੜ੍ਹਾ ਰਹਿੰਦਾ ਜਦੋਂ ਤੱਕ ਅਸੀਂ ਉਹਨੂੰ ਇਹ ਨਾ ਕਹਿੰਦੇ, "ਠੀਕ ਹੈ, ਹੁਣ ਵਾਪਸ ਆ ਜਾ।" ਸਿੰਬਾ ਦਾ ਮਾਲਾ ਦੀ ਆਇਆ ਨਾਲ਼ ਵਿਸ਼ੇਸ਼ ਰਿਸ਼ਤਾ ਬਣ ਗਿਆ। ਉਹ 75 ਕੁ ਸਾਲ ਦੀ ਬੁੱਢੀ ਮਾਈ ਸੀ। ਉਹ ਉਹਨੂੰ "ਵੇ ਸ਼ਾਂਬਿਆ!" ਕਹਿ ਕੇ ਬੁਲਾਉਂਦੀ ਅਤੇ ਦਰਵਾਜ਼ਾ ਖੋਲ੍ਹ ਦੇਂਦੀ ਤਾਂਕਿ ਉਹ ਬਾਹਰ ਬਾਗ ਵਿੱਚ ਚਲਾ ਜਾਵੇ। ਉਹ ਚਾਹੁੰਦੀ ਸੀ ਕਿ ਉਹ ਆਪਣਾ ਹੱਗਣ-ਮੂਤਣ ਬਾਗ ਵਿੱਚ ਹੀ ਕਰ ਆਵੇ ਅਤੇ ਉਸ ਤੋਂ ਬਾਅਦ ਹੀ ਉਹ ਲਾਗਲੇ ਗੁਰਦੁਆਰੇ ਵਿੱਚ ਮੱਥਾ ਟੇਕਣ ਜਾਂਦੀ। ਉਹਨੂੰ ਪਤਾ ਸੀ ਕਿ ਕੁੱਤੇ ਨੂੰ ਗੁਰਦੁਆਰੇ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ ਇਸ ਲਈ ਉਹ ਬਾਹਰ ਬੈਠਾ ਉਹਦੀਆਂ ਜੁੱਤੀਆਂ ਦੀ ਰਾਖੀ ਕਰਦਾ ਰਹਿੰਦਾ। ਜਿਉਂ ਹੀ ਸਵੇਰ ਦਾ ਕੀਰਤਨ ਖ਼ਤਮ ਹੋਣ ਲੱਗਦਾ, ਉਹ ਮਾਈ ਦੀਆਂ ਜੁੱਤੀਆਂ ਦਾ ਇੱਕ ਪੈਰ ਆਪਣੇ ਮੂੰਹ ਵਿੱਚ ਫੜਦਾ, ਘਰ ਵੱਲ ਨੂੰ ਭੱਜਦਾ ਅਤੇ ਉਹਨੂੰ ਮੰਜੇ ਦੇ ਹੇਠਾਂ ਲੁਕੋ ਦੇਂਦਾ। ਮਾਈ ਰੌਲ਼ਾ ਪਾਉਂਦੀ ਹੋਈ ਉਸ ਦੇ ਪਿੱਛੇ ਭੱਜੀ ਆਉਂਦੀ, "ਵੇ ਸਾਂਬਿਆ! ਤੂੰ ਮੇਰੇ ਸਲੀਪਰ ਕਿੱਥੇ ਲੁਕੋ ਦਿੱਤੇ ਨੇ?" ਜਿੰਨੀ ਦੇਰ ਤੱਕ ਉਹ ਆਪਣੀ ਗੁੰਮੀ ਹੋਈ ਜੁੱਤੀ ਲੱਭਦੀ ਰਹਿੰਦੀ, ਸਿੰਬਾ ਵੀ ਉਹਦੇ ਮਗਰ-ਮਗਰ ਕਮਰਿਆਂ ਵਿੱਚ ਤੁਰਿਆ-ਫਿਰਦਾ ਰਹਿੰਦਾ।

ਸ਼ਾਮ ਦੀ ਸੈਰ ਲਈ ਹਮੇਸ਼ਾਂ ਕਾਹਲਾ ਪੈਂਦਾ ਸੀ। ਉਹ ਆਪਣਾ ਸਿਰ ਮੇਰੀ ਗੋਦੀ ਵਿੱਚ ਰੱਖਦਾ ਅਤੇ ਨਜ਼ਰਾਂ ਵਿੱਚ ਬੇਨਤੀ ਕਰ ਕੇ ਮੇਰੇ ਵੱਲ ਵੇਖਦਾ। ਉਹਦੀਆਂ ਅੱਖਾਂ ਪੁੱਛਦੀਆਂ, "ਹਾਲੇ ਸਮਾਂ ਨਹੀਂ ਹੋਇਆ?" ਮੈਂ ਜਵਾਬ ਦਿੰਦਾ, "ਹਾਲੇ ਨਹੀਂ"। ਫਿਰ ਉਹ ਆਪਣੀ ਸੰਗਲੀ ਚੁੱਕ ਲਿਆਉਂਦਾ ਅਤੇ ਮੇਰੇ ਪੈਰਾਂ ਵਿੱਚ ਰੱਖ ਦਿੰਦਾ। ਉਹਦਾ ਇਸ਼ਾਰਾ ਇਹ ਹੁੰਦਾ ਕਿ ਹੁਣੇ ਚੱਲਣਾ ਚਾਹੀਦਾ ਹੈ। ਮੈਂ ਉਹਨੂੰ ਕਹਿੰਦਾ ਕਿ ਉਹ ਕਾਹਲ਼ਾ ਨਾ ਪਵੇ। ਫਿਰ ਉਹ ਮੇਰੀ ਸੋਟੀ ਲੈ ਕੇ ਆਉਂਦਾ ਅਤੇ ਜਿਹੜੀ ਕਿਤਾਬ ਮੈਂ ਪੜ੍ਹ ਰਿਹਾ ਹੁੰਦਾ, ਉਹਦੇ ਉੱਪਰ ਸੁੱਟ ਦਿੰਦਾ। ਫਿਰ ਕੋਈ ਚਾਰਾ ਨਹੀਂ ਸੀ ਬਚਦਾ। ਜਦੋਂ ਅਸੀਂ ਰਵਾਨਾ ਹੁੰਦੇ ਤਾਂ ਉਹ ਬੜੇ ਉਤਸ਼ਾਹ ਨਾਲ਼ ਉੱਛਲਦਾ ਅਤੇ ਆਪਣੇ ਸਰੀਰ ਨੂੰ ਛੰਡਦਾ। ਜਦੋਂ ਉਹ ਕਾਰ ਦੀ ਪਿਛਲੀ ਸੀਟ ਉੱਤੇ ਬੈਠਦਾ ਤਾਂ ਉਸ ਦੀ ਖ਼ੁਸ਼ੀ ਹੋਰ ਵੀ ਵਧ ਜਾਂਦੀ। ਉਹ ਆਪਣਾ ਮੂੰਹ ਖਿੜਕੀ ਤੋਂ ਬਾਹਰ ਕੱਢ ਦਿੰਦਾ ਅਤੇ ਰਸਤੇ ਵਿੱਚ ਮਿਲ਼ਦੇ ਹਰੇਕ ਕੁੱਤੇ, ਗਾਂ ਜਾਂ ਬਲਦ ਨੂੰ ਭੌਂਕਦਾ। ਲੋਧੀ ਗਾਰਡਨ ਦੇ ਅੰਦਰ ਦਾਖ਼ਲ ਹੁੰਦੇ ਹੀ ਉਸ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ। ਉਹ ਕਾਰ ਦੇ ਮਗਰ ਦੌੜਦਾ, ਰੁਕ ਕੇ ਹੱਗਦਾ ਅਤੇ ਫਿਰ ਪਾਰਕਿੰਗ ਵਾਲ਼ੀ ਥਾਂ ਤੱਕ ਦੌੜਦਾ ਆਉਂਦਾ। ਉਹਨੀਂ ਦਿਨੀਂ ਪਾਰਕ ਵਿੱਚ ਕੁਝ ਖ਼ਰਗੋਸ਼ ਹੋਇਆ ਕਰਦੇ ਸਨ। ਉਹ ਉਹਨਾਂ ਨੂੰ ਝਾੜੀਆਂ ਵਿੱਚ ਸੁੰਘ ਲੈਂਦਾ ਅਤੇ ਫਿਰ ਉਹਨਾਂ ਦਾ ਪਿੱਛਾ ਕਰਦਾ। ਉਹਨਾਂ ਨੂੰ ਫੜਨ ਦੀ ਕੋਸ਼ਸ ਕਰਦੇ ਹੋਏ ਉਹ

ਹੌਂਕਣ ਲੱਗਦਾ। ਖ਼ਰਗੋਸ਼ ਉਸ ਦੇ ਹੱਥ ਨਾ ਆਉਂਦੇ ਕਿਉਂਕਿ ਉਹ ਉਸ ਨਾਲੋਂ ਬਹੁਤ ਤੇਜ ਦੌੜਦੇ ਸਨ ਅਤੇ ਚੁਸਤ ਸਨ ਪਰ ਉਹ ਗਲਹਿਰੀਆਂ ਫੜਨ ਵਿੱਚ ਕਾਫ਼ੀ ਮੁਸਤੈਦ ਹੋ ਗਿਆ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਗਲਹਿਰੀਆਂ ਸਭ ਤੋਂ ਨੇੜਲੇ ਦਰਖ਼ਤ ਤੱਕ ਦੌੜਦੀਆਂ ਅਤੇ ਫਿਰ ਇਸ 'ਤੇ ਚੜ੍ਹਦੀਆਂ ਰਹਿੰਦੀਆਂ। ਉਹ ਉਹਨਾਂ ਨੂੰ ਦਰਖ਼ਤ ਤੋਂ ਹੇਠਾਂ ਭਜਾਉਂਦਾ ਤੇ ਫਿਰ ਉਹਨਾਂ ਦਾ ਪਿੱਛਾ ਕਰਦਾ। ਖੁੱਲ੍ਹੇ ਮੈਦਾਨ ਵਿੱਚ ਉਹ ਬਚ ਨਹੀਂ ਸੀ ਸਕਦੀਆਂ। ਉਹਨੂੰ ਮੈਂ ਕਿੰਨਾ ਵੀ ਝਾੜਦਾ ਜਾਂ ਕੁੱਟ-ਮਾਰ ਕਰਦਾ ਪਰ ਫਿਰ ਵੀ ਉਹ ਵਿਚਾਰੀਆਂ ਗਲਹਿਰੀਆਂ ਨੂੰ ਮਾਰਨੋਂ ਨਹੀਂ ਸੀ ਹਟਦਾ।

ਸ਼ਨੀਵਾਰ ਦੀਆ ਸ਼ਾਮਾ ਨੂੰ ਪਿਕਨਿਕ ਲਈ ਭਰੀ ਜਾ ਰਹੀ ਟੋਕਰੀ ਵੇਖ ਕੇ ਉਸ ਨੂੰ ਪਤਾ ਲੱਗ ਜਾਂਦਾ ਕਿ ਅਗਲਾ ਸਾਰਾ ਦਿਨ ਉਸ ਦੀ ਮੌਜ ਲੱਗੀ ਰਹਿਣੀ ਹੈ। ਸਵੇਰ ਹੋਣ ਤੋਂ ਲੰਮਾ ਸਮਾਂ ਪਹਿਲਾਂ ਹੀ ਉਹ ਉਤਸ਼ਾਹ ਨਾਲ ਘੁੰਮਣ-ਫਿਰਨ ਲੱਗਦਾ ਅਤੇ ਹਰ ਇੱਕ ਨੂੰ ਜਗਾ ਦਿੰਦਾ। ਕਾਰ ਵਿੱਚ ਉਹਨੂੰ ਸਾਂਭ ਕੇ ਰੱਖਣਾ ਔਖਾ ਹੁੰਦਾ ਸੀ। ਜਦੋਂ ਅਸੀਂ ਸੂਰਜਕੁੰਡ ਜਾਂ ਤਿਲਪਤ ਨੇੜੇ ਖੁੱਲ੍ਹੇ ਮੈਦਾਨੀ ਇਲਾਕੇ ਵਿੱਚ ਆਉਂਦੇ ਤਾ ਅਸੀਂ ਉਸ ਨੂੰ ਬਾਹਰ ਕੱਢ ਦਿੰਦੇ ਤਾਕਿ ਉਹ ਕਿਤੇ ਕਾਰ ਵਿੱਚੋਂ ਛਾਲ ਹੀ ਨਾ ਮਾਰ ਦੇਵੇ। ਉਹ ਗਾਵਾ ਦੇ ਵੱਗਾ ਦਾ ਪਿੱਛਾ ਕਰਦਾ ਤੇ ਕਈਆਂ ਨੂੰ ਖੇਤਾ ਵਿੱਚ ਭਜਾ ਦਿੰਦਾ। ਇੱਕ ਵਾਰ ਕਿਸੇ ਗਾਂ ਦੀ ਮਾਰੀ ਛੜ ਨਾਲ ਉਸ ਦਾ ਮੂੰਹ ਸੁੱਜ ਗਿਆ ਸੀ ਅਤੇ ਇੱਕ ਵਾਰ ਉਹਦੇ ਹੱਥੋਂ ਇੱਕ ਬੱਕਰੀ ਮਰਦੀ-ਮਰਦੀ ਮਸਾਂ ਬਚੀ।

ਖੁੱਲ੍ਹੇ ਮੈਦਾਨੀ ਇਲਾਕੇ ਵਿੱਚ ਤਿੰਨ ਤੋਂ ਚਾਰ ਘੰਟੇ ਦਾ ਸਮਾਂ ਉਹ ਖ਼ਰਗੋਸ਼ਾਂ, ਹਿਰਨਾਂ ਜਾਂ ਹੋਰ ਜਾਨਵਰਾਂ ਦਾ ਪਿੱਛਾ ਕਰਦਾ ਰਹਿੰਦਾ ਅਤੇ ਆਖ਼ਰਕਾਰ ਥੱਕ ਜਾਂਦਾ। ਉਹਨੂੰ ਨੀਂਦ ਆਉਣ ਲੱਗਦੀ ਅਤੇ ਜਦੋਂ ਅਸੀਂ ਆਪਣੀ ਪਿਕਨਿਕ ਤੋਂ ਵਾਪਸ ਮੁੜਦੇ, ਉਹ ਸੌਂ ਰਿਹਾ ਹੁੰਦਾ। ਉਸ ਦਿਨ ਉਸ ਨੂੰ ਸ਼ਾਮ ਦੀ ਸੈਰ ਕਰਨ ਜਾਣ ਦਾ ਕੋਈ ਸ਼ੌਕ ਨਹੀਂ ਸੀ ਹੁੰਦਾ।

ਰਾਤ ਦੇ ਖਾਣੇ ਤੋਂ ਬਾਅਦ ਦੀ ਸੈਰ ਲਈ ਵੀ ਉਹ ਕਾਹਲਾ ਪੈਣ ਲੱਗਦਾ। ਅਸੀਂ ਖ਼ਾਨ ਮਾਰਕੀਟ ਦੇ ਦੁਆਲੇ ਸੈਰ ਕਰਨ ਜਾਂਦੇ ਜਿੱਥੇ ਅਸੀਂ ਅਕਸਰ ਪਾਨ ਲਿਆ ਕਰਦੇ। ਉਹ ਆਈਸਕ੍ਰੀਮ ਵਾਲੇ ਭਾਈ ਕੋਲ ਖੜ੍ਹ ਜਾਂਦਾ ਅਤੇ ਬੇਨਤੀ ਭਰੀਆਂ ਅੱਖਾਂ ਨਾਲ ਸਾਨੂੰ ਕਹਿੰਦਾ ਕਿ ਉਸ ਨੂੰ ਆਈਸਕ੍ਰੀਮ ਖ਼ਰੀਦ ਕੇ ਦਿੱਤੀ ਜਾਵੇ। ਆਈਸਕ੍ਰੀਮ ਦਾ ਉਹ ਬਹੁਤ ਸ਼ੁਕੀਨ ਸੀ। ਉਹ ਈਰਖਾਲੂ ਵੀ ਬਹੁਤ ਸੀ। ਇੱਕ ਵਾਰ ਕੋਈ ਬੰਦਾ ਮਾਰਕੀਟ ਵਿੱਚ ਖੜ੍ਹਾ ਦੋ ਬਹੁਤ ਛੋਟੇ-ਛੋਟੇ ਕਤੂਰੇ ਵੇਚ ਰਿਹਾ ਸੀ ਅਸੀਂ ਉਹਨਾਂ ਕਤੂਰਿਆਂ ਵੱਲ ਧਿਆਨ ਦਿੱਤਾ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਜਦੋਂ ਵੀ ਅਸੀਂ ਉਸ ਦਰਖ਼ਤ ਕੋਲ ਰੁਕਦੇ ਜਿੱਥੇ ਕਤੂਰੇ ਵੇਚੇ ਜਾ ਰਹੇ ਸਨ ਤਾਂ ਉਹ ਬਹੁਤ ਗੁੱਸੇ ਨਾਲ ਦਰਖ਼ਤ ਦੇ ਤਣੇ ਨੂੰ ਦੰਦੀਆਂ ਵੱਢਦਾ। ਸੁਜਾਨ ਸਿੰਘ ਪਾਰਕ ਦੇ ਵਿੱਚ ਸਾਰੇ ਲੋਕ ਸਿੰਬਾ ਨੂੰ ਜਾਣਦੇ ਸਨ। ਇਲਾਕੇ ਦੇ ਲੋਕ ਸਾਨੂੰ ਸਿੰਬਾ ਦੇ ਮਾਪੇ ਕਹਿੰਦੇ ਸਨ।

ਲੋਕ ਸਿੰਬਾ ਤੋਂ ਡਰਦੇ ਵੀ ਬਹੁਤ ਸਨ। ਇੱਕ ਵਾਰ ਲੋਧੀ ਗਾਰਡਨ ਵਿੱਚ ਮੈਂ, ਮੇਰੀ ਪਤਨੀ ਅਤੇ ਮੇਰੇ ਬੱਚੇ ਜਾ ਰਹੇ ਸਾਂ ਕਿ ਕਿਸੇ ਸਾਈਕਲ-ਸਵਾਰ ਨੇ ਮੇਰੀ ਬੇਟੀ ਦੀ ਪਿੱਠ 'ਤੇ ਹੱਥ ਮਾਰਿਆ ਅਤੇ ਤੇਜ਼ ਰਫ਼ਤਾਰ ਨਾਲ ਚਲਾ ਗਿਆ। ਮੇਰੀ ਪਤਨੀ ਚਿੱਲਾਈ, "ਸਿੰਬਾ! ਫੜ ਉਹਨੂੰ!" ਸਿੰਬਾ ਨੇ ਉਸ ਦਾ ਪਿੱਛਾ ਕੀਤਾ, ਉਹਨੂੰ ਸਾਈਕਲ ਤੋਂ ਹੇਠਾਂ ਡੇਗ ਲਿਆ ਅਤੇ ਆਪਣੇ ਦੰਦ ਕੱਢ ਕੇ ਡਰਾਉਂਦਾ ਹੋਇਆ, ਉਸ ਦੇ ਉੱਪਰ ਖੜ੍ਹਾ ਰਿਹਾ। ਉਸ ਗ਼ਰੀਬ ਬੰਦੇ ਨੇ ਆਪਣੇ ਦੋਵੇਂ ਹੱਥ ਜੋੜੇ ਹੋਏ ਸਨ ਅਤੇ ਮਾਫ਼ੀ ਮੰਗ ਰਿਹਾ ਸੀ। ਇੱਕ ਵਾਰੀ ਫਿਰ ਇੰਵ ਹੋਇਆ ਕਿ ਖਾਣੇ ਤੋਂ ਬਾਅਦ ਮੈਂ ਆਪਣੇ ਫ਼ਲੈਟ ਵਿੱਚੋਂ ਬਾਹਰ ਨਿਕਲਿਆ ਸਾਂ ਕਿ ਕਿਸੇ ਕੁੜੀ ਦੀ ਮਦਦ ਵਾਸਤੇ ਅਵਾਜ਼ ਸੁਣੀ। ਦੋ ਨੌਜਵਾਨ ਮੁੰਡੇ ਉਸ ਨਾਲ ਛੇੜ-ਛਾੜ ਕਰ ਰਹੇ ਸਨ। ਮੈਂ ਉਸ ਵੱਲ ਭੱਜਿਆ। ਸਿੰਬਾ ਵੀ ਮੇਰੇ ਮਗਰ-ਮਗਰ ਸੀ। ਮੁੰਡਿਆਂ ਨੇ ਦੌੜਨ ਦੀ ਕੋਸ਼ਿਸ਼ ਕੀਤੀ। ਮੈਂ ਸਿੰਬਾ ਨੂੰ ਕਿਹਾ ਕਿ ਉਹ ਉਹਨਾਂ ਬਦਮਾਸ਼ਾਂ ਨੂੰ ਫੜੇ। ਉਹ ਦੌੜਿਆ ਤੇ ਉਹਨਾਂ ਵਿੱਚੋਂ ਇੱਕ ਬੰਦੇ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਉਹ ਕਾਫ਼ੀ ਵੱਡੇ ਆਕਾਰ ਦਾ ਅਤੇ ਮੇਰੇ ਨਾਲੋਂ ਸ਼ਕਤੀਸ਼ਾਲੀ ਬੰਦਾ ਸੀ ਪਰ ਮੇਰੇ ਨਾਲ ਸਿੰਬਾ ਸੀ ਇਸ ਲਈ ਮੈਂ ਬਿਨਾ ਝਿਜਕ ਉਸ ਦੇ ਮੂੰਹ 'ਤੇ ਕਈ ਚਪੇੜਾ ਮਾਰੀਆ ਅਤੇ 'ਗੁੰਡਾ, ਬਦਮਾਸ਼' ਕਹਿ ਕੇ ਉਹਨੂੰ ਗਾਲ੍ਹਾਂ ਵੀ ਕੱਢੀਆਂ। ਉਹਨੇ ਮਾਫ਼ੀ ਮੰਗੀ ਅਤੇ ਸਹੁੰ ਖਾਧੀ ਕਿ ਉਹ ਮੁੜ ਕਿਸੇ ਔਰਤ ਨੂੰ ਨਹੀਂ ਛੇੜੇਗਾ।

ਮਸ਼ੋਬਰਾ ਜਾਂ ਕਸੌਲੀ ਜਾਂਦੇ ਹੋਏ ਅਸੀਂ ਸਦਾ ਸਿੰਬਾ ਨੂੰ ਨਾਲ ਲੈ ਕੇ ਜਾਂਦੇ। ਪਹਾੜਾਂ ਵਿੱਚ ਉਹ ਬਹੁਤ ਖ਼ੁਸ਼ ਰਹਿੰਦਾ। ਮੈਂ ਅਕਸਰ ਉਸ ਦੇ ਸੰਗਲ ਪਾ ਕੇ ਰੱਖਦਾ ਤਾਂਕਿ ਪਹਾੜੀ ਚੜ੍ਹਾਈਆਂ ਉੱਤੇ ਉਹ ਮੈਨੂੰ ਉਪਰ ਵੱਲ ਨੂੰ ਖਿੱਚ ਸਕੇ। ਸ਼ਿਮਲਾ ਨਾਲੋਂ ਉਹਨੂੰ ਕਸੌਲੀ ਵਧੇਰੇ ਪਸੰਦ ਸੀ ਕਿਉਂਕਿ ਇੱਥੇ ਬਾਂਦਰ ਅਤੇ ਲੰਗੂਰ ਬਹੁਤੇ ਸਨ। ਉਹ ਉਹਨਾਂ ਨਾਲ ਨਿਰੰਤਰ ਲੜਾਈ ਵਿੱਚ ਰੁੱਝਾ ਰਹਿੰਦਾ। ਇਸ ਤੋਂ ਬਿਨਾਂ ਉੱਥੇ ਪਹਾੜੀ ਕਾਂ ਵੀ ਸਨ ਜਿਹੜੇ ਉਦੋਂ ਉਸ ਦੇ ਦੁਆਲੇ ਇਕੱਠੇ ਹੋ ਜਾਂਦੇ ਜਦੋਂ ਉਹ ਦੁਪਹਿਰ ਦਾ ਖਾਣਾ ਖਾ ਰਿਹਾ ਹੁੰਦਾ।

ਬਹੁਤੇ ਕੁੱਤਿਆਂ ਵਿੱਚ ਛੇਵੀਂ ਸੂਝ ਹੁੰਦੀ ਹੈ। ਸਾਡੇ ਸਿੰਬੇ ਵਿੱਚ ਸੱਤਵੀਂ ਅਤੇ ਅੱਠਵੀਂ ਵੀ ਸੀ। ਆਪਣੀ ਗੱਲ ਸਾਬਤ ਕਰਨ ਲਈ ਮੈਂ ਸਿਰਫ਼ ਇੱਕ ਘਟਨਾ ਦਾ ਜ਼ਿਕਰ ਕਰਾਂਗਾ। ਮੈਂ ਅਤੇ ਮੇਰੀ ਪਤਨੀ ਨੇ ਕੁਝ ਮਹੀਨਿਆਂ ਲਈ ਬਾਹਰ ਜਾਣਾ ਸੀ। ਸਾਡੇ ਬੱਚੇ ਹੋਸਟਲਾਂ ਵਿੱਚ ਸਨ। ਅਸੀਂ ਆਪਣੇ ਨੌਕਰਾਂ ਨੂੰ ਛੁੱਟੀ ਦੇ ਦਿੱਤੀ ਅਤੇ ਫ਼ਲੈਟ ਨੂੰ ਤਾਲਾ ਲਾ ਦਿੱਤਾ। ਸਿੰਬਾ ਨੂੰ ਪ੍ਰੇਮ ਕਿਰਪਾਲ ਕੋਲ ਛੱਡਿਆ ਜਾਣਾ ਸੀ। ਸਾਡੀ ਦੋਹਾ ਦੀ ਆਪਸ ਵਿੱਚ ਕਾਫ਼ੀ ਦੋਸਤੀ ਸੀ ਕਿਉਂਕਿ ਐਤਵਾਰ ਸਵੇਰੇ ਦੀ ਸੈਰ ਵੇਲੇ ਉਹ ਸਦਾ ਸਾਡੇ ਨਾਲ ਹੁੰਦਾ ਸੀ ਅਤੇ ਅਕਸਰ ਸਾਡੇ ਘਰ ਵੀ

ਆਇਆ ਕਰਦਾ ਸੀ। ਉਹਨੇ ਸਿੰਬਾ ਨੂੰ ਆਪਣੇ ਕੋਲ ਰੱਖਣਾ ਪ੍ਰਵਾਨ ਕਰ ਲਿਆ ਕਿਉਂਕਿ ਉਹ ਇੱਕ ਸੀਨੀਅਰ ਅਧਿਕਾਰੀ ਅਫ਼ਸਰ ਸੀ ਇਸ ਲਈ ਉਸ ਕੋਲ਼ ਕੈਨਿੰਗ ਲੇਨ ਸੜਕ ਉੱਤੇ ਇੱਕ ਬੰਗਲਾ ਸੀ ਜਿਸ ਵਿੱਚ ਵੱਡਾ ਸਾਰਾ ਬਾਗ਼ ਵੀ ਸੀ। ਸਿੰਬਾ ਕਈ ਵਾਰ ਉੱਥੇ ਗਿਆ ਵੀ ਸੀ ਅਤੇ ਉਸ ਨੇ ਮਹਿਸੂਸ ਕਰ ਲਿਆ ਸੀ ਕਿ ਅਸੀਂ ਉਸ ਨੂੰ ਉੱਥੇ ਛੱਡਣ ਜਾ ਰਹੇ ਹਾਂ। ਉਹਨੂੰ ਇਹ ਗੱਲ ਬਹੁਤੀ ਪਸੰਦ ਨਹੀਂ ਸੀ ਆਈ।

ਮੇਰੀ ਪਤਨੀ ਮੇਰੇ ਤੋਂ ਕੁਝ ਦਿਨ ਪਹਿਲਾਂ ਦਿੱਲੀ ਪਰਤ ਆਈ। ਉਹ ਸਿੰਬਾ ਨੂੰ ਲੈਣ ਗਈ। ਉਹ ਉਹਨੂੰ ਮਿਲ਼ ਕੇ ਖ਼ੁਸ਼ ਤਾਂ ਹੋਇਆ ਪਰ ਉਸ ਦੀ ਕਾਰ ਵਿੱਚ ਬੈਠਣ ਤੋਂ ਇਨਕਾਰ ਕਰ ਦਿੱਤਾ। ਪ੍ਰੇਮ ਨੂੰ ਖ਼ੁਸ਼ੀ ਹੋਈ ਕਿ ਉਹ ਸਿੰਬਾ ਦਾ ਪਿਆਰ ਹਾਸਲ ਕਰ ਸਕਿਆ ਹੈ। ਮੇਰੀ ਪਤਨੀ ਉਹਨੂੰ ਉੱਥੇ ਹੀ ਛੱਡ ਆਈ। "ਜੇ ਉਹ ਤੇਰੇ ਕੋਲ ਖ਼ੁਸ਼ ਹੈ ਤਾਂ ਇੱਥੇ ਹੀ ਰਹਿ ਲਵੇ।" ਲੱਗਦਾ ਹੈ ਕਿ ਉਹਨੇ ਉੱਥੇ ਉਸ ਤਰੀਕ ਦਾ ਜ਼ਿਕਰ ਕੀਤਾ ਹੋਵੇਗਾ ਜਦੋਂ ਮੈਂ ਵਾਪਸ ਪਰਤਣਾ ਸੀ ਅਤੇ ਸਿੰਬਾ ਨੇ ਇਹ ਗੱਲ ਸੁਣ ਲਈ ਹੋਵੇਗੀ। ਜਿਸ ਸ਼ਾਮ ਮੈਂ ਦਿੱਲੀ ਪਰਤਣਾ ਸੀ ਉਸ ਤੋਂ ਇੱਕ ਸ਼ਾਮ ਪਹਿਲਾਂ ਸਿੰਬਾ ਕੈਨਿੰਗ ਲੇਨ ਤੋਂ ਪੈਦਲ ਹੀ ਤੁਰ ਕੇ ਸੁਜਾਨ ਸਿੰਘ ਪਾਰਕ ਪਹੁੰਚ ਗਿਆ ਅਤੇ ਦਰਵਾਜ਼ੇ ਉੱਤੇ ਪੰਜੇ ਮਾਰ-ਮਾਰ ਕੇ ਆਪਣੀ ਆਮਦ ਦਾ ਸੰਕੇਤ ਦਿੰਦਾ ਰਿਹਾ। ਉਹਨੂੰ ਪਤਾ ਸੀ ਕਿ ਮੈਂ ਅਗਲੀ ਸਵੇਰੇ ਵਾਪਸ ਆ ਰਿਹਾ ਹਾਂ। ਪ੍ਰੇਮ ਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਸੀ ਕਿ ਸਿੰਬਾ ਉਸ ਨੂੰ ਛੱਡ ਗਿਆ ਸੀ।

ਸਿੰਬਾ ਹੌਲ਼ੀ-ਹੌਲ਼ੀ ਬੁੱਢਾ ਹੁੰਦਾ ਗਿਆ। ਉਹਦੇ ਮੂੰਹ ਦੁਆਲੇ ਦੇ ਵਾਲ ਚਿੱਟੇ ਹੋ ਗਏ। ਉਹਦੀਆਂ ਅੱਖਾਂ ਵਿੱਚ ਮੋਤੀਆ ਉੱਤਰ ਆਇਆ। ਕਦੇ-ਕਦੇ ਉਹਨੂੰ ਬੁਖ਼ਾਰ ਹੋਣ ਲੱਗਦਾ। ਕਈ ਵਾਰੀ ਮੇਰੀ ਪਤਨੀ ਨੂੰ ਸਾਰੀ-ਸਾਰੀ ਰਾਤ ਉਹਦਾ ਸਿਰ ਆਪਣੀ ਗੋਦੀ ਵਿੱਚ ਰੱਖ ਕੇ ਬੈਠਣਾ ਪੈਂਦਾ। ਉਹ ਉਦੋਂ 13 ਸਾਲ ਤੋਂ ਵੱਧ ਉਮਰ ਦਾ ਹੋ ਗਿਆ ਸੀ। ਜਦੋਂ ਮੈਨੂੰ ਸੁਆਰ ਮੋਰ ਕਾਲਜ ਵਿੱਚ ਤਿੰਨ ਮਹੀਨੇ ਪੜ੍ਹਾਉਣ ਦਾ ਕੰਮ ਮਿਲ਼ਿਆ ਤਾਂ ਅਸੀਂ ਉਹਨੂੰ ਉਸ ਦੀ ਅਸਲ ਮਾਲਕਣ, ਮੇਰੀ ਧੀ ਮਾਲਾ ਕੋਲ਼ ਛੱਡ ਆਏ। ਮਾਲਾ ਨੂੰ ਸਿੰਬਾ ਨੂੰ ਲਗ-ਪਗ ਰੋਜ਼ ਹੀ ਡਾਕਟਰ ਕੋਲ਼ ਲਿਜਾਣਾ ਪੈਂਦਾ ਸੀ ਪਰ ਉਸ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਉਸ ਦੀਆਂ ਲੱਤਾਂ ਕਮਜ਼ੋਰ ਹੋਣ ਲੱਗੀਆਂ। ਮਾਲਾ ਨੇ ਸਾਨੂੰ ਤਾਰ ਭੇਜੀ, "ਤੁਰੰਤ ਪਰਤੋ, ਸਿੰਬਾ ਬਹੁਤ ਬਿਮਾਰ ਹੈ।" ਅਗਲੇ ਦਿਨ ਹੀ ਸਾਨੂੰ ਮਾਲਾ ਦੀ ਇੱਕ ਹੋਰ ਤਾਰ ਮਿਲ਼ੀ, "ਸਿੰਬਾ ਚੱਲ ਵੱਸਿਆ ਹੈ।"

ਲੱਗਦਾ ਹੈ ਕਿ ਜਾਨਵਰਾਂ ਦੇ ਡਾਕਟਰ ਨੇ ਮਾਲਾ ਨੂੰ ਸਲਾਹ ਦਿੱਤੀ ਸੀ ਕਿ ਸਿੰਬਾ ਦੇ ਬਹੁਤ ਦਰਦ ਹੋ ਰਹੀ ਹੈ। ਉਸ ਦੀਆਂ ਲੱਤਾਂ ਨੂੰ ਲਕਵਾ ਮਾਰ ਗਿਆ ਹੈ ਅਤੇ ਉਹ ਬਹੁਤੀ ਦੇਰ ਜੀਅ ਨਹੀਂ ਸਕੇਗਾ। ਮਾਲਾ ਦੀ ਆਗਿਆ ਨਾਲ਼ ਹੀ ਡਾਕਟਰ ਨੇ ਉਹਨੂੰ ਕੋਈ ਜ਼ਹਿਰੀਲਾ ਟੀਕਾ ਦੇ ਦਿੱਤਾ ਸੀ ਜਿਸ ਨਾਲ਼ ਉਸ ਦੀ ਸ਼ਾਂਤੀ ਨਾਲ਼ ਮੌਤ ਹੋ ਗਈ ਸੀ। ਜੇ ਮੈਂ ਆਪਣੀਆਂ ਨੇੜਲੀਆਂ ਦੋਸਤੀਆਂ ਦੀ ਗੱਲ ਕਰਨੀ ਹੋਵੇ ਤਾਂ ਸਿੰਬਾ ਨੂੰ ਆਪਣੀ ਸੂਚੀ ਵਿੱਚ ਸਭ ਤੋਂ ਉੱਪਰ ਰੱਖਾਂ। ਅਸਾਂ ਮਗਰੋਂ ਆਪਣੇ ਕੋਲ਼ ਹੋਰ ਕੋਈ ਕੁੱਤਾ ਨਹੀਂ ਰੱਖਿਆ। ਦੋਸਤ ਬਦਲੇ ਨਹੀਂ ਜਾ ਸਕਦੇ ਹੁੰਦੇ।

**ਔਖੇ ਸ਼ਬਦਾਂ ਦੇ ਅਰਥ :** **ਮੁਸਤੈਦ**-ਮਾਹਰ। **ਮੋਤੀਆ**-ਅੱਖਾਂ ਦੀ ਬਿਮਾਰੀ ਜਿਹੜੀ ਉਮਰ ਵਧਣ ਨਾਲ਼ ਹੋ ਜਾਂਦੀ ਹੈ ਤੇ ਨਜ਼ਰ ਘਟ ਜਾਂਦੀ ਹੈ। **ਲਕਵਾ**-ਅਧਰੰਗ, ਤੁਰਨ-ਫਿਰਨ ਤੋਂ ਰਹਿ ਜਾਣਾ।

## ਅਭਿਆਸ

**(ੳ) ਵਸਤੂਨਿਸ਼ਠ ਪ੍ਰਸ਼ਨ :—**

1. ਤੁਹਾਡੀ ਪੁਸਤਕ ਵਿੱਚ ਦਰਜ 'ਸਭ ਦਾ ਪਿਆਰਾ ਸਿੰਬਾ' ਸ੍ਵੈਜੀਵਨੀ-ਅੰਸ਼ ਦਾ ਲੇਖਕ ਕੌਣ ਹੈ ?
2. ਜਦੋਂ ਲੇਖਕ ਦਿੱਲੀ ਵਾਪਸ ਆਇਆ ਉਦੋਂ ਸਿੰਬਾ ਦੀ ਉਮਰ ਕਿੰਨੀ ਸੀ ?
3. 'ਸਿੰਬਾ' ਜਰਮਨ ਸ਼ੈੱਫਰਡ ਕੁੱਤਾ ਸੀ। (ਸਹੀ/ਗਲਤ)
4. ਲੇਖਕ ਦੀ ਬੇਟੀ ਨੇ ਸਿੰਬਾ ਨੂੰ ਦਿੱਲੀ ਤੋਂ ਖ਼ਰੀਦਿਆ ਸੀ। (ਸਹੀ/ਗਲਤ)

**ਖ਼ਾਲੀ ਸਥਾਨ ਭਰੋ :—**

5. ਸਿੰਬਾ ਮਨੁੱਖਾਂ ਨੂੰ ਸਮਝਣ ਵਾਲ਼ਾ ਕੁੱਤਾ ਸੀ। ਇਸੇ ਕਰਕੇ ਉਹ ਲੇਖਕ ਦੀਆਂ __________ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੁੰਦਾ ਸੀ।
6. __________ ਵਿੱਚ ਰਹਿੰਦਿਆਂ ਲੇਖਕ ਨੇ ਸਿੰਬਾ ਨਾਂ ਦੀ ਬਿੱਲੀ ਰੱਖੀ ਹੋਈ ਸੀ।

7. ਲੇਖਕ ਦੇ ਰੋਕਣ ਦੇ ਬਾਵਜੂਦ ਸਿੰਬਾ ਮਾਰਨ ਤੋਂ ਨਹੀਂ ਸੀ ਹਟਦਾ __________

(i) ਚਿੜੀਆਂ ਨੂੰ (ii) ਗਲਹਿਰੀਆਂ ਨੂੰ

(iii) ਬਿੱਲੀਆਂ ਨੂੰ (iv) ਖ਼ਰਗੋਸ਼ਾਂ ਨੂੰ

(ਅ) ਦੱਸੋ :—

1. ਜਦੋਂ ਲੇਖਕ ਤੇ ਉਸ ਦਾ ਪਰਿਵਾਰ ਰੋਣ ਦਾ ਬਹਾਨਾ ਕਰਦੇ ਤਾਂ 'ਸਿੰਬਾ' ਦੀ ਕੀ ਪ੍ਰਤਿਕਿਰਿਆ ਹੁੰਦੀ ਸੀ ?
2. ਲੇਖਕ ਦੀ ਧੀ ਮਾਲਾ ਦੀ ਆਇਆ ਨਾਲ ਸਿੰਬਾ ਦਾ ਵਿਸ਼ੇਸ਼ ਰਿਸ਼ਤਾ ਸੀ, ਦੱਸੋ ਕਿਵੇਂ ?
3. ਸਿੰਬਾ ਲੇਖਕ ਨੂੰ ਸ਼ਾਮ ਦੀ ਸੈਰ 'ਤੇ ਲਿਜਾਣ ਲਈ ਕਹਿਣ ਸਮੇਂ ਕਿਹੋ-ਜਿਹੀਆਂ ਹਰਕਤਾਂ ਕਰਦਾ ਸੀ ?
4. ਲੋਕ ਸਿੰਬਾ ਤੋਂ ਕਿਉਂ ਡਰਦੇ ਸਨ ?
5. ਲੇਖਕ ਸਿੰਬਾ ਨੂੰ ਆਪਣਾ ਸਭ ਤੋਂ ਵਧੀਆ ਦੋਸਤ ਕਿਉਂ ਕਹਿੰਦਾ ਹੈ ?
6. ਸਿੰਬਾ ਦੀ ਜ਼ਿੰਦਗੀ ਦੇ ਅੰਤਲੇ ਦਿਨਾਂ ਬਾਰੇ ਇੱਕ ਨੋਟ ਲਿਖੋ।
7. "ਬਹੁਤ ਸਾਰੇ ਕੁੱਤਿਆਂ ਵਿੱਚ ਛੇਵੀਂ ਸੂਝ ਹੁੰਦੀ ਹੈ। ਸਾਡੇ ਸਿੰਬੇ ਵਿੱਚ ਸੱਤਵੀਂ ਅਤੇ ਅੱਠਵੀਂ ਵੀ ਸੀ।" ਇਹ ਕਥਨ ਸਾਬਤ ਕਰਨ ਲਈ ਲੇਖਕ ਨੇ ਜਿਹੜੀ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

❄❄❄❄❄

# 7

# ਬਲਵੰਤ ਗਾਰਗੀ

## (1916 ਈ. - 2003 ਈ.)

| | | |
|---|---|---|
| ਮਾਤਾ | : | ਸ੍ਰੀਮਤੀ ਪੁੰਨੀ |
| ਪਿਤਾ | : | ਬਾਬੂ ਸ਼ਿਵ ਚੰਦ |
| ਜਨਮ-ਸਥਾਨ | : | ਪਿੰਡ ਸ਼ਹਿਣਾ, ਜ਼ਿਲ੍ਹਾ ਬਠਿੰਡਾ |
| ਵਿੱਦਿਆ | : | ਐੱਮ.ਏ.; ਅੰਗਰੇਜ਼ੀ ਅਤੇ ਰਾਜਨੀਤੀ |
| ਕਿੱਤਾ | : | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਬਤੌਰ ਪ੍ਰੋਫ਼ੈਸਰ ਕੰਮ ਕੀਤਾ, ਆਲ ਇੰਡੀਆ ਰੇਡੀਓ 'ਤੇ ਬਤੌਰ ਆਰਟਿਸਟ ਨੌਕਰੀ ਕੀਤੀ, ਅਮਰੀਕਾ ਦੀ 'ਯੂਨੀਵਰਸਿਟੀ ਆਫ਼ ਵਾਸ਼ਿੰਗਟਨ' ਵਿੱਚ ਭਾਰਤੀ ਨਾਟਕ ਪੜ੍ਹਾਉਣ ਦੀ ਨੌਕਰੀ ਕੀਤੀ। |
| ਮੁੱਖਰਚਨਾਵਾਂ | : | ਨਾਟਕ : 'ਲੋਹਾ ਕੁੱਟ', 'ਸੈਲ ਪੱਥਰ', 'ਨਵਾਂ ਮੁੱਢ, 'ਘੁੱਗੀ', 'ਕੇਸਰੋ', 'ਕਣਕ ਦੀ ਬੱਲੀ', 'ਸੋਹਣੀ ਮਹੀਂਵਾਲ', 'ਧੂਣੀ ਦੀ ਅੱਗ', 'ਗਗਨ ਮੈਂ ਥਾਲ', 'ਸੁਲਤਾਨ  ਰਜ਼ੀਆ', 'ਸੌਂਕਣ', 'ਮਿਰਜ਼ਾ ਸਾਹਿਬਾਂ', 'ਅਭਿਸਾਰਿਕਾ'। |
| ਨਾਵਲ | : | 'ਕੱਕਾ ਰੇਤਾ, 'ਜੂਠੀ ਰੋਟੀ', 'ਕਾਸ਼ਨੀ ਵਿਹੜਾ' |
| ਇਕਾਂਗੀ-ਸੰਗ੍ਰਿਹ | : | 'ਦੋ ਪਾਸੇ ਤੇ ਹੋਰ ਇਕਾਂਗੀ', 'ਕੁਆਰੀ ਟੀਸੀ', ਪੱਤਣ ਦੀ ਬੇੜੀ', 'ਪੈਂਤੜੇ-ਬਾਜ਼'। |
| ਰੇਖਾ-ਚਿੱਤਰ | : | 'ਨਿੰਮ ਦੇ ਪੱਤੇ', 'ਸੁਰਮੇ ਵਾਲ਼ੀ ਅੱਖ', 'ਕੌਡੀਆਂ ਵਾਲ਼ਾ ਸੱਪ। |
| ਸਫ਼ਰਨਾਮਾ | : | ਪਾਤਾਲ ਦੀ ਧਰਤੀ |
| ਕਹਾਣੀ-ਸੰਗ੍ਰਿਹ | : | 'ਡੁੱਲ੍ਹੇ ਬੇਰ', 'ਕਾਲ਼ਾ ਅੰਬ', 'ਮਿਰਚਾਂ ਵਾਲ਼ਾ ਸਾਧ' |
| ਸ੍ਵੈਜੀਵਨੀ | : | 'ਨੰਗੀ ਧੁੱਪ'। |

ਉਹਨਾਂ ਨੂੰ ਬਹੁਤ ਸਾਰੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਵੱਲੋਂ 1962 ਈ: ਵਿੱਚ ਉਹਨਾਂ ਦੀ ਪੁਸਤਕ 'ਰੰਗ-ਮੰਚ' ਉੱਤੇ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। ਭਾਸ਼ਾ ਵਿਭਾਗ, ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ; ਭਾਰਤ ਸਰਕਾਰ ਵੱਲੋਂ 1973 ਈ: ਵਿੱਚ 'ਪਦਮ ਸ਼੍ਰੀ' ਦੀ ਉਪਾਧੀ ਦਿੱਤੀ ਗਈ। ਭਾਰਤੀ ਸੰਗੀਤ ਨਾਟਕ ਅਕਾਦਮੀ, ਦਿੱਲੀ ਵੱਲੋਂ ਸੰਗੀਤ ਨਾਟਕ ਅਕਾਦਮੀ ਐਵਾਰਡ; ਪੰਜਾਬੀ ਯੂਨੀਵਰਸਟੀ, ਪਟਿਆਲ਼ਾ ਵੱਲੋਂ ਪ੍ਰੋ. ਆਫ਼ ਐਮੀਨੈਂਸ ਦੀ ਉਪਾਧੀ; ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ' ਐਵਾਰਡ ਵੀ ਦਿੱਤਾ ਗਿਆ। ਉਹਨਾਂ ਦਾ ਦਿਹਾਂਤ 21 ਅਪਰੈਲ, 2003 ਈ: ਨੂੰ ਹੋਇਆ। ਹਥਲੀ ਪੁਸਤਕ ਵਿੱਚ ਲੇਖਕ ਦੀ 'ਨੰਗੀ ਧੁੱਪ' ਸ੍ਵੈਜੀਵਨੀ ਵਿੱਚੋਂ 'ਮੇਰੇ ਬੱਚੇ—ਮੇਰਾ ਮੁਹਾਂਦਰਾ' ਅੰਸ਼ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਲੇਖਕ ਨੇ ਆਪਣੇ ਬੱਚਿਆਂ ਦੇ ਬਚਪਨ ਨਾਲ਼ ਜੁੜੀਆਂ ਕੁਝ ਭਾਵਕ ਗੱਲਾਂ ਦਾ ਖ਼ੂਬਸੂਰਤੀ ਨਾਲ਼ ਵਰਨਣ ਕੀਤਾ ਹੈ। ਇਸ ਵਿੱਚ ਲੇਖਕ ਦੀ ਲੇਖਣੀ ਪਾਠਕ ਨੂੰ ਹਲੂਣਦੀ ਹੈ।

❋❋❋❋❋

# ਮੇਰੇ ਬੱਚੇ—ਮੇਰਾ ਮੁਹਾਂਦਰਾ

ਜੰਨਤ ਦਾ ਤੀਸਰਾ ਜਨਮ-ਦਿਨ ਸੀ। ਅਸੀਂ ਨਿੱਕੇ ਕੇਕ ਵਿੱਚ ਤਿੰਨ ਮੋਮਬੱਤੀਆਂ ਗੱਡ ਕੇ ਉਹਨਾਂ ਨੂੰ ਰੋਸ਼ਨ ਕੀਤਾ। ਮਨੂੰ ਤੇ ਜੰਨਤ ਖ਼ੁਸ਼ੀ ਨਾਲ਼ ਕੇਕ ਦੁਆਲ਼ੇ ਜੁੜੇ ਹੋਏ ਸਨ। ਜੰਨਤ ਨੇ ਗੱਲ੍ਹਾਂ ਫੁਲਾ ਕੇ ਅੱਖਾਂ ਮੀਚੀਆਂ ਤੇ ਲੰਮੀ ਫੂਕ ਮਾਰੀ ਤੇ ਅਸੀਂ ਸਾਰਿਆਂ ਨੇ 'ਹੈਪੀ ਬਰਥ ਡੇ ਟੂ ਯੂ' ਗਾ ਕੇ ਤਾੜੀਆ ਵਜਾਈਆ।

ਜੰਨਤ ਨੇ ਪਿਆਜ਼ੀ ਫ਼ਰਾਕ ਪਹਿਨਿਆ ਹੋਇਆ ਸੀ  ਜਿਸ ਉੱਤੇ ਕਢਾਈ ਕੀਤੀ ਹੋਈ ਸੀ। ਜੀਨੀ ਬੋਲੀ, "ਇਹ ਮੇਰਾ ਫ਼ਰਾਕ ਏ .....ਤੇਤੀ ਸਾਲ ਪਹਿਲਾਂ ਮੈਂ ਇਸ ਨੂੰ ਪਾਇਆ ਸੀ  ਜਦੋਂ ਮੈਂ ਤਿੰਨ ਸਾਲ ਦੀ ਸਾਂ। ਮੈਂ ਇਸ ਨੂੰ ਸਾਂਭ ਕੇ ਰੱਖਿਆ। ਦੇਖ, ਜੰਨਤ ਨੂੰ ਬਿਲਕੁਲ ਫ਼ਿੱਟ ਆ ਗਿਆ।"

ਜੀਨੀ ਚੀਜ਼ਾਂ ਸਾਂਭ ਕੇ ਰੱਖਦੀ ਸੀ। ਉਸ ਨੇ ਸੈਂਡਲ ਪਾਏ ਹੋਏ ਸਨ ਜੋ ਬਾਰਾਂ ਸਾਲ ਪਹਿਲਾਂ ਉਸ ਨੇ ਸਿਆਟਲ ਵਿੱਚ ਖ਼ਰੀਦੇ ਸਨ ਜੋ ਹੁਣ ਵੀ ਨਵੇਂ ਲੱਗਦੇ ਸਨ। ਮੇਰੇ ਬੂਟ ਚਾਰ- ਛੇ ਮਹੀਨਿਆਂ ਵਿੱਚ ਹੀ ਚਿੱਬ-ਖੜਿੱਬੇ ਹੋ ਜਾਂਦੇ। ਮੇਰੀਆਂ ਕਮੀਜ਼ਾਂ ਮੋਢਿਆਂ ਤੋਂ ਉੱਧੜ ਜਾਂਦੀਆਂ ਤੇ ਮੇਰੀਆਂ ਜੇਬਾਂ ਵਿੱਚ ਮੋਰੀਆਂ ਹੋ ਜਾਂਦੀਆਂ। ਮੈਂ ਹਰ ਚੀਜ਼ ਨੂੰ ਛੇਤੀ ਹੀ ਹੰਢਾ ਮਾਰਦਾ – ਕੱਪੜੇ, ਜੁੱਤੀਆਂ, ਕੰਘੀਆਂ, ਤਕੀਏ ਤੇ ਕਾਰ। ਜਿਸ ਚੀਜ਼ ਨੂੰ ਮੈਂ ਹੱਥ ਲਾਉਂਦਾ, ਉਹ ਹੰਢਾਈ ਤੇ ਵਰਤੀ ਜਾਪਦੀ।

ਜੀਨੀ ਦੀ ਰੂਹ ਨਰਸ ਵਾਂਗ ਸੀ, ਮੇਰੀ ਲੁਹਾਰ ਵਰਗੀ। ਉਹ ਹੱਸ ਕੇ ਆਖਦੀ, "ਤੂੰ ਲਿਖਦਾ ਕਿਸ ਤਰ੍ਹਾਂ ਏਂ ? ਲਿਖਣ ਲੱਗੇ ਤਾਂ ਬੜੇ ਸੰਜਮ ਤੇ ਸੂਖਮ ਬਿਰਤੀ ਦੀ ਲੋੜ ਹੁੰਦੀ ਐ ਤੇ ਚੀਜ਼ਾਂ ਵਿੱਚ ਇਕਸੁਰਤਾ ਲਿਆਉਣ ਦੀ ਸੂਝ। ਤੈਥੋਂ ਤਾਂ ਸੂਈ ਵਿੱਚ ਧਾਗਾ ਵੀ ਨਹੀਂ ਪਰੋ ਹੁੰਦਾ। ਸ਼ਾਇਦ ਲਿਖਣ ਸਮੇਂ ਤੇਰੀਆਂ ਸਾਰੀਆ ਸ਼ਕਤੀਆ ਕੇਂਦਰਿਤ ਹੋ ਜਾਂਦੀਆ ਹਨ।"

ਮੈਂ ਆਖਿਆ, "ਮੈਨੂੰ ਖ਼ੁਦ ਨਹੀਂ ਪਤਾ ਕਿ ਮੈਂ ਕਿਵੇਂ ਲਿਖਦਾ ਹਾ ? ਮੇਰੇ ਹੱਥ ਬੜੇ ਮੋਕਲ਼ੇ ਹਨ। ਮੈਂ ਬਟਨ ਵੀ ਨਹੀਂ ਜੜ ਸਕਦਾ। ਚਿੱਠੀ ਵੀ ਟਾਈਪ ਨਹੀਂ ਕਰ ਸਕਦਾ। ਮੈਂ ਆਪਣੀ ਕਾਰ ਦਾ ਪਹੀਆ ਵੀ ਨਹੀਂ ਬਦਲ ਸਕਦਾ ਹਾਲਾਂਕਿ ਮੈਂ ਪੱਚੀ ਸਾਲ ਤੋਂ ਕਾਰ ਚਲਾ ਰਿਹਾ ਹਾਂ। ਮੈਨੂੰ ਮਸ਼ੀਨ ਤੋਂ ਡਰ ਲੱਗਦਾ ਹੈ।"

ਉਸ ਨੇ ਥੋੜ੍ਹੀ ਦੇਰ ਸੋਚਿਆ ਤੇ ਬੋਲੀ, "ਸਾਡੇ ਬੱਚੇ ਅਮਰੀਕਾ ਨਹੀਂ ਪੜ੍ਹਨਗੇ। ਉੱਥੇ ਜੁਰਮ ਤੇ ਨਸ਼ੇ ਵਾਲ਼ੀਆਂ ਚੀਜ਼ਾਂ ਵਧ ਰਹੀਆਂ ਹਨ। ਐੱਲ. ਐੱਸ. ਡੀ., ਜਬਰੀ ਭਰਤੀ, ਬੰਦੂਕਾ, ਪਿਸਤੌਲ। ਅਮਰੀਕਾ ਤਾ ਨਿਰਾ ਜੰਗਲ਼ ਐ। ਟੈਲੀਵੀਜ਼ਨ ਉੱਤੇ ਕਤਲ ਤੇ ਖ਼ੂਨ-ਖ਼ਰਾਬੇ ਦੀਆਂ ਵਾਰਦਾਤਾਂ..... ਇੱਕ ਪ੍ਰੋਗ੍ਰਾਮ ਵਿੱਚ ਉਹਨਾਂ ਨੇ ਦਿਖਾਇਆ ਕਿ ਕਿਸੇ ਦੇ ਸਿਰ ਵਿੱਚ ਗੋਲ਼ੀ ਲੱਗੀ ਤੇ ਖੋਪੜੀ ਉੱਡ ਗਈ...... ਸਕਰੀਨ ਉੱਤੇ ਖ਼ੂਨ ਦੇ ਛਿੱਟੇ, ਲੋਕ ਬੈਠੇ ਡਿਨਰ ਖਾਂਦੇ ਹੋਏ ਇਹ ਨਜ਼ਾਰਾ ਦੇਖ ਰਹੇ ਸਨ। ਲੋਕਾਂ ਦੇ ਘਰਾਂ ਵਿੱਚ ਮਾਰ-ਧਾੜ ਦੇ ਦ੍ਰਿਸ਼ ਪਹੁੰਚ ਗਏ ਹਨ.. ਆਪਣੇ ਬੱਚੇ ਇੱਥੇ ਹਿੰਦੁਸਤਾਨ ਵਿੱਚ ਹੀ ਪੜ੍ਹਨਗੇ। ਇੱਥੇ ਓਨਾ ਖ਼ਤਰਾ ਨਹੀਂ।"

ਜੀਨੀ 'ਟਾਈਮ' ਮੈਗਜ਼ੀਨ ਵਿੱਚ ਕਤਲ ਤੇ ਜੁਰਮ ਦੀਆਂ ਕਹਾਣੀਆਂ ਪੜ੍ਹਦੀ ਰਹੀ ਸੀ।

ਮੈਂ ਆਖਿਆ, "ਟਾਈਮ" ਮੈਗਜ਼ੀਨ ਹਰ ਚੀਜ਼ ਨੂੰ ਨਾਟਕੀ ਢੰਗ ਨਾਲ਼ ਪੇਸ਼ ਕਰਦਾ ਹੈ। ਮਸਾਲਾ ਲਾ ਕੇ ਦਿਲਚਸਪ ਬਣਾ ਦਿੰਦਾ ਹੈ। ਇਸੇ ਲਈ ਵਿਕਦਾ ਹੈ। ਜੇ ਉਹ ਇਹ ਲਿਖੇ ਕਿ ਫ਼ਲਾਂ ਆਦਮੀ ਬੜਾ ਨੇਕ ਹੈ ਜਾਂ ਇਹ ਗੱਲ ਕਿ ਮਿਸਿਸਿਪੀ ਦਰਿਆ ਸ਼ਾਂਤ ਵਗਦਾ ਹੈ ਤਾਂ ਇਹ ਕੋਈ ਖ਼ਬਰ ਨਹੀ ਹੋਵੇਗੀ। ਜੇ ਇਹ ਲਿਖਿਆ ਜਾਵੇ ਕਿ ਇਸ ਵਿੱਚ ਤੂਫ਼ਾਨ ਆਇਆ ਤੇ ਇਸ ਨੇ ਪੰਜ ਸੌ ਪਿੰਡ ਉਜਾੜ ਦਿੱਤੇ ਤਾਂ ਵੱਡੀ ਖ਼ਬਰ ਹੋਵੇਗੀ। ਤੂੰ ਅਮਰੀਕਾ ਨੂੰ 'ਟਾਈਮ' ਮੈਗਜ਼ੀਨ ਪੜ੍ਹ ਕੇ ਨਹੀਂ ਜੱਜ ਕਰ ਸਕਦੀ।"

ਉਹ ਬੋਲੀ, "ਪਰ ਅਸੀਂ ਆਪਣੇ ਬੱਚੇ ਅਮਰੀਕਾ ਨਹੀਂ ਪੜ੍ਹਾਉਣੇ।"

ਮਨੂੰ ਤੇ ਜੰਨਤ ਅੰਬਾਂ ਦੇ ਦਰਖ਼ਤਾਂ ਹੇਠ ਤਿਤਲੀਆਂ ਨੂੰ ਫੜਦੇ ਹੋਏ ਦੌੜਦੇ। ਕਦੇ-ਕਦੇ ਉਹ ਅੱਕ ਦੀਆਂ ਮਾਈ ਬੁੱਢੀਆਂ ਨੂੰ ਫੜਨ ਦਾ ਯਤਨ ਕਰਦੇ—ਹਵਾ ਵਿੱਚ ਉੱਡਦੇ ਨਰਮ ਤੂੰਬੇ। ਜੇ ਕੋਈ ਕੁੱਤਾ ਰੋਂਦਾ ਜਾਂ ਕੋਈ ਪੰਛੀ ਖੰਭ ਫੜਫੜਾਉਂਦਾ ਤਾਂ ਉਹ ਡਰ ਜਾਂਦੇ ਤੇ ਦੌੜ ਕੇ ਮੇਰੇ ਕੋਲ਼ ਆਉਂਦੇ, "ਪਾਪਾ, ਉਸ ਝਾੜੀ ਪਿੱਛੇ ਬਘਿਆੜ ਲੁਕਿਆ ਖੜ੍ਹਾ ਏ।"

ਮਨੂੰ ਜੰਨਤ ਦੇ ਮੂੰਹ' ਤੇ ਹੱਥ ਰੱਖ ਕੇ ਬੋਲਦਾ, "ਕਮਲ਼ੀਏ, ਉਹ ਤਾਂ ਕੁੱਤਾ ਸੀ।"

ਉਹ ਉਹਦਾ ਹੱਥ ਝਟਕ ਕੇ ਤੇ ਅੱਖਾਂ ਟੱਡ ਕੇ ਆਖਦੀ, "ਨਹੀ, ਬਘਿਆੜ ਸੀ। ਮੈਂ ਉਸ ਦੀ ਪੂਛ ਦੇਖੀ ਸੀ।"

ਝਾੜੀਆ ਤੇ ਦਰਖ਼ਤਾ ਵਿੱਚੋਂ ਦੀ ਲੰਘਦੇ ਉਹ ਇਹੋ ਮਹਿਸੂਸ ਕਰਦੇ ਕਿ ਉਹ ਕਿਸੇ ਸੰਘਣੇ ਜੰਗਲ਼ ਵਿੱਚੋਂ ਦੀ ਲੰਘ ਰਹੇ ਹਨ ਤੇ ਬਘਿਆੜ ਇੱਥੇ ਲੇਲੇ ਨੂੰ ਘੇਰੀ ਖੜ੍ਹਾ ਹੈ। ਇਸੇ ਜੰਗਲ਼ ਵਿੱਚ ਦੋ ਨਿੱਕੇ ਭੈਣ-ਭਰਾ ਗੁਆਚ ਗਏ ਸਨ ਤੇ ਫੇਰ ਇੱਕ ਦਿਓਣੀ ਨੇ ਉਹਨਾਂ ਨੂੰ ਮਹਿਲ ਵਿੱਚ ਕੈਦ ਕਰ ਦਿੱਤਾ ਸੀ—ਇਸ ਭੇਦਾਂ ਭਰੇ ਜੰਗਲ਼ ਵਿੱਚ ਜੋ ਦਰਅਸਲ ਨਿੱਕੀਆਂ ਝਾੜੀਆਂ ਤੇ ਲੰਮੀ ਘਾਹ ਦਾ ਖੁੱਲ੍ਹਾ ਮੈਦਾਨ ਸੀ। ਮਨੂੰ ਤੇ ਜੰਨਤ ਨੂੰ ਇਸ ਵਿੱਚ ਜਾਦੂਗਰਨੀ, ਭੂਤਨੀ, ਪਰੀ ਤੇ ਦੇਅ, ਸਿਖਰ ਦੁਪਹਿਰੇ ਦੀ ਧੁੱਪ ਵਿੱਚ ਨਜ਼ਰ ਆਉਂਦੇ।

ਮਨੂੰ ਤੇ ਜੰਨਤ ਮੇਰੇ ਨਾਲ਼ ਅਕਸਰ ਖੇਡਦੇ। ਮਨੂੰ ਦੀ ਠੋਡੀ ਵਿੱਚ ਨਿੱਕਾ ਚਿੱਬ ਸੀ, ਮੇਰੀ ਠੋਡੀ ਵਾਂਗ ਤੇ ਉਹਦੇ ਬੁੱਲ੍ਹ ਤੇ ਕੰਨ ਮੇਰੇ ਬੁੱਲ੍ਹਾਂ ਤੇ ਕੰਨਾਂ ਵਰਗੇ ਸਨ। ਉਹ ਮੇਰੇ ਵਾਂਗ ਹੀ ਤੁਰਦਾ ਸੀ.. ਇੱਕ ਗਿਠਮੁਠੀਆ ਬਲਵੰਤ। ਉਸ ਦਾ ਸੁਭਾਅ ਵੀ ਮੇਰੇ ਵਰਗਾ ਸੀ ਤੇ ਮੇਰੇ ਪਿਤਾ ਵਰਗਾ। ਉਸ ਵਿੱਚ ਜੀਨੀ ਦਾ ਤੇ ਉਸ ਦੀ ਮਾਂ ਦਾ ਬਹੁਤ ਘੱਟ ਅੰਸ਼ ਸੀ। ਉਸ ਦਾ ਮਨ ਵੀ ਮੇਰੇ ਵਰਗਾ ਹੀ ਸੀ। ਕਿਸ ਤਰ੍ਹਾਂ ਕੁਦਰਤ ਦਾਦਿਆਂ-ਪੜਦਾਦਿਆਂ ਦੇ ਸੰਸਕਾਰ ਆਪਣੇ ਪੁੱਤਾਂ-ਪੋਤਰਿਆਂ ਵਿੱਚ ਪੀੜ੍ਹੀ ਦਰ ਪੀੜ੍ਹੀ ਤੋਰੀ ਆਉਂਦੀ ਹੈ।

ਰਾਤ ਵੇਲੇ ਜੰਨਤ ਦੌੜਦੀ ਹੋਈ ਉੱਛਲ਼ ਕੇ ਮੇਰੇ ਬਿਸਤਰ ਵਿੱਚ ਆ ਜਾਂਦੀ। ਮਨੂੰ ਵੀ ਉਸ ਦੀ ਰੀਸੀਂ ਛਾਲਾਂ ਮਾਰਦਾ ਹੋਇਆ ਬਿਸਤਰੇ ਵਿੱਚ ਆ ਜਾਂਦਾ ਤੇ ਦੋਵੇਂ ਮੇਰੇ ਸੱਜੇ ਪਾਸੇ ਸੌਣ ਲਈ ਲੜਦੇ। ਇਹ ਲੜਾਈ ਮੇਰੇ ਉੱਤੇ ਆਪਣਾ-ਆਪਣਾ ਹੱਕ ਜਮਾਉਣ ਲਈ ਸੀ, ਇੱਕ ਪ੍ਰਕਾਰ ਦੀ ਖੇਡ। ਦੋਵੇਂ ਲਿਟਦੇ, ਘੁਲਦੇ ਤੇ ਆਖ਼ਰ ਦੋਹੀਂ ਪਾਸੀਂ ਮੈਨੂੰ ਘੇਰ ਲੈਂਦੇ।

ਜੰਨਤ ਆਖਦੀ ਕਿ ਮੈਂ ਉਸ ਨੂੰ "ਲੂੰਬੜ ਤੇ ਕਾਂ" ਦੀ ਕਹਾਣੀ ਸੁਣਾਵਾਂ। ਕਿਸ ਤਰ੍ਹਾਂ ਸ਼ੇਖੀਖ਼ੋਰਾ ਕਾਂ ਵਡਿਆਈ ਵਿੱਚ ਆ ਕੇ ਗਾਉਣ ਲੱਗਦਾ ਹੈ ਤੇ ਪਨੀਰ ਦਾ ਟੁਕੜਾ ਉਸ ਦੀ ਚੁੰਝ ਵਿੱਚੋਂ ਹੇਠਾਂ ਡਿਗ ਪੈਂਦਾ ਹੈ। ਕਹਾਣੀ ਵਿੱਚ ਜਿੱਥੇ ਕਿਤੇ ਮੈਂ ਕੋਈ ਗੱਲ ਉੱਕਦਾ ਜੰਨਤ ਮੈਨੂੰ ਖ਼ੁਸ਼ੀ ਨਾਲ ਉੱਚੀ-ਉੱਚੀ ਹੱਸ ਕੇ ਦੱਸਦੀ। ਇਹਦੇ ਨਾਲ ਹੀ ਉਹ ਕਾਂ ਦੀ ਬੋਲੀ ਬੋਲਦੀ ਤੇ ਲੂੰਬੜ ਦੇ ਛਪੜ-ਛਪੜ ਖਾਣ ਦੀਆਂ ਅਵਾਜ਼ਾਂ ਕੱਢਦੀ।

ਮਨੂੰ 'ਅਲੀ ਬਾਬਾ ਤੇ ਚਾਲੀ ਚੋਰ' ਤੇ 'ਅਲਾਦੀਨ ਦਾ ਚਿਰਾਗ਼' ਦੀਆਂ ਕਹਾਣੀਆਂ ਸੁਣਾਉਣ ਲਈ ਆਖਦਾ। ਉਹਨਾਂ ਨੂੰ ਇਹ ਕਹਾਣੀਆਂ ਜ਼ਬਾਨੀ ਯਾਦ ਸਨ ਤੇ ਉਹ ਹਰ ਰਾਤ ਮੈਨੂੰ ਮੁੜ ਇਹੋ ਕਹਾਣੀਆਂ ਦੁਬਾਰਾ ਸੁਣਾਉਣ ਲਈ ਆਖਦੇ ਤੇ ਮੈਂ ਹਰ ਵਾਰ ਸੱਜਰੀ ਤਰ੍ਹਾਂ ਬਿਆਨ ਕਰਦਾ। ਜੰਨਤ ਯਕਦਮ ਆਖਦੀ, "ਪਾਪਾ ਮੇਰੀ ਪਿੱਠ 'ਤੇ ਬਿੱਲੀ ਚਲਾ ਕੇ ਦਿਖਾ।"

ਉਹ ਢਿੱਡ ਪਰਨੇ ਲੇਟ ਜਾਂਦੀ। ਮੈਂ ਉਸ ਦੀ ਮਜ਼ਬੂਤ, ਮਸੂਮ ਪਿੱਠ ਉੱਤੇ ਹੱਥ ਫੇਰਦਾ; ਨਰਮ, ਗੁੰਦਵਾਂ ਮਾਸ। ਉਹ ਸਰੂਰ ਵਿੱਚ ਅੱਖਾਂ ਮੀਚ ਕੇ ਆਖਦੀ, "ਹੁਣ ਸ਼ੁਰੂ ਕਰ।"

ਇਹ ਖੇਡ ਮੈਂ ਨਿੱਕੇ ਹੁੰਦਿਆ ਆਪਣੇ ਛੋਟੇ ਭਰਾ ਨਾਲ ਖੇਡਦਾ। ਇਹ ਖੇਡ ਜਿਸ ਵਿੱਚ ਸਿਵਾਏ ਕਲਪਨਾ ਦੇ ਕੁਝ ਨਹੀਂ ਲੱਗਦਾ, ਗ਼ਰੀਬਾਂ ਦੀ ਖੇਡ।

ਮੈਂ ਦੋ ਉਂਗਲ਼ਾਂ ਜੋੜ ਕੇ ਉਸ ਦੀ ਗਰਦਨ ਤੋਂ ਲਹਿਰੀਆ ਪਾਉਂਦਾ ਹੇਠਾਂ ਤੱਕ ਲੈ ਜਾਂਦਾ ਤੇ ਉਹ ਚੀਕ ਕੇ ਆਖਦੀ, "ਸੱਪ!" ਮੈਂ ਉਂਗਲ਼ਾਂ ਜੋੜ ਕੇ ਪੋਲੇ-ਪੋਲੇ ਨਹੁੰ ਖੁਭਾਉਂਦਾ ਉਸ ਦੀ ਪਿੱਠ ਉੱਤੇ ਤੋਰਦਾ ਤੇ ਉਹ ਕੂਕਦੀ, "ਬਿੱਲੀ!" ਮੈਂ ਨਿੱਕੀਆਂ-ਨਿੱਕੀਆਂ ਚੂੰਢੀਆਂ ਵੱਢਦਾ ਉਂਗਲਾਂ ਤੋਰਦਾ ਤੇ ਉਹ ਮਿਆਂਕਦੀ, "ਕੀੜੀ!" ਮੈਂ ਦੋਹਾਂ ਹੱਥਾਂ ਦੀਆਂ ਮੁੱਠੀਆਂ ਉਸ ਦੀ ਪਿੱਠ ਉੱਤੇ ਰੱਖ ਕੇ ਹੌਲ਼ੀ ਤੇ ਭਾਰੇ-ਭਾਰੇ ਸੰਕੋਚ ਨਾਲ਼ ਇਹਨਾਂ ਨੂੰ ਚਲਾਉਂਦਾ ਤੇ ਉਹ ਖਿੜਖਿੜਾ ਕੇ ਹੱਸਦੀ, "ਹਾਥੀ!"

ਯਕਦਮ ਉਸ ਦੀਆਂ ਪਲਕਾਂ ਭਾਰੀ ਹੋ ਜਾਂਦੀਆਂ ਤੇ ਉਹ ਸੌਂ ਜਾਂਦੀ।

ਇੱਕ ਦਿਨ ਇੱਕ ਤੋਤੇ ਵੇਚਣ ਵਾਲ਼ਾ ਆਦਮੀ ਸਾਡੀ ਕੋਠੀ ਦੇ ਕੋਲ਼ ਦੀ ਲੰਘਿਆ। ਉਸ ਨੇ ਵਹਿੰਗੀ ਦੇ ਡੰਡੇ ਉੱਤੇ ਤੋਤਿਆਂ ਦੇ ਪਿੰਜਰੇ ਟੰਗੇ ਹੋਏ ਸਨ ਤੇ ਉਹ ਹੋਕਾ ਲਾਉਂਦਾ ਜਾਂਦਾ ਸੀ, "ਤੋਤੇ ਲੈ ਲਓ, ਤੋਤੇ!"

ਮਨੂੰ ਤੇ ਜੰਨਤ ਦੌੜਦੇ ਹੋਏ ਮੇਰੇ ਕੋਲ਼ ਆਏ।

"ਪਾਪਾ, ਸਾਨੂੰ ਤੋਤਾ ਲੈ ਦੇ।"

"ਕਿੱਥੇ ?"

"ਉਹ ਦੇਖ, ਫਾਟਕ ਉੱਤੇ ਖੜ੍ਹਾ ਏ, ਤੋਤਿਆਂ ਵਾਲ਼ਾ ਆਦਮੀ।"

ਉਹ ਮੇਰੀ ਬਾਂਹ ਫੜ ਕੇ ਮੈਨੂੰ ਫਾਟਕ ਵੱਲ ਧੂਹ ਕੇ ਲੈ ਗਏ। ਉੱਥੇ ਇੱਕ ਆਦਮੀ ਖੜ੍ਹਾ ਸੀ। ਉਸ ਦੇ ਮੈਲ਼ੀ ਧੋਤੀ ਸੀ, ਲਾਲ ਪਗੜੀ ਤੇ ਕੰਨਾਂ ਵਿੱਚ ਮੁੰਦਰਾਂ।

ਮੈਂ ਪੁੱਛਿਆ, "ਕਿਵੇਂ ਨੇ, ਤੋਤੇ ?"

"ਦਸ ਰੁਪਏ ਦਾ ਜੋੜਾ।"

"ਇੱਕ ਤੋਤਾ ਸਾਨੂੰ ਦੇ-ਦੇ।"

"ਨਹੀਂ ਸਰਕਾਰ, ਅਸੀਂ ਜੋੜਾ ਹੀ ਵੇਚਦੇ ਹਾਂ। ਇਕੱਲਾ ਤੋਤਾ ਉਦਾਸ ਹੋ ਕੇ ਛੇਤੀ ਮਰ ਜਾਂਦਾ ਹੈ। ਉਸ ਨੂੰ ਵੀ ਲੋੜ ਐ, ਆਪਣੇ ਸਾਥੀ ਦੀ।"

ਮਨੂੰ ਤੇ ਜੰਨਤ ਮੇਰੀ ਕਮੀਜ਼ ਫੜ ਕੇ ਖਿੱਚ ਰਹੇ ਸਨ ਤੇ ਮਿੰਨਤ ਨਾਲ਼ ਆਖ ਰਹੇ ਸਨ, "ਪਾਪਾ, ਸਾਨੂੰ ਤੋਤਾ ਜ਼ਰੂਰ ਲੈ ਦੇ।"

ਮਨੂੰ ਨੇ ਖ਼ੁਸ਼ੀ ਨਾਲ ਚੀਕ ਕੇ ਆਖਿਆ, "ਦੇਖ ਇਸ ਦੀ ਗਰਦਨ ਦੁਆਲੇ ਲਾਲ ਘੇਰਾ ਹੈ।"

ਤੋਤੇ ਵਾਲਾ ਬੋਲਿਆ, "ਇਹ ਇਸ ਦੀ ਗਾਨੀ ਐ।"

ਮੈਂ ਹੈਰਾਨ ਸਾਂ ਕਿ ਉਹ ਏਨੇ ਖ਼ੂਬਸੂਰਤ ਪੰਛੀਆਂ ਨੂੰ ਪੰਜ-ਪੰਜ ਰੁਪਏ ਵਿੱਚ ਕਿਵੇਂ ਵੇਚ ਸਕਦਾ ਸੀ ਜਦੋਂਕਿ ਬਜ਼ਾਰ ਵਿੱਚ ਲੋਗੜ ਦਾ ਭਰਿਆ ਤੋਤਾ ਵੀ ਵੀਹ ਰੁਪਏ ਵਿੱਚ ਵਿਕਦਾ ਸੀ।

ਉਸ ਨੇ ਤੋਤਿਆਂ ਦਾ ਇੱਕ ਜੋੜਾ ਪਿੰਜਰੇ ਵਿੱਚ ਪਾ ਕੇ ਮਨੂੰ ਨੂੰ ਫੜਾ ਦਿੱਤਾ। ਮੈਂ ਉਸ ਨੂੰ ਦਸ ਰੁਪਏ ਦੇ ਦਿੱਤੇ।

ਬੱਚੇ ਪਿੰਜਰਾ ਚੁੱਕ ਕੇ ਦੌੜਦੇ ਹੋਏ ਸੁਰਤੀ ਕੋਲ਼ ਗਏ ਤੇ ਉਸ ਨੂੰ ਇਹ ਨਵਾਂ ਤੋਹਫ਼ਾ ਖ਼ੁਸ਼ੀ-ਖ਼ੁਸ਼ੀ ਵਿਖਾਉਣ ਲੱਗੇ। ਤੋਤੇ ਵਾਲ਼ੇ ਨੇ ਤੋਤਿਆਂ ਦੀ ਖ਼ੁਰਾਕ, ਉਹਨਾਂ ਦੇ ਸੌਣ-ਜਾਗਣ ਤੇ ਉਹਨਾਂ ਦੀਆਂ ਹੋਰ ਆਦਤਾਂ ਬਾਰੇ ਸਾਰੀਆਂ ਹਿਦਾਇਤਾਂ ਦੇ ਦਿੱਤੀਆਂ ਸਨ। ਰਾਤ ਨੂੰ ਇਹ ਡਰ ਸੀ ਕਿ ਕਿਤੇ ਬਿੱਲੀ ਨਾ ਆ ਜਾਵੇ। ਇਸ ਲਈ ਉਸ ਨੇ ਹਿਦਾਇਤ ਕੀਤੀ ਸੀ ਕਿ ਬੱਚਿਆਂ ਦੇ ਸੌਣ ਵਾਲ਼ੇ ਕਮਰੇ ਵਿੱਚ ਹੀ ਪਿੰਜਰੇ ਨੂੰ ਉੱਚਾ ਟੰਗ ਦਿੱਤਾ ਜਾਵੇ।

ਮਨੂੰ ਨੇ ਦੱਸਿਆ ਕਿ ਸਾਡੇ ਘਰ ਦੀ ਸਫ਼ਾਈ ਕਰਨ ਵਾਲ਼ੀ ਕੁਸ਼ੱਲਿਆ ਦਾ ਤੋਤਾ ਗੱਲਾਂ ਕਰਦਾ ਸੀ। ਉਹ ਸੀਟੀ ਵੀ ਮਾਰ ਲੈਂਦਾ ਸੀ। ਮਨੂੰ ਨੇ ਵੀ ਆਪਣੇ ਤੋਤਿਆਂ ਨੂੰ ਸੀਟੀ ਵਜਾਉਣ ਦੀ ਸਿੱਖਿਆ ਦੇਣ ਦੀ ਸੋਚੀ। ਸਾਰੀ ਸ਼ਾਮ ਉਹ ਪਿੰਜਰੇ ਕੋਲ਼ ਬੈਠ ਤੋਤਿਆਂ ਨਾਲ ਗੱਲਾਂ ਕਰਦੇ ਤੇ ਉਹਨਾ ਨੂੰ ਕੱਚੇ ਅੰਬ ਖੁਆਉਂਦੇ ਰਹੇ। ਤੋਤੇ ਆਪਣੀਆ ਨਿੱਕੀਆ ਗੋਲ਼ ਅੱਖਾ ਘੁਮਾਉਂਦੇ ਤੇ ਟੀਂ-ਟੀਂ ਕਰਦੇ ਤੇ ਕਦੇ ਪਿੰਜਰੇ ਦੀਆ ਸੀਖਾਂ ਨੂੰ ਚੁੰਝਾਂ ਮਾਰਦੇ।

ਜੰਨਤ ਜਾ ਕੇ ਮਿੱਠੀ ਚੂਰੀ ਲੈ ਆਈ ਤੇ ਸੀਖਾਂ ਦੇ ਵਿੱਚੋਂ ਦੀ ਤੋਤੇ ਨੂੰ ਖੁਆਉਣ ਲੱਗੀ। ਤੋਤੇ ਨੇ ਠੂੰਗ ਮਾਰੀ ਤੇ ਜੰਨਤ ਉੱਚੀ-ਉੱਚੀ ਰੋਣ ਲੱਗੀ। ਮੈਂ ਉਸ ਨੂੰ ਮਸਾਂ ਚੁੱਪ ਕਰਾਇਆ। ਫਿਰ ਮੈਂ ਆਪਣੇ ਬਾਵਰਚੀ ਨੂੰ ਆਖਿਆ ਕਿ ਉਹ ਦੂਜੇ ਦਿਨ ਲੋਹੇ ਦਾ ਵੱਡਾ ਪਿੰਜਰਾ ਲੈ ਕੇ ਆਵੇ ਤੇ ਤੋਤਿਆਂ ਨੂੰ ਅਰਾਮ ਨਾਲ ਉਸ ਵਿੱਚ ਰੱਖਿਆ ਜਾਵੇ। ਜੰਨਤ ਨੂੰ ਆਖਿਆ ਕਿ ਉਹ ਦੁਬਾਰਾ ਪਿੰਜਰੇ ਵਿੱਚ ਉਂਗਲ਼ਾਂ ਨਾ ਪਾਵੇ।

ਦੂਜੇ ਦਿਨ ਸਾਨੂੰ ਪਤਾ ਲੱਗਾ ਕਿ ਰਾਤ ਤੋਤਾ-ਤੋਤੀ ਖ਼ੂਬ ਲੜੇ। ਤੋਤੇ ਨੇ ਠੂੰਗੇ ਮਾਰ-ਮਾਰ ਕੇ ਤੋਤੀ ਨੂੰ ਮਾਰ ਦਿੱਤਾ। ਜੰਨਤ ਤੇ ਮਨੂੰ ਬੜੇ ਉਦਾਸ ਸਨ। ਮੈਂ ਮੋਏ ਹੋਏ ਪੰਛੀ ਨੂੰ ਪਿੰਜਰੇ ਵਿੱਚੋਂ ਬਾਹਰ ਕੱਢਿਆ ਤੇ ਉਹਨਾਂ ਨੇ ਆਖਿਆ ਕਿ ਉਹ ਇਸ ਨੂੰ ਸਫ਼ੈਦੇ ਦੇ ਦਰਖ਼ਤ ਥੱਲੇ ਦੱਬ ਦੇਣ। ਜੰਨਤ ਨੇ ਤੋਤੀ ਨੂੰ ਆਪਣੇ ਨਿੱਕੇ ਹੱਥਾਂ ਵਿੱਚ ਚੁੱਕਿਆ ਤੇ ਦਰਖ਼ਤ ਹੇਠ ਲੈ ਗਈ। ਉਸ ਨੇ ਤੇ ਮਨੂੰ ਨੇ ਹੱਥਾਂ ਨਾਲ਼ ਜ਼ਮੀਨ ਖੋਦੀ, ਡੂੰਘਾ ਟੋਆ ਪੁੱਟਿਆ ਤੇ ਇਸ ਵਿੱਚ ਤੋਤੀ ਨੂੰ ਲਿਟਾ ਕੇ ਉੱਪਰ ਮਿੱਟੀ ਪਾ ਦਿੱਤੀ।

ਸਾਡਾ ਬਾਵਰਚੀ ਆਇਆ, ਜੀਨੀ ਤੇ ਮੈਂ ਤੋਤੀ ਨੂੰ ਦਫ਼ਨ ਕਰਨ ਦੀ ਰਸਮ ਵਿੱਚ ਸ਼ਾਮਲ ਹੋਏ।

**ਔਖੇ ਸ਼ਬਦਾਂ ਦੇ ਅਰਥ :** ਮੋਕਲ਼ੇ = ਖੁੱਲ੍ਹੇ ; **ਸ਼ੇਖੀਖ਼ੋਰਾ** = ਫੜ੍ਹਾਂ ਮਾਰਨ ਵਾਲ਼ਾ, ਗਪੌੜੀ; **ਯਕਦਮ** = ਇਕਦਮ; **ਲੋਗੜ** = ਰੂੰ; **ਬਾਵਰਚੀ** = ਖਾਣਾ ਬਣਾਉਣ ਵਾਲ਼ਾ।

## ਅਭਿਆਸ

**(ੳ) ਵਸਤੂਨਿਸ਼ਠ ਪ੍ਰਸ਼ਨ :—**

1. 'ਆਪ-ਬੀਤੀਆਂ' ਪੁਸਤਕ ਵਿੱਚ ਬਲਵੰਤ ਗਾਰਗੀ ਦਾ ਕਿਹੜਾ ਸ੍ਵੈਜੀਵਨੀ-ਅੰਸ਼ ਦਰਜ ਹੈ ?
2. 'ਮੇਰੇ ਬੱਚੇ ਮੇਰਾ ਮੁਹਾਂਦਰਾ' ਪਾਠ ਵਿੱਚ ਜੰਨਤ ਦਾ ਕਿੰਨਵਾਂ ਜਨਮ-ਦਿਨ ਮਨਾਏ ਜਾਣ ਦਾ ਜ਼ਿਕਰ ਹੈ ?
3. ਜੰਨਤ ਨੇ ਆਪਣੇ ਤੀਸਰੇ ਜਨਮ-ਦਿਨ ਮੌਕੇ ਕਿਹੜੀ ਪੁਸ਼ਾਕ ਪਹਿਨੀ ਹੋਈ ਸੀ ?
4. ਰਾਤ ਨੂੰ ਜੰਨਤ ਅਤੇ ਮਨੂੰ ਲੇਖਕ ਦੇ ਸੱਜੇ ਪਾਸੇ ਸੌਣ ਲਈ ਲੜਾਈ ਕਰਦੇ ਸਨ। (ਸਹੀ/ਗਲਤ)
5. ਮਨੂੰ ਆਪਣੇ ਪਿਤਾ ਤੋਂ 'ਲੂੰਬੜ ਤੇ ਕਾਂ' ਵਾਲ਼ੀ ਕਹਾਣੀ ਸੁਣਦਾ ਸੀ। (ਸਹੀ/ਗਲਤ)
6. ਅਸੀਂ ਜੋੜਾ ਹੀ ਵੇਚਦੇ ਹਾਂ। ਇਕੱਲਾ ਤੋਤਾ ......ਹੋ ਕੇ ਛੇਤੀ ਮਰ ਜਾਂਦਾ ਹੈ।
7. ਤੋਤੇ ਨੇ ....ਮਾਰੀ ਅਤੇ ਜੰਨਤ ਉੱਚੀ-ਉੱਚੀ ਰੋਣ ਲੱਗੀ।
8. ਮਰੀ ਹੋਈ ਤੋਤੀ ਨੂੰ ......ਦੇ ਦਰਖ਼ਤ ਥੱਲੇ ਦੱਬਿਆ ਗਿਆ। (ਖ਼ਾਲੀ ਸਥਾਨ ਭਰੋ)

9. ਬਲਵੰਤ ਗਾਰਗੀ ਦੀ ਪਤਨੀ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੀ ਸੀ: ...........।

(i) ਅਮਰੀਕਾ ਵਿੱਚ (ii) ਹਿੰਦੁਸਤਾਨ ਵਿੱਚ

(iii) ਆਸਟ੍ਰੇਲੀਆ ਵਿੱਚ (iv) ਇੰਗਲੈਂਡ ਵਿੱਚ

10. ਜੰਨਤ ਦੁਆਰਾ ਜਨਮ-ਦਿਨ ਮੌਕੇ ਪਹਿਨਿਆ ਫ਼ਰਾਕ :

(i) ਨਵਾਂ ਸੀ (ii) ਦੋ ਸਾਲ ਪੁਰਾਣਾ ਸੀ

(iii) ਤੇਤੀ ਸਾਲ ਪੁਰਾਣਾ ਸੀ (iv) ਦੋ ਮਹੀਨੇ ਪੁਰਾਣਾ ਸੀ।

(ਅ) ਦੱਸੋ :

1. "ਜੀਨੀ ਦੀ ਭੂਹ ਨਰਮ ਵਾਗ ਸੀ, ਮੇਰੀ ਲੁਹਾਰ ਵਰਗੀ"। ਬਲਵੰਤ ਗਾਰਗੀ ਇਹ ਸਬਦ ਕਿਉਂ ਕਹਿੰਦਾ ਹੈ? ਸਪਸ਼ਟ ਕਰੋ।
2. ਜੀਨੀ, ਮਨੂੰ ਤੇ ਜੰਨਤ ਨੂੰ ਅਮਰੀਕਾ ਵਿੱਚ ਕਿਉਂ ਨਹੀਂ ਪੜ੍ਹਾਉਣਾ ਚਾਹੁੰਦੀ ਸੀ?
3. ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆ ਬਲਵੰਤ' ਕਿਉਂ ਕਹਿੰਦਾ ਹੈ?
4. ਇਸ ਸ੍ਵੈਜੀਵਨੀ-ਅੰਸ਼ ਵਿੱਚ ਇੱਕ ਪਿਤਾ ਵਜੋਂ ਬਲਵੰਤ ਗਾਰਗੀ ਦੀ ਸਖ਼ਸੀਅਤ ਦੇ ਕਿਹੜੇ ਗੁਣ ਉੱਭਰ ਕੇ ਸਾਮ੍ਹਣੇ ਆਉਂਦੇ ਹਨ?
5. ਜੰਨਤ ਤੇ ਮਨੂੰ ਦੀ 'ਤੋਤੀ' ਕਿਉਂ ਮਰ ਗਈ ਸੀ? ਉਸ ਨੂੰ ਦਫ਼ਨ ਕਰਨ ਦੀ ਰਸਮ ਵਿੱਚ ਕੌਣ-ਕੌਣ ਸ਼ਾਮਲ ਹੋਏ?

❋❋❋❋❋

8

# ਅੰਮ੍ਰਿਤਾ ਪ੍ਰੀਤਮ

## (1919 - 2005)

| | | |
|---|---|---|
| ਪਿਤਾ | : | ਸ. ਕਰਤਾਰ ਸਿੰਘ ਹਿਤਕਾਰੀ |
| ਜਨਮ-ਸਥਾਨ | : | ਗੁਜਰਾਂਵਾਲ਼ਾ |
| ਵਿੱਦਿਆ | : | ਰਸਮੀ ਵਿੱਦਿਆ ਦਸਵੀਂ ਤੱਕ, ਸਾਹਿਤ-ਸੇਵਾਵਾਂ ਕਾਰਨ ਦਿੱਲੀ ਯੂਨੀਵਰਸਿਟੀ ਵੱਲੋਂ ਡੀ.ਲਿਟ. ਦੀ ਡਿਗਰੀ ਨਾਲ਼ ਸਨਮਾਨਿਤ। |
| ਕਿੱਤਾ | : | ਮੁੱਖ ਤੌਰ 'ਤੇ ਸਾਹਿਤ-ਰਚਨਾ, ਸ਼ੁਰੂ ਵਿੱਚ ਕੁਝ ਸਮੇਂ ਲਈ ਅਕਾਸ਼ਵਾਣੀ ਵਿੱਚ ਕੰਮ ਕੀਤਾ। |

ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਕੌਮਾਂਤਰੀ ਪ੍ਰਸਿੱਧੀ ਦੀ ਲੇਖਕਾ ਸੀ। ਉਸ ਨੇ ਕਵਿਤਾ, ਕਹਾਣੀਆਂ, ਨਾਵਲ ਅਤੇ ਵਾਰਤਕ ਦੀ ਰਚਨਾ ਕੀਤੀ ਹੈ ਪਰ ਉਹ ਇੱਕ ਕਵਿੱਤਰੀ ਦੇ ਰੂਪ ਵਿੱਚ ਵਧੇਰੇ ਹਰਮਨ-ਪਿਆਰੇ ਹੋਏ। ਉਹ 'ਨਾਗਮਣੀ' ਮਾਸਿਕ-ਪੱਤਰ ਦੇ ਸੰਪਾਦਕ ਵੀ ਰਹੇ। ਉਹ ਪੰਜਾਬੀ ਦੇ ਅਜਿਹੇ ਸਾਹਿਤਕਾਰ ਸਨ ਜਿਨ੍ਹਾਂ ਨੂੰ ਗਿਆਨਪੀਠ ਸਨਮਾਨ ਵੀ ਮਿਲਿਆ।

ਮੁੱਖ ਰਚਨਾਵਾਂ : ਕਾਵਿ-ਸੰਗ੍ਰਹਿ : ਅੰਮ੍ਰਿਤ ਲਹਿਰਾਂ, ਜੀਉਂਦਾ ਜੀਵਨ, ਤਰੇਲ ਧੋਤੇ ਫੁੱਲ, ਓ ਗੀਤਾਂ ਵਾਲ਼ਿਆ, ਬੱਦਲਾਂ ਦੇ ਪੱਲੇ ਵਿੱਚ, ਸੰਝ ਦੀ ਲਾਲੀ, ਲੋਕ-ਪੀੜ, ਪੱਥਰ ਗੀਟੇ, ਲੰਮੀਆਂ ਵਾਟਾਂ, ਮੈਂ ਤਵਾਰੀਖ਼ ਹਾਂ ਹਿੰਦ ਦੀ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ, ਕਸਤੂਰੀ, ਨਾਗਮਣੀ, ਕਾਗਜ਼ ਤੇ ਕੈਨਵਸ।

ਲੇਖ-ਸੰਗ੍ਰਹਿ : ਇੱਕੀ ਪੱਤੀਆਂ ਦਾ ਗੁਲਾਬ, ਸਫ਼ਰਨਾਮਾ, ਔਰਤ ਇੱਕ ਦ੍ਰਿਸ਼ਟੀਕੋਣ।

ਕਹਾਣੀ-ਸੰਗ੍ਰਹਿ : ਕੁੰਜੀਆਂ, ਆਖ਼ਰੀ ਖ਼ਤ, ਗੋਜਰ ਦੀਆਂ ਪਰੀਆਂ, ਚਾਨਣ ਦਾ ਹਉਕਾ, ਜੰਗਲੀ ਬੂਟੀ, ਅਜਨਬੀ, ਪੰਜ ਵਰ੍ਹੇ ਲੰਬੀ ਸੜਕ, ਇੱਕ ਸ਼ਹਿਰ ਦੀ ਮੌਤ।

ਨਾਵਲ : ਡਾਕਟਰ ਦੇਵ, ਚੱਕ ਨੰਬਰ ਛੱਤੀ, ਪਿੰਜਰ, ਆਲ੍ਹਣਾ, ਅਸ਼ੂ, ਇੱਕ ਸਵਾਲ, ਬੁਲਾਵਾ, ਰੰਗ ਦਾ ਪੱਤਾ, ਬੰਦ ਦਰਵਾਜ਼ਾ, ਦਿੱਲੀ ਦੀਆਂ ਗਲੀਆਂ, ਇੱਕ ਸੀ ਅਨੀਤਾ, ਧਰਤੀ ਸਾਗਰ ਤੇ ਸਿੱਪੀਆਂ, ਏਰੀਅਲ, ਯਾਤਰੀ, ਜਲਾਵਤਨ, ਜੇਬ ਕਤਰੇ, ਧੁੱਪ ਦੀ ਕਾਤਰ, ਪੱਕੀ ਹਵੇਲੀ, ਅੱਕ ਦਾ ਬੂਟਾ, ਅੱਗ ਦੀ ਲਕੀਰ, ਕੱਚੀ ਸੜਕ, ਕੋਈ ਨਹੀਂ ਜਾਣਦਾ, ਉਨ੍ਹਾਂ ਦੀ ਕਹਾਣੀ।

ਲੋਕ-ਗੀਤ ਸੰਗ੍ਰਹਿ : ਪੰਜਾਬ ਦੀ ਆਵਾਜ਼, ਮੌਲੀ ਤੇ ਮਹਿੰਦੀ।

'ਰਸੀਦੀ ਟਿਕਟ', ਅੰਮ੍ਰਿਤਾ ਪ੍ਰੀਤਮ ਦੀ ਸ੍ਵੈਜੀਵਨੀ ਹੈ, 'ਕਾਲਾ ਗੁਲਾਬ', 'ਕਿਰਮਚੀ ਲਕੀਰਾਂ' ਤੇ 'ਮੋਮਬੱਤੀਆਂ ਦਾ ਭੇਦ' ਪੁਸਤਕਾਂ ਵਿੱਚ ਵੀ ਉਹਨਾਂ ਦੀ ਸ੍ਵੈਜੀਵਨੀ ਦੀਆਂ ਝਲਕਾਂ ਹਨ।

'ਮੈਂ ਅਤੇ ਮੇਰੇ ਦਾਰ ਜੀ' ਪਾਠ 'ਰਸੀਦੀ ਟਿਕਟ' ਸ੍ਵੈਜੀਵਨੀ ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਪਿਤਾ ਦੀ ਸ਼ਖ਼ਸੀਅਤ ਤੋਂ ਕਬੂਲ ਕੀਤੇ ਸਦੀਵੀ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ।

# ਮੈਂ ਤੇ ਮੇਰੇ ਦਾਰ ਜੀ

1936 ਦੇ ਮੁੱਢ ਦੀ ਗੱਲ – ਜਦੋਂ ਮੇਰੀ ਪਹਿਲੀ ਕਿਤਾਬ ਛਪੀ ਸੀ। ਮਹਾਰਾਜਾ ਕਪੂਰਥਲਾ ਨੇ ਮੇਰੀ ਕਿਤਾਬ ਨੂੰ ਬਜ਼ੁਰਗਾਨਾ ਪਿਆਰ ਦੇਂਦਿਆ ਦੋ ਸੌ ਰੁਪਇਆ ਮੇਰੇ ਨਾ 'ਤੇ ਭੇਜਿਆ ਸੀ। ਤੇ ਫੇਰ ਥੋੜ੍ਹੇ ਜਿਹੇ ਦਿਨਾ ਪਿੱਛੋਂ ਮਹਾਰਾਣੀ ਨਾਭਾ ਨੇ (ਉਹ ਕਦੇ ਮੇਰੇ ਪਿਤਾ ਜੀ ਦੀ ਸ਼ਗਿਰਦ ਸੀ) ਮੈਨੂੰ ਇੱਕ ਸਾੜ੍ਹੀ ਦਾ ਪਾਰਸਲ ਉਸ ਕਿਤਾਬ ਦੀ ਤਾਰੀਫ਼ ਵਜੋਂ ਭੇਜਿਆ ਸੀ। ਇਹ ਦੋਵੇਂ ਚੀਜ਼ਾਂ ਡਾਕ ਰਾਹੀਂ ਆਈਆਂ ਸਨ ਤੇ ਫੇਰ ਹੋਰ ਇੱਕ ਦਿਨ ਜਦੋਂ ਡਾਕੀਏ ਨੇ ਘਰ ਦਾ ਬੂਹਾ ਖੜਕਾਇਆ ਮੇਰੇ ਬਾਲ ਜਿਹੇ ਮਨ ਨੇ ਉਸੇ ਤਰ੍ਹਾਂ ਦੇ ਇੱਕ ਹੋਰ ਮਨੀਆਰਡਰ ਜਾਂ ਪਾਰਸਲ ਦੀ ਰੀਝ ਕਰ ਲਈ, ਮੂੰਹੋਂ ਨਿਕਲਿਆ, "ਅੱਜ ਫੇਰ ਕੋਈ ਇਨਾਮ ਆਇਆ ਏ" – ਤੇ ਮੈਨੂੰ ਅਜੇ ਤੱਕ, ਸਣੇ ਆਪਣੇ ਪਿੰਡੇ ਦੀ ਕੰਬਣੀ ਦੇ, ਉਸੇ ਤਰ੍ਹਾਂ ਉਹ ਤਿਊੜੀ ਚੇਤੇ ਹੈ ਜੋ ਮੇਰੇ ਵੱਲ ਵੇਖ ਕੇ ਮੇਰੇ ਪਿਤਾ ਦੇ ਮੱਥੇ 'ਤੇ ਪੈ ਗਈ ਸੀ।

ਉਸ ਦਿਨ ਏਨਾ ਨਹੀਂ ਸੀ ਸਮਝਿਆ ਕਿ ਮੇਰੇ ਪਿਤਾ ਮੇਰੇ ਵਿੱਚ ਜਿਹੋ-ਜਿਹੀ ਸ਼ਖ਼ਸੀਅਤ ਵੇਖਣਾ ਚਾਹੁੰਦੇ ਸਨ, ਮੈਂ ਉਸ ਇੱਕ ਫ਼ਿਕਰੇ ਨਾਲ ਉਸ ਤੋਂ ਬਹੁਤ ਛੋਟੀ ਹੋ ਗਈ ਸਾਂ, ਬੱਸ ਏਨਾ ਸਮਝਿਆ ਸੀ ਕਿ ਇਹੋ- ਜਿਹੀ ਆਸ ਜਾਂ ਇਹੋ-ਜਿਹੀ ਰੀਝ ਗ਼ਲਤ ਗੱਲ ਹੈ ਤੇ ਇਹ ਜਿਹੜੀ ਥਾ ਤੋਂ ਇੱਕ ਲੇਖਕ ਨੂੰ ਛੋਟਿਆ ਕਰ ਜਾਂਦੀ ਹੈ, ਇਹ ਬਹੁਤ ਚਿਰ ਪਿੱਛੋਂ ਪਤਾ ਲੱਗਾ।

ਤੇ ਜਦੋਂ ਪਤਾ ਲੱਗਾ—ਮੇਰੇ ਪਿਤਾ ਦੀ ਮੱਥੇ ਦੀ ਥਾਂ ਮੇਰਾ ਆਪਣਾ ਮੱਥਾ ਮੇਰਾ ਨਿਗਾਹਬਾਨ ਬਣ ਗਿਆ। ਉਹਨੇ ਮੇਰੇ ਖ਼ਿਆਲਾਂ ਦੀ ਇਹੋ-ਜਿਹੀ ਰਾਖੀ ਕੀਤੀ ਕਿ ਫੇਰ ਕਦੇ ਮੈਨੂੰ ਅਚੇਤ ਵੀ ਇਹੋ-ਜਿਹਾ ਖ਼ਿਆਲ ਨਹੀਂ ਆਇਆ।

ਅੱਜ ਸੋਚਦੀ ਹਾਂ – ਦੁਨੀਆ ਵਿੱਚੋਂ ਕੁਝ ਵੀ ਲੈਣ ਦੇ ਖ਼ਿਆਲ ਤੋਂ, ਉਹ ਇੱਕ ਤਿਊੜੀ ਮੈਨੂੰ ਕਿਵੇਂ ਹਮੇਸ਼ਾਂ ਲਈ ਸੁਰਖ਼ਰੂ ਕਰ ਗਈ, ਸੁਤੰਤਰ ਕਰ ਗਈ ਤਾਂ ਉਸ ਤਿਊੜੀ ਨਾਲ ਪਿਆਰ ਆ ਜਾਂਦਾ ਹੈ। ਹੋ ਸਕਦਾ ਹੈ—ਉਸ ਦਿਨ ਉਹ ਮੇਰੇ ਪਿਤਾ ਦੇ ਮੱਥੇ 'ਤੇ ਨਾ ਪੈਂਦੀ ਤਾਂ ਮੈਂ ਕਦੇ ਉਹੋ-ਜਿਹੀ ਸੋਚ ਨਾਲ ਜ਼ਿੰਦਗੀ ਵਿੱਚ ਆਪਣੀ ਤੌਹੀਨ ਕਰ ਲੈਂਦੀ। ਪਰ ਮੈਂ ਖ਼ੁਸ਼ ਹਾਂ ਕਿ ਮੈਨੂੰ ਉਸ ਪਿਤਾ ਦਾ ਮੱਥਾ ਨਸੀਬ ਹੋਇਆ ਸੀ ਜਿਹਦੇ ਉੱਤੇ ਉਹ ਤਿਊੜੀ ਪੈ ਸਕਦੀ ਸੀ।

1936 ਵਿੱਚ ਇੱਕ ਰਾਤ- ਮੇਰੇ ਵਿਆਹ ਵਾਲੀ, ਜਿਸ ਰਾਤ ਮੈਂ ਮਕਾਨ ਦੀ ਛੱਤ 'ਤੇ ਜਾ ਕੇ ਹਨੇਰੇ ਵਿੱਚ ਬਹੁਤ ਰੋਈ ਸਾਂ। ਮਨ ਵਿੱਚ ਸਿਰਫ਼ ਇੱਕ ਗੱਲ ਆਉਂਦੀ ਸੀ ਜੇ ਕਿਸੇ ਤਰ੍ਹਾਂ ਮਰ ਸਕਾਂ। ਪਿਤਾ ਨੂੰ ਮੇਰੇ ਮਨ ਦੀ ਹਾਲਤ ਪਤਾ ਸੀ ਇਸ ਲਈ ਲੱਭਦੇ ਛੱਤ 'ਤੇ ਆਏ ਤਾਂ ਮੈਂ ਇੱਕੋ ਮਿੰਨਤ ਕੀਤੀ—"ਮੈਂ ਵਿਆਹ ਨਹੀਂ ਕਰਨਾ।"

ਬਰਾਤ ਆ ਚੁੱਕੀ ਸੀ, ਰਾਤ ਦਾ ਖਾਣਾ ਹੋ ਚੁੱਕਾ ਸੀ ਕਿ ਪਿਤਾ ਜੀ ਨੂੰ ਇੱਕ ਸੁਨੇਹਾ ਮਿਲਿਆ ਕਿ ਜੇ ਕੋਈ ਰਿਸ਼ਤੇਦਾਰ ਪੁੱਛੇ ਤਾਂ ਕਹਿ ਦੇਣਾ ਕਿ ਤੁਸਾਂ ਏਨੇ ਹਜ਼ਾਰ ਰੁਪਇਆ ਨਕਦ ਵੀ ਦਾਜ ਵਿੱਚ ਦਿੱਤਾ ਹੈ। ਇਹ ਵਿਆਹ ਮੇਰੇ ਪਿਤਾ ਜੀ ਦੀ ਡੂੰਘੀ ਤਸੱਲੀ ਸੀ। ਮੇਰੀ ਵੀ। ਪਰ ਇਸ ਸੁਨੇਹੇ ਨੂੰ ਪਿਤਾ ਜੀ ਨੇ ਇੱਕ ਇਸ਼ਾਰਾ ਸਮਝਿਆ। ਉਹਨਾਂ ਕੋਲ ਏਨਾ ਨਕਦ ਰੁਪਇਆ ਹੱਥ ਵਿੱਚ ਨਹੀਂ ਸੀ ਇਸ ਲਈ ਘਬਰਾ ਗਏ। ਮੈਨੂੰ ਦੱਸਿਆ— ਤਾਂ ਮੇਰੀ ਇੱਕੋ ਸੋਚ ਸੀ, ਜੇ ਮੈਂ ਅੱਜ ਰਾਤ ਮਰ ਸਕਾਂ ....

ਕਈ ਘੰਟਿਆਂ ਦੀ ਇਸ ਘਬਰਾਹਟ ਨੂੰ, ਉਸ ਰਾਤ ਮਹਿਮਾਨ ਆਈ ਹੋਈ, ਮੇਰੀ ਮੋਈ ਮਾਂ ਦੀ ਇੱਕ ਸਹੇਲੀ ਪ੍ਰੀਤਮ ਕੌਰ ਨੇ ਕੁਝ ਸਮਝ ਲਿਆ ਤੇ ਇੱਕਲਿਆਂ ਹੋ ਕੇ ਹੱਥਾਂ ਦੀਆਂ ਸਾਰੀਆਂ ਸੋਨੇ ਦੀਆਂ ਚੂੜੀਆਂ ਲਾਹ ਕੇ ਮੇਰੇ ਪਿਤਾ ਦੇ ਅੱਗੇ ਰੱਖ ਦਿੱਤੀਆਂ। ਪਿਤਾ ਦੀਆਂ ਅੱਖਾ ਭਰ ਆਈਆਂ ਪਰ ਮੈਨੂੰ ਇਹ ਵੇਖਣਾ ਮਰਨ ਤੋਂ ਵੀ ਔਖਾ ਜਾਪਿਆ ......

ਫੇਰ ਪਤਾ ਲੱਗਾ – ਇਹ ਸੁਨੇਹਾ ਕਿਸੇ ਤਰ੍ਹਾਂ ਦਾ ਇਸ਼ਾਰਾ ਨਹੀਂ ਸੀ, ਉਹਨਾਂ ਨੇ ਕੋਈ ਨਕਦ ਰੁਪਇਆ ਨਹੀਂ ਸੀ ਚਾਹਿਆ, ਸਿਰਫ਼ ਕੁਝ ਰਿਸ਼ਤੇਦਾਰਾਂ ਦੀ ਤਸੱਲੀ ਲਈ ਇਹ ਗੱਲ ਫੈਲਾਈ ਸੀ। ਮਾਂ ਦੀ ਸਹੇਲੀ ਨੇ ਉਹ ਚੂੜੀਆਂ ਫੇਰ ਹੱਥਾਂ ਵਿੱਚ ਪਾ ਲਈਆਂ ਸਨ। ਪਰ ਉਸ ਔਰਤ ਬਾਰੇ ਮੇਰੇ ਦਿਲ 'ਚ ਹਮੇਸ਼ਾਂ ਲਈ ਸਤਿਕਾਰ ਬਣ ਗਿਆ।

ਮੈਂ ਜਦੋਂ ਪੰਜਾਂ ਕੁ ਵਰ੍ਹਿਆ ਦੀ ਸਾਂ, ਮੇਰੇ ਪਿਤਾ ਜੀ ਨੇ ਮੇਰੇ ਕੋਲੋਂ ਬਾਉਲੀ ਸਾਹਿਬ ਗੁਰਦਵਾਰੇ ਵਿੱਚ ਅਰਦਾਸ ਕਰਵਾਈ ਸੀ। ਭਰੀ ਸੰਗਤ ਵਿੱਚ। ਘਰ ਵਿੱਚ ਉਹ ਅਰਦਾਸ ਦਾ ਹਰਫ਼-ਹਰਫ਼ ਕਈ ਦਿਨ ਚੇਤੇ ਕਰਵਾਂਦੇ ਰਹੇ ਸਨ, ਤੇ ਤਾਕੀਦ ਕੀਤੀ ਸੀ, ਬੱਸ ਹੱਥ ਜੋੜ ਕੇ ਹਜ਼ੂਰੀ ਵਿੱਚ ਖਲੋ ਜਾਣਾ ਹੈ। ਅੱਖਾਂ ਮੀਟ ਲੈਣੀਆਂ ਹਨ। ਚਾਰੇ ਪਾਸੇ ਲੋਕ ਹੋਣਗੇ ਪਰ ਤੂੰ ਕਿਸੇ ਵੱਲ ਵੇਖਣਾ ਨਹੀਂ। ਉਹਨਾਂ ਨੂੰ ਸੋਚਣਾ ਵੀ ਨਹੀਂ ਕਿ ਲੋਕ ਤੈਨੂੰ ਕਿਵੇਂ ਵੇਖ ਰਹੇ ਹਨ। ਸਾਰਾ ਧਿਆਨ ਅਰਦਾਸ ਵਿੱਚ ਰੱਖਣਾ ਹੈ। ਆਪਣੇ ਮੂੰਹ-ਧਿਆਨ ਹੋ ਕੇ ਬੋਲਣਾ ਹੈ। ਇਸ ਤਰ੍ਹਾਂ ਤੈਨੂੰ ਕੋਈ ਹਰਫ਼ ਨਹੀਂ ਭੁੱਲੇਗਾ।

ਜਾਪਦਾ ਹੈ – ਇਹ ਛੋਟੀ ਜਿਹੀ ਗੱਲ ਮੇਰੀਆਂ ਰਗਾਂ ਵਿੱਚ ਉੱਤਰ ਗਈ। ਸਾਰੀ ਜ਼ਿੰਦਗੀ ਧਿਆਨ ਆਪਣੇ ਲਫ਼ਜ਼ਾਂ ਨਾਲ ਜੁੜਿਆ ਰਿਹਾ। ਜਿਸ ਵੇਲੇ, ਜੋ ਲਿਖ ਰਹੀ ਹੁੰਦੀ ਹਾਂ, ਪੂਰੀ ਦੀ ਪੂਰੀ ਉਹਦੇ ਵਿੱਚ ਸਮਾਈ ਹੋਈ ਹੁੰਦੀ ਹਾਂ। ਕਦੇ ਖ਼ਿਆਲ ਨਹੀਂ ਆਇਆ ਕਿ ਲੋਕ ਇਹਨੂੰ ਪੜ੍ਹ ਕੇ ਕੀ ਆਖਣਗੇ।

ਨਿੰਦਾ- ਉਸਤਤ ਕੀ ਹੁੰਦੀ ਹੈ ? ਉਸ ਉਮਰ ਵਿੱਚ ਮੈਂ ਨਹੀ ਸਾਂ ਜਾਣਦੀ। ਪਰ ਮੇਰੇ ਪਿਤਾ ਜਾਣਦੇ ਸਨ। ਪਤਾ ਨਹੀ ਇਹ ਉਹਨਾਂ ਦੀ ਦੂਰ-ਅੰਦੇਸ਼ੀ ਸੀ ਜਾਂ ਕੁਦਰਤ ਦਾ ਕੋਈ ਕਰਮ, ਜਿਸ ਨੇ ਮੇਰੇ ਵਜੂਦ ਵਿੱਚ ਉਹ ਕਣੀ ਪਾ ਦਿੱਤੀ – ਕਿ ਫੇਰ ਨਿੰਦਾ-ਉਸਤਤ ਦੀਆਂ ਵੱਡੀਆਂ ਵਾਰਦਾਤਾਂ ਵਿੱਚੋਂ ਗੁਜ਼ਰਨ ਵੇਲੇ ਵੀ ਮਨ ਥਾਂਵੇਂ ਪਾਉਂਦੀ ਰਹੀ। ਜੇ ਕਦੇ ਡੋਲਿਆ ਵੀ ਤਾਂ ਅਗਲੇ ਪਲ ਥਾਂਵੇਂ ਹੋ ਗਿਆ।

ਮੈਂ ਆਪਣੇ ਪਿਤਾ ਨੂੰ ਦਾਰਜੀ ਬੁਲਾਂਦੀ ਸਾਂ। ਨਿੱਕੀ ਹੁੰਦੀ ਤੋਂ ਵੇਖ ਰਹੀ ਸਾਂ ਕਿ ਉਹ ਕਿਤਾਬਾਂ ਵਿੱਚ ਸੌਂਦੇ, ਕਿਤਾਬਾਂ ਵਿੱਚ ਜਾਗਦੇ। ਪ੍ਰਾਚੀਨ ਖਰੜਿਆਂ ਨੂੰ ਨਿੱਕੀਆਂ-ਨਿੱਕੀਆਂ ਚੌਕੀਆਂ 'ਤੇ ਵਿਛਾ ਕੇ-ਕੋਈ ਅਧਿਐਨ ਕਰਦੇ ਰਹਿੰਦੇ। ਸਿੱਖ ਇਤਿਹਾਸ ਦੀਆਂ ਲੋਕ-ਕੁਰਬਾਨੀਆਂ ਦੀ ਗੱਲ ਕਰਦੇ ਤਾਂ ਉਹਨਾਂ ਦੀ ਅਵਾਜ਼ ਭਰ ਆਉਂਦੀ। ਇਸੇ ਆਪਣੇ ਡੂੰਘੇ ਪਿਆਰ ਵਿੱਚ ਉਹਨਾਂ ਨੇ ਸਿੱਖ ਇਤਿਹਾਸ ਦੀਆਂ ਕਈ ਵਾਰਦਾਤਾਂ ਦੇ ਸਲਾਈਡਜ਼ ਬਣਵਾਏ।

ਵੀਡੀਓ ਵਰਗੀ ਗੱਲ ਅਜੇ ਕਿਸੇ ਦੇ ਸੁਪਨੇ ਵਿੱਚ ਵੀ ਨਹੀਂ ਸੀ। ਉਹਨਾਂ ਨੇ ਆਪਣੀ ਪੁੱਜਤ ਤੋਂ ਵਧ ਕੇ ਖ਼ਰਚ ਕੀਤਾ। ਉਹ ਸਲਾਈਡਜ਼ ਵਿਖਾਣ ਵਾਲੀ ਮਸ਼ੀਨ ਖ਼ਰੀਦੀ ਜਿਹਦੇ ਸਾਮ੍ਹਣੇ ਕਿਸੇ ਵੱਡੀ ਕੰਧ ਉੱਤੇ ਸਕਰੀਨ ਲਾ ਕੇ ਉਹਨਾ ਨੂੰ ਵਿਖਾਣਾ ਹੁੰਦਾ ਸੀ।

ਉਹ ਖ਼ਾਮੋਸ਼ ਫ਼ਿਲਮਾਂ ਦਾ ਜ਼ਮਾਨਾ ਸੀ ਉਹ ਨਾਲ-ਨਾਲ ਸਲਾਈਡ ਦੀ ਤਸਵੀਰ ਸਕਰੀਨ 'ਤੇ ਵਿਖਾਂਦੇ ਤੇ ਨਾਲ-ਨਾਲ ਬੋਲਦੇ, ਇਤਿਹਾਸ ਦੀ ਵਾਰਦਾਤ ਸੁਣਾਂਦੇ।

ਉਹ ਸਭ ਕੁਝ ਸਿੱਖ ਇਤਿਹਾਸ ਬਾਰੇ ਸੀ ਇਸ ਲਈ ਉਹਨੂੰ ਲੋਕਾਂ ਤੱਕ ਪੁਚਾਣ ਲਈ—ਕਿਸੇ ਨਾ ਕਿਸੇ ਗੁਰਦਵਾਰੇ ਦੀ ਦਿਵਾਰ ਚਾਹੀਦੀ ਹੁੰਦੀ ਸੀ। ਇੱਕ ਵਾਰ ਸ਼ਾਇਦ ਮੁਜੰਗ ਦੇ ਜਾਂ ਕਿਸੇ ਹੋਰ ਥਾਂ ਦੇ ਗੁਰਦਵਾਰੇ ਵਿੱਚ ਉਹਨਾਂ ਨੇ ਰਾਤ ਵੇਲੇ ਇਹ ਇਤਿਹਾਸ ਲੋਕਾਂ ਨੂੰ ਸੁਣਾਉਣਾ ਸੀ, ਇਸ ਲਈ ਜਦੋਂ ਕਾਲੇ ਟਰੰਕ ਵਿੱਚ ਸਾਂਭਿਆ ਸਭ ਕੁਝ ਲੈ ਕੇ ਗਏ ਤਾਂ ਮੈਨੂੰ ਵੀ, ਨਿੱਕੀ ਜਿਹੀ ਨੂੰ ਆਪਣੇ ਨਾਲ ਲੈ ਗਏ।

ਗੁਰਦਵਾਰੇ ਦੇ ਬਾਹਰਲੇ ਹਿੱਸੇ ਵਿੱਚ ਇੱਕ ਕੰਧ ਉੱਤੇ ਸਕਰੀਨ ਲਾਈ ਗਈ—ਜਿਹਦੇ ਸਾਮ੍ਹਣੇ ਬਹੁਤ ਸਾਰੇ ਲੋਕ ਦਰੀਆਂ 'ਤੇ ਬਹਿ ਕੇ ਇਹ ਅਚੰਭਾ ਵੇਖ ਰਹੇ ਸਨ। ਦਾਰ ਜੀ ਦੀ ਅਵਾਜ਼ ਦੂਰ ਕਿਤੇ ਇਤਿਹਾਸ ਦੇ ਦਰਦ ਵਿੱਚ ਉੱਤਰੀ ਹੋਈ ਸੀ ਜਦੋਂ ਅਚਾਨਕ ਪਿੱਛੇ ਬੈਠੇ ਕੁਝ ਲੋਕਾਂ ਦੀ ਅਵਾਜ਼ ਹਵਾ ਨੂੰ ਚੀਰ ਗਈ, 'ਬੰਦ ਕਰੋ, ਇਹ ਸਿਨੇਮਾ।'

ਲੋਕ ਘਬਰਾ ਗਏ ਸਨ ਪਰ ਕੋਈ ਕੁਝ ਨਹੀਂ ਸੀ ਕਹਿ ਰਿਹਾ ਕਿ ਦਾਰ ਜੀ ਨੇ ਆਪਣੇ ਸੰਗ ਲਏ ਹੋਏ ਬੰਦੇ ਨੂੰ ਛੇਤੀ ਨਾਲ ਸਭ ਕੁਝ ਸਮੇਟ ਕੇ ਟਰੰਕ ਵਿੱਚ ਪਾ ਕੇ ਲੈ ਆਉਣ ਲਈ ਆਖਿਆ ਤੇ ਛੇਤੀ ਨਾਲ ਮੇਰੀ ਬਾਂਹ ਫੜ ਕੇ ਮੈਨੂੰ ਉਸ ਭੀੜ ਵਿੱਚੋਂ ਕੱਢ ਕੇ ਬਾਹਰ ਆ ਗਏ। ਇਹ ਹਾਦਸਾ ਸੀ ਜਿਹਦੇ ਪਿੱਛੋਂ ਉਹਨਾਂ ਨੇ ਕਦੇ ਉਹ ਕਾਲਾ ਟਰੰਕ ਨਹੀਂ ਖੋਲ੍ਹਿਆ। ਉਦਾਸ ਜਿਹੇ ਬੈਠੇ ਰਹਿੰਦੇ। ਕਦੇ ਸਿਰਫ਼ ਏਨਾ ਕਹਿ ਛੱਡਦੇ—ਮੂਰਖਾਂ ਨਾਲ ਬਹਿਸ ਨਹੀਂ ਹੋ ਸਕਦੀ..। ਤੇ ਉਹ ਬਰਛੇ ਮੇਰੇ ਚੇਤੇ ਵਿੱਚ ਲਿਸ਼ਕਦੇ ਰਹੇ .......

1947 ਦਾ ਵੇਲਾ ਆਇਆ, ਆਪਣੇ ਦੇਸ ਦੀ ਧਰਤੀ ਨੂੰ ਚੀਰ ਦੇਣ ਵਾਲਾ, ਪਰ ਉਸ ਵੇਲੇ ਤੱਕ ਦਾਰਜੀ ਨਹੀਂ ਸਨ ਰਹੇ। ਉਹ 1946 ਵਿੱਚ ਇਸ ਦੁਨੀਆ ਤੋਂ ਚਲੇ ਗਏ ਸਨ.... ਤੇ ਮੈਂ ਇਕੱਲੀ 'ਮੈਂ ਤੱਤੀ ਧੀ ਪੰਜਾਬ ਦੀ' ਵਰਗੀਆਂ ਕਈ ਨਜ਼ਮਾਂ ਲਿਖਦੀ ਰਹੀ। ਘਰੋਂ-ਬੇਘਰ ਹੋ ਕੇ ਆਪਣੇ ਵਤਨ ਵਿੱਚ ਜਲਾਵਤਨ ਹੋ ਕੇ....

ਫੇਰ 1984 ਦਾ ਸਮਾਂ ਆਇਆ। ਦਿੱਲੀ ਦੀ ਤੇ ਕਈ ਸ਼ਹਿਰਾਂ ਦੀ ਮਿੱਟੀ ਲਹੂ ਵਿੱਚ ਭਿੱਜ ਗਈ। ਉਸ ਸਮੇਂ ਮੇਰੇ ਕੋਲ ਸਿਰਫ਼ ਕਲਮ ਸੀ। ਉਹੀ ਤੜਪ ਕੇ 'ਵਾਵਾਂ ਨੂੰ ਕਹਿੰਦੀ ਰਹੀ :

ਚਾਨਣ ਰੋਜ਼ ਚੁਗਲੀਆਂ ਖਾਂਦਾ
ਤੇ ਹਨੇਰਾ ਘਰਾਂ ਦੀ ਕੁੰਡੀ ਖੋਲ੍ਹ ਦੇਂਦਾ
ਰੋਜ਼ ਨੀਂਦਰ ਦੀ ਛੱਤ ਚੋਂਦੀ
ਬਾਹਰ ਚੀਕਾਂ ਦਾ ਮੀਂਹ ਵੱਸਦਾ
ਤਾਂ ਉਹਨਾਂ ਦੇ ਲੇਫ਼ ਭਿੱਜ ਜਾਂਦੇ
ਉਹ ਹਾਂਡੀ ਵਿੱਚ ਦਾਲ ਨਹੀਂ
ਖ਼ੌਫ਼ ਰਿੰਨ੍ਹਦੇ —
ਤੇ ਬੱਕਲ ਸਲੂਣੇ ਲਈ
ਵਿਸ਼ਵਾਸ ਦਾ ਮਾਸਾ ਕੁ ਲੂਣ
ਕਿਸੇ ਹੱਟੀ ਤੋਂ ਨਹੀਂ ਮਿਲ਼ਦਾ ....
ਦੋਸਤੋ, ਦੁਆ ਮੰਗੋ।

ਕਿ ਕੁਹਾੜੀਆਂ ਦਾ ਮੌਸਮ ਬਦਲ ਜਾਏ
ਰੁੱਖਾਂ ਦੀ ਉਮਰ ਰੁੱਖਾਂ ਨੂੰ ਨਸੀਬ ਹੋਵੇ
ਤੇ ਟਾਹਣੀਆਂ ਦੇ ਵਿਹੜੇ
ਹਰੇ ਪੱਤਿਆਂ ਨੂੰ ਜਵਾਨੀ ਦੀ ਦੁਆ ਲੱਗੇ ....

**ਔਖੇ ਸ਼ਬਦ :** **ਤਾਰੀਫ਼**-ਸਿਫ਼ਤ, ਪ੍ਰਸੰਸਾ। **ਨਿਗਾਹਬਾਨ**-ਰਾਖਾ, ਨਿਗਰਾਨੀ, ਪਹਿਰੇਦਾਰ, ਮਾਰਗ- ਦਰਸਕ। **ਤੌਹੀਨ**-ਬੇਇੱਜ਼ਤੀ, ਨਿਰਾਦਰ। **ਤਾਕੀਦ**-ਵਾਰ-ਵਾਰ ਦ੍ਰਿੜ੍ਹ ਕਰਵਾਉਣਾ, ਚੇਤੇ ਕਰਵਾਉਣਾ, ਪੱਕਾ ਕਰਨਾ। **ਅਚੰਭਾ**-ਹੈਰਾਨੀ।

## ਅਭਿਆਸ

**(ੳ) ਵਸਤੂਨਿਸ਼ਠ ਪ੍ਰਸ਼ਨ :-**

1. 'ਆਪ-ਬੀਤੀਆਂ' ਪੁਸਤਕ ਵਿੱਚ ਦਰਜ 'ਮੈਂ ਤੇ ਮੇਰੇ ਦਾਰ ਜੀ' ਸ੍ਵੈਜੀਵਨੀ-ਅੰਸ਼ ਦੇ ਲੇਖਕ ਦਾ ਨਾਂ ਦੱਸੋ।
2. ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਕਿਤਾਬ ਕਦੋਂ ਛਪੀ ਸੀ ?
3. ਲੇਖਕਾ ਨੂੰ 200 ਰੁਪਏ ਇਨਾਮ ਕਿਸ ਨੇ ਭੇਜਿਆ ਸੀ ?
4. ਅੰਮ੍ਰਿਤਾ ਪ੍ਰੀਤਮ ਨੂੰ ਮਹਾਰਾਣੀ ਨਾਭਾ ਨੇ ਤਾਰੀਫ਼ ਵਜੋਂ -
   (ੳ) ਸੂਟ ਭੇਜਿਆ ਸੀ (ਅ) ਸਾੜ੍ਹੀ ਭੇਜੀ ਸੀ
   (ੲ) ਸ਼ਾਲ ਭੇਜਿਆ ਸੀ (ਸ) ਸੋਨੇ ਦਾ ਹਾਰ ਭੇਜਿਆ ਸੀ
5. 'ਪ੍ਰੀਤਮ ਕੌਰ' ਅੰਮ੍ਰਿਤਾ ਪ੍ਰੀਤਮ ਦੀ ..................
   (ੳ) ਭੂਆ ਸੀ (ਅ) ਚਾਚੀ ਸੀ (ੲ) ਮਾਮੀ ਸੀ (ਸ) ਮਾਂ ਦੀ ਸਹੇਲੀ ਸੀ
6. ਅੰਮ੍ਰਿਤਾ ਪ੍ਰੀਤਮ ਦਾ ਵਿਆਹ 1936 ਈ. ਵਿੱਚ ਹੋਇਆ। (ਸਹੀ/ਗਲਤ)
7. ਅੰਮ੍ਰਿਤਾ ਪ੍ਰੀਤਮ ਦੇ ਸਹੁਰਿਆਂ ਨੇ ਦਾਜ ਵਿੱਚ ਕਾਰ ਮੰਗੀ ਸੀ। (ਸਹੀ/ਗਲਤ)

**(ਖ਼ਾਲੀ ਸਥਾਨ ਭਰੋ) :-**

8. ਮੇਰੇ ਪਿਤਾ ਜੀ ਦੀ ਥਾ ਮੇਰਾ ਆਪਣਾ ਮੱਥਾ ______________ ਬਣ ਗਿਆ।
9. ਸਿੱਖ ਇਤਿਹਾਸ ਲੋਕਾਂ ਤੱਕ ਪਹੁੰਚਾਉਣ ਲਈ ਲੇਖਕਾ ਦੇ ਪਿਤਾ ਜੀ ਨੇ ______________ ਬਣਵਾਏ।

**(ਅ) ਦੱਸੋ :-**

1. ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦੇ ਮੱਥੇ 'ਤੇ ਤਿਊੜੀ ਕਿਉਂ ਪੈ ਗਈ ਸੀ ?
2. ਆਪਣੇ ਵਿਆਹ ਵਾਲੀ ਰਾਤ ਨੂੰ ਲੇਖਕਾ ਉਦਾਸ ਕਿਉਂ ਸੀ ?
3. ਪ੍ਰੀਤਮ ਕੌਰ ਨੇ ਲੇਖਕਾ ਦੇ ਪਿਤਾ ਅੱਗੇ ਆਪਣੀਆਂ ਸੋਨੇ ਦੀਆਂ ਚੂੜੀਆਂ ਲਾਹ ਕੇ ਕਿਉਂ ਰੱਖ ਦਿੱਤੀਆਂ ਸਨ ?
4. ਬਾਉਲੀ ਸਾਹਿਬ ਗੁਰਦਵਾਰੇ ਵਿੱਚ ਲੇਖਕਾ ਤੋਂ ਅਰਦਾਸ ਕਰਵਾਉਣ ਤੋਂ ਪਹਿਲਾਂ ਲੇਖਕਾ ਦੇ ਪਿਤਾ ਜੀ ਨੇ ਕੀ ਤਾਕੀਦ ਕੀਤੀ ?
5. ਲੇਖਕਾ ਦੇ ਪਿਤਾ ਜੀ ਦੁਆਰਾ ਸਿੱਖ-ਇਤਿਹਾਸ ਬਾਰੇ ਸਲਾਈਡਜ਼ ਵਿਖਾਉਣ ਦੀ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

❋❋❋❋❋

9

# ਪ੍ਰਭਜੋਤ ਕੌਰ

(1924 - 2016)

| | | |
|---|---|---|
| ਪਿਤਾ | : | ਸ. ਨਿਧਾਨ ਸਿੰਘ 'ਸੌਂਚਰ' |
| ਮਾਤਾ | : | ਸ੍ਰੀਮਤੀ ਰਜਿੰਦਰ ਕੌਰ |
| ਜਨਮ-ਸਥਾਨ | : | ਲੰਗੜਿਆਲ, ਜ਼ਿਲ੍ਹਾ ਗੁਜਰਾਤ (ਹੁਣ ਪਾਕਿਸਤਾਨ ਵਿੱਚ) |
| ਵਿੱਦਿਆ | : | ਐੱਮ. ਏ. |
| ਕਿੱਤਾ | : | ਸਾਹਿਤ—ਸਿਰਜਣਾ/ਰਚਨਾ |
| ਮੁੱਖ ਰਚਨਾਵਾਂ | : | ਕਾਵਿ-ਸੰਗ੍ਰਹਿ : ਲਟ ਲਟ ਜੋਤ ਜਗੇ, ਪਲਕਾਂ ਓਹਲੇ, ਕੁੱਝ ਹੋਰ, ਅਜ਼ਲ ਤੋਂ, ਕਾਫਲੇ, ਸੁਪਨੇ ਸੱਧਰਾਂ,ਦੋ ਰੰਗ, ਪੰਖੇਰੂ, ਸ਼ਾਹਰਾਹ, ਬਣ ਕਪਾਸੀ, ਪੱਬੀ, ਖਾੜੀ, ਵੱਡਦਰਸੀ ਸ਼ੀਸ਼ਾ, ਮਧਿਆਂਤਰ, ਚੰਦਰਯੁੱਗ, ਇਸ਼ਕ ਸ਼ਰ੍ਹਾ ਕੀ ਨਾਤਾ, ਪਾਰਦਰਸ਼ੀ, ਕੁੰਠਿਤ, ਚਰਮਸੀਮਾ, ਮੈਂ ਤੈਨੂੰ ਮੁਖ਼ਾਤਬ ਹਾਂ-ਇੱਕ ਖ਼ਲਸ, ਕਿੰਝ ਕੋਈ ਦੇਵੇ ਭੁਲਾ, ਨੈਣ ਮੇਰੇ ਭਾਲਦੇ ਸਨ ਫਿਰ ਫ਼ਜਰ , ਅੱਡੀ-ਟੱਪਾ, ਕੁਠਾਲੀ, ਤਰਲ ਦੀਖ਼, ਭਿਜਓ ਸਿਜਓ ਕੰਬਲੀ, ਮਾਨਸ ਮਨ ਦਾ ਗਗਨ ਮੋਕਲਾ |
| ਕਹਾਣੀ-ਸੰਗ੍ਰਹਿ | : | ਕਿਣਕੇ, ਅਮਨ ਦੇ ਨਾਂ, ਜ਼ਿੰਦਗੀ ਦੇ ਕੁਝ ਪਲ |
| ਵਾਰਤਕ | : | ਮੇਰੀ ਸਾਹਿਤਿਕ (ਸ੍ਵੈਜੀਵਨੀ), ਕਾਵਿ-ਕਲਾ ਤੇ ਮੇਰਾ ਅਨੁਭਵ, ਜੀਣਾ ਵੀ ਇੱਕ ਅਦਾ ਹੈ—ਸ੍ਵੈਜੀਵਨੀ (ਭਾਗ ਪਹਿਲਾ) ਅਤੇ ਸ੍ਵੈਜੀਵਨੀ (ਭਾਗ ਦੂਜਾ) |
| ਬਾਲ-ਸਾਹਿਤ | : | ਇੱਕ ਵਾਰ ਦੀ ਗੱਲ ਸੁਣਾਵਾਂ, ਖ਼ੁਸਖ਼ਬਰੀ, ਰੋਹਿਨੀ ਦਾ ਵਿਆਹ, ਭੂਟੇ ਮਾਈਆਂ, ਆਲ ਮਾਲ ਹੋਇਆ ਥਾਲ, ਬਾਲ ਗੀਤ, ਅਮਨ ਦਾ ਪੈਗੰਬਰ, ਸਾਡੇ ਤਿਉਹਾਰ |

ਪ੍ਰਭਜੋਤ ਕੌਰ ਦੀ ਪੁਸਤਕ 'ਪੱਬੀ' ਨੂੰ 1963 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਅਤੇ 1984 ਵਿੱਚ ਭਾਸ਼ਾ—ਵਿਭਾਗ, ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ ਗਿਆ। 1964 ਵਿੱਚ ਪੰਜਾਬ ਸਰਕਾਰ ਵੱਲੋਂ ਰਾਜ-ਕਵੀ ਬਣਾਇਆ ਗਿਆ। 1967 ਵਿੱਚ ਭਾਰਤ ਸਰਕਾਰ ਵੱਲੋਂ 'ਪਦਮ-ਸ਼੍ਰੀ' ਨਾਲ ਨਿਵਾਜਿਆ ਗਿਆ।

ਹਥਲੀ ਪਾਠ-ਪੁਸਤਕ ਲਈ ਸ੍ਵੈਜੀਵਨੀ-ਅੰਸ਼ 'ਮੇਰਾ ਨਾਮਕਰਨ' ਉਹਨਾਂ ਦੀ ਸ੍ਵੈਜੀਵਨੀ 'ਜੀਣਾ ਵੀ ਇੱਕ ਅਦਾ ਹੈ' (ਭਾਗ-ਪਹਿਲਾ) ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਲੇਖਕਾ ਨੇ ਆਪਣੇ ਬਚਪਨ ਨਾਲ ਸੰਬੰਧਿਤ ਘਟਨਾਵਾਂ ਅਤੇ ਯਾਦਾਂ ਦਾ ਅਤੇ ਲਿਖਣ-ਪ੍ਰਕਿਰਿਆ ਦਾ ਵਰਨਣ ਕੀਤਾ ਹੈ। ਅੰਗਰੇਜ਼ਾਂ ਦੀ ਗੁਲਾਮੀ, ਦੁਰਵਿਹਾਰ, ਭਗਤ ਸਿੰਘ ਦੀ ਸ਼ਹੀਦੀ ਦੇ ਲੇਖਕਾ ਦੇ ਬਾਲ-ਮਨ 'ਤੇ ਪਏ ਪ੍ਰਭਾਵਾਂ ਨੂੰ ਸੰਵੇਦਨਸ਼ੀਲ ਹੋ ਕੇ ਬਿਆਨਿਆ ਹੈ। ਉਸ ਦੀ ਲਿਖਤ ਵਿੱਚ ਉਸ ਸਮੇਂ ਦੇ ਸਮਾਜ ਦਾ ਚਿੱਤਰ ਝਲਕਦਾ ਹੈ।

# ਮੇਰਾ ਨਾਮਕਰਨ

ਗੁਜਰਾਤ ਜ਼ਿਲ੍ਹੇ ਦੇ ਪਿੰਡ ਲੰਗੜਿਆਲ (ਹੁਣ ਪਾਕਿਸਤਾਨ ਵਿੱਚ) ਵਿੱਚ ਜੁਲਾਈ, ਉੱਨੀ ਸੌ ਚੌਵੀ ਨੂੰ ਮੇਰਾ ਜਨਮ ਹੋਇਆ।

ਤੀਜੀ ਧੀ :

......ਪਿੰਡ ਦੀਆਂ ਜ਼ਨਾਨੀਆਂ ਨੇ, ਚਾਚੀਆਂ, ਤਾਈਆਂ ਤੇ ਗੁਆਂਢਣਾਂ ਨੇ ਹਾਏ-ਹਾਏ ਕਰਨਾ ਸ਼ੁਰੂ ਕਰ ਦਿੱਤਾ। ਗਿਣਤੀ ਵੱਲੋਂ ਭਾਵੇਂ ਮੈਂ ਦੂਜੀ ਹੀ ਸਾਂ। ਸਭ ਤੋਂ ਵੱਡੀ ਤੇ ਮੇਰੇ ਵਿਚਕਾਰਲੀ ਮੋਤੀਆ ਮਰ ਗਈ ਸੀ। ........ ਮੈਂ ਤਾਂ ਉਸ ਸਮੇਂ ਮਾਂ ਦੀ ਕੁੱਖ ਵਿੱਚ ਸਾਂ। ਇਹ ਸਭ ਸੁਣੀਆਂ- ਸੁਣਾਈਆਂ ਹਨ ਪਰ ਸੱਚੋ-ਸੱਚ। .....ਜਦੋਂ ਮੇਰੀ ਮਾਂ ਨੇ ਸਭ ਪਾਸਿਓਂ ਹਾਏ-ਹਾਏ ਸੁਣੀ ਤਾਂ ਉਹ ਮੇਰੇ ਵੱਲ ਪਿੱਠ ਕਰ ਕੇ ਲੇਟ ਗਈ। ਉਹ ਰੋ ਰਹੀ ਸੀ। ਭਾਈਆ ਜੀ (ਮੇਰੇ ਦਾਦਾ ਜੀ) ਨੂੰ ਪਤਾ ਲੱਗਾ ਤਾਂ ਗਰਜੇ, "ਸਿਰਮੁੰਨੀਆਂ, ਨਿਕਲ਼ ਜਾਓ, ਮੇਰੇ ਘਰੋਂ। ਕੁੜੀ ਦੇ ਮੱਥੇ' ਤੇ ਸੱਤ ਭਾਗ ਹੁੰਦੇ ਹਨ। ਹਾਏ-ਹਾਏ ਕਰ ਕੇ ਮੇਟ ਦਿੰਦੀਆਂ ਹੋ।" ਤੇ ਮੇਰੀ ਦਾਦੀ ਨੂੰ ਹੁਕਮ ਦਿੱਤਾ ਕਿ ਮਿਸ਼ਰੀ ਦਾ ਕੜਾਹ ਕਰਕੇ ਸਾਰੇ ਪਿੰਡ ਵਿੱਚ ਵੰਡਿਆ ਜਾਵੇ।

ਮੇਰੇ ਜਨਮ ਸਮੇਂ ਮੇਰੇ ਪਿਤਾ ਜੀ ਉੱਤਰ-ਪੱਛਮੀ ਸੂਬੇ ਦੇ ਟਾਕ ਸ਼ਹਿਰ ਵਿੱਚ ਰਹਿੰਦੇ ਸਨ। ਉਸ ਸਮੇਂ ਉਹ ਮਿਲਟਰੀ ਫ਼ਾਰਮਜ਼ ਦੇ ਖ਼ਜ਼ਾਨਚੀ ਸਨ। ਮੇਰੇ ਜਨਮ ਤੋਂ ਪੰਦਰਾਂ ਦਿਨ ਪਿੱਛੋਂ ਉਹ ਆਏ। ....ਉਹਨਾਂ ਨੇ ਆਉਂਦਿਆਂ ਹੀ ਮੇਰਾ ਨਾਂ ਵੀ 'ਮੋਤੀਆ' ਰੱਖ ਦਿੱਤਾ। ਇੱਕ ਮੋਤੀ ਗਈ, ਇੱਕ ਆਈ।

ਮਾਤਾ-ਪਿਤਾ ਨੇ ਤਾਂ ਮੇਰਾ ਨਾਂ ਮੋਤੀਆ ਰੱਖਿਆ, ਭਿੰਨੀ-ਭਿੰਨੀ ਖ਼ੁਸ਼ਬੋ ਵਾਲ਼ਾ, ਸੁੱਚਾ ਮੋਤੀਆ ਜਿਸ ਵਿੱਚ ਪੱਤੀਆਂ ਦੀਆਂ ਕਈ ਪਰਤਾਂ ਹੁੰਦੀਆਂ ਹਨ। ਸ਼ਾਇਦ ਉਹ ਚਾਹੁੰਦੇ ਸਨ ਕਿ ਮੇਰੀ ਖ਼ੁਸ਼ਬੋ ਵੀ ਮੋਤੀਏ ਵਾਂਗ ਭਿੰਨੀ-ਭਿੰਨੀ ਹੋਵੇ।

ਪਰ ਮੈਂ ਸਾਂ ਕਿ ਮੰਨਦੀ ਹੀ ਨਹੀਂ ਸਾਂ। ਇਹ ਨਾਂ ਮੈਨੂੰ ਚੰਗਾ ਨਹੀਂ ਸੀ ਲੱਗਦਾ। ਇਸ ਭਾਵਨਾ ਦਾ ਇਜ਼ਹਾਰ ਮੈਂ ਰੋਜ਼ ਕਰ ਦੇਂਦੀ ਸਾਂ ਕਿ ਮੈਂ ਕੋਈ ਫੁੱਲ ਨਹੀਂ ਜੋ ਇੱਕ ਜਾਂ ਦੋ ਦਿਨਾਂ ਤੋਂ ਵੱਧ ਨਹੀਂ ਜੀਅ ਸਕਦਾ। ਮੋਤੀਆ ਤਾਂ ਖ਼ਾਸ ਕਰ ਕੇ ਇੱਕੋ ਰਾਤ ਦਾ ਸ਼ਿੰਗਾਰ ਹੁੰਦਾ ਹੈ। ਇਸ ਗੱਲ ਦਾ ਮੈਨੂੰ ਉਦੋਂ ਵੀ ਅਹਿਸਾਸ ਸੀ।

ਮੈਂ ਤਾਂ ਚਿਰੰਜੀਵੀ ਹੋਣਾ ਲੋਚਦੀ ਸਾਂ। ਸ਼ਾਇਦ ਮਰਨ ਪਿੱਛੋਂ ਵੀ ਜਿਊਂਦੇ ਰਹਿਣ ਦੀ ਇੱਛਾ ਮੈਨੂੰ ਉਦੋਂ ਹੀ ਸੀ।

ਅਸੀਂ ਲਾਹੌਰ ਆ ਗਏ ਸਾਂ ਤੇ ਮੇਰਾ ਸਕੂਲ ਜਾਣ ਦਾ ਸਮਾਂ ਆ ਗਿਆ ਸੀ। ਖ਼ਾਲਸਾ ਗਰਲਜ਼ ਸਕੂਲ ਵਿੱਚ ਮੈਨੂੰ ਦਾਖ਼ਲ ਕਰਾਉਣ ਦਾ ਫ਼ੈਸਲਾ ਹੋਇਆ ਸੀ ਕਿ ਮੈਂ ਭੁੱਖ- ਹੜਤਾਲ ਕਰ ਦਿੱਤੀ। ਇਸ ਨਾਂ ਨਾਲ ਮੈਂ ਸਕੂਲ ਨਹੀਂ ਜਾਣਾ। ਮੈਨੂੰ ਮੇਰਾ ਨਾਂ ਚਾਹੀਦਾ ਹੈ। ਮੇਰਾ ਆਪਣਾ ਨਾਂ। ਕੁਝ ਵੱਖਰਾ ਜਿਹਾ। ਕੁਝ ਨਿਰਾਲਾ ਜਿਹਾ ਜਿਸ ਦੀ ਆਪਣੀ ਹੀ ਪਛਾਣ ਹੋਵੇ।

ਅੰਤ ਮਾਪਿਆਂ ਨੂੰ ਮੇਰੀ ਜ਼ਿਦ ਅੱਗੇ ਝੁਕਣਾ ਪਿਆ। ਅਖੰਡ-ਪਾਠ ਰੱਖਿਆ ਗਿਆ। ਵਾਕ ਲਿਆ ਗਿਆ। 'ਪ' ਅੱਖਰ ਨਿਕਲ਼ਿਆ। ਸੰਗਤ ਵਿੱਚੋਂ ਕਈ ਨਾਂ ਉਛਾਲ਼ੇ ਗਏ ਪਰ ਮੈਂ ਸਿਰ ਮਾਰਦੀ ਰਹੀ, 'ਨਹੀਂ, ਨਹੀਂ।'

ਇੱਕ ਸਨ ਮੇਰੇ ਪਿਤਾ ਦੇ ਦੋਸਤ ਸੰਤ ਸਿੰਘ। ਉਹਨਾਂ ਨੇ ਕਿਹਾ "ਮੋਤੀਆ। ਪ੍ਰਭਜੀਤ ਠੀਕ ਰਹੇਗਾ ?" ਮੈਂ ਉਸ ਵਿੱਚ ਜ਼ਰਾ ਕੁ ਫ਼ਰਕ ਪਾ ਕੇ ਕਿਹਾ, "ਹਾਂ, ਪ੍ਰਭਜੋਤ ਕੌਰ।"

ਤੇ ਮੈਂ ਆਪਣਾ ਨਾਂ ਆਪ ਰੱਖ ਲਿਆ। ਤੇ ਸਕੂਲ ਦਾਖ਼ਲ ਹੋ ਗਈ। ਜ਼ਿਹਨ ਤੇਜ਼ ਸੀ। ਪੜ੍ਹਾਈ-ਲਿਖਾਈ ਪੰਜਾਬੀ ਵਿੱਚ ਸੀ। ਸਿੱਖਦਿਆਂ ਕੋਈ ਦੇਰ ਨਾ ਲੱਗੀ। ਜੋ ਭੈਣ ਜੀ ਨੇ ਕੱਲ੍ਹ ਪੜ੍ਹਾਉਣਾ ਹੁੰਦਾ, ਉਹ ਮੈਂ ਅੱਜ ਹੀ ਪੜ੍ਹ ਲੈਂਦੀ। ਇਵੇਂ ਸਾਰੀ ਜਮਾਤ ਕੋਲੋਂ ਅੱਗੇ ਰਹਿੰਦੀ।

ਸਾਰੇ ਖ਼ੁਸ਼, ਘਰ ਵਾਲ਼ੇ ਵੀ ਤੇ ਸਕੂਲ ਵਾਲ਼ੇ ਵੀ।

ਉਹਨਾ ਦਿਨਾ ਵਿੱਚ ਗੁਰਪੁਰਬ ਬੜੀ ਸ਼ਾਨ-ਸ਼ੌਕਤ ਨਾਲ਼ ਮਨਾਏ ਜਾਂਦੇ ਸਨ। ਜਲੂਸ ਨਿਕਲਦੇ ਸਨ। ਕਵੀ-ਦਰਬਾਰ ਹੁੰਦੇ ਸਨ। ਸ਼ਬਦ- ਕੀਰਤਨ ਹੁੰਦਾ ਸੀ। ਢੱਡ- ਸਾਰੰਗੀ ਵਾਲ਼ੇ ਘੰਟਿਆਂਬੱਧੀ ਗਾਉਂਦੇ ਤੇ ਵਿਖਿਆਨ ਕਰਦੇ ਰਹਿੰਦੇ ਸਨ। ਇੱਕ ਇਕੱਠ ਵਿੱਚ ਅਸੀਂ ਦੋ ਨਿੱਕੇ-ਨਿੱਕੇ ਬੱਚੇ ਸ਼ਾਮਲ ਸਾਂ। ਮੈਂ ਇੱਕ ਨਿੱਕੀ ਜਿਹੀ ਕਵਿਤਾ ਪੜ੍ਹੀ। ਉਸ ਦਿਨ ਦੇ 'ਬੋਲੇ ਸੋ ਨਿਹਾਲ—ਸਤਿ ਸ੍ਰੀ ਅਕਾਲ' ਦੇ ਨਾਹਰਿਆਂ ਦੀ ਅਵਾਜ਼ ਅਜੇ ਵੀ ਮੇਰੇ ਕੰਨਾਂ ਵਿੱਚ ਗੂੰਜਦੀ ਹੈ। ਦੂਜਾ ਸੀ ਮੇਰੇ ਤੋਂ ਦੋ-ਚਾਰ ਸਾਲ ਵੱਡਾ ਮੁੰਡਾ, ਜਿਸ ਨੇ ਆਪਣੇ ਸਿਰ ਨੂੰ ਰੁਮਾਲ ਨਾਲ਼ ਕੱਜਿਆ ਹੋਇਆ ਸੀ। ਉਸ ਨੇ ਇੱਕ ਭਜਨ ਰੂਪੀ ਸ਼ਬਦ ਗਾਇਆ। ਸ਼ਾਇਦ ਕਬੀਰ ਦੀ ਬਾਣੀ ਸੀ। ਬੜੀ ਚੰਗੀ ਧੁਨ ਤੇ ਸੁਰੀਲੀ ਅਵਾਜ਼। ਇਹ ਸੀ, ਓ. ਪੀ. ਨਈਅਰ, ਜੋ ਫ਼ਿਲਮਾਂ ਵਿੱਚ ਮਿਊਜ਼ਿਕ-ਡਾਇਰੈਕਟਰ ਦੇ ਤੌਰ 'ਤੇ ਮਸ਼ਹੂਰ ਹੋਇਆ। ਉਸ ਨੂੰ ਵੀ ਉਸ ਦਿਨ ਬੜੀ ਵਾਹ-ਵਾਹ ਮਿਲ਼ੀ ਸੀ।

ਮੈਂ ਕੱਚੀ-ਪੱਕੀ ਪਹਿਲੀ-ਦੂਜੀ ਜਮਾਤ ਦੀਆਂ ਪੌੜੀਆਂ ਚੜ੍ਹ ਲਈਆਂ। ਆਲ਼ੇ-ਦੁਆਲ਼ੇ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਸੀ। ਲਿਖਤ ਵਿੱਚ ਰਸਾਈ ਆ ਗਈ ਸੀ ਤੇ ਮੈਂ ਕਦੀ ਤਖ਼ਤੀ ਉੱਤੇ ਤੇ ਕਦੀ ਸਕੂਲ ਦੀਆਂ ਕਾਪੀਆਂ ਵਿੱਚ ਕੁਝ ਨਾ ਕੁਝ ਲਿਖਦੀ ਰਹਿੰਦੀ।

ਤਖ਼ਤੀ ਤਾਂ ਰੋਜ਼ ਸ਼ਾਮੀ ਪੋਚ ਦੇਂਦੀ ਪਰ ਕਾਪੀ ਵਿੱਚ ਲਿਖੀਆਂ ਅਲ-ਵਲੱਲੀਆਂ ਨੂੰ ਭੈਣ ਜੀ ਪੜ੍ਹਦੇ, ਤਾਂ ਅਸ਼-ਅਸ਼ ਕਰ ਉੱਠਦੇ। ਪੁੱਛਦੇ, "ਤੂੰ ਇਹ ਕਿਵੇਂ ਲਿਖ ਲੈਂਦੀ ਹੈਂ? ਤੈਨੂੰ ਇਹੋ-ਜਿਹੇ ਸਬਦ ਕਿਸ ਨੇ ਸਿਖਾਏ ਹਨ?"

ਮੈਂ ਜੁਆਬ ਦੇਂਦੀ ਕਿ ਮੈਨੂੰ ਕੁਝ ਪਤਾ ਨਹੀਂ, ਮੈਂ ਕਿਵੇਂ ਲਿਖ ਲੈਂਦੀ ਹਾਂ। ਤੇ ਇਹ ਸ਼ਬਦ ਮੈਨੂੰ ਆਪਣੇ-ਆਪ ਸੁੱਝਦੇ ਹਨ। ਕਿਸੇ ਨੇ ਮੈਨੂੰ ਕੁਝ ਨਹੀਂ ਸਿਖਾਇਆ।

ਮੈਨੂੰ ਨਰਮ-ਨਰਮ, ਕੋਮਲ-ਕੋਮਲ ਤੇ ਲਿਸ਼-ਲਿਸ਼ ਕਰਦੇ ਸ਼ਬਦ ਚੰਗੇ ਲੱਗਦੇ ਤੇ ਉਹ ਆਪਣੇ-ਆਪ ਹੀ ਮੇਰੀ ਕਲਮ ਲਿਖ ਲੈਂਦੀ। ਮੈਨੂੰ ਪਤਾ ਵੀ ਨਾ ਲੱਗਦਾ ਕਿ ਉਹਨਾਂ ਵਿੱਚ ਕੋਈ ਸੰਗੀਤ ਜਾਂ ਸੁਰ ਵੀ ਹੈ ਸੀ ਕਿ ਉਹਨਾਂ ਵਿੱਚ ਇੱਕ ਤਾਲ ਤੇ ਲੈਅ ਸੀ। ਉਹ ਮੇਰੀਆਂ ਅੱਖਾਂ ਸਾਮ੍ਹਣੇ ਤਿਲਕਦੇ, ਨੱਚਦੇ ਤੇ ਆਪਣਾ ਨਿਸ਼ਚਿਤ ਰੂਪ ਧਾਰਨ ਕਰ ਲੈਂਦੇ। ਫਿਰ ਮੈਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਕਿ ਦੱਸ ਹੁਣ ਤੂੰ ਕੀ ਕਰੇਂਗੀ? ਅਸੀਂ ਤਾਂ ਹੋਂਦ ਵਿੱਚ ਆ ਗਏ ਹਾਂ। ਮੈਂ ਉਹਨਾਂ ਵੱਲ ਅੱਧ-ਖੁੱਲ੍ਹੀਆਂ ਅੱਖਾਂ ਨਾਲ਼ ਦੇਖਦੀ ਦੰਗ ਰਹਿ ਜਾਂਦੀ। ਹੁਲਾਸ ਵਿੱਚ ਆ ਜਾਂਦੀ ਪਰ ਚੁੱਪ ਰਹਿੰਦੀ। ਕਿਸੇ ਨੂੰ ਕੁਝ ਨਾ ਦੱਸਦੀ। ਮੈਨੂੰ ਉਸ ਸਮੇਂ ਚੱਲਦੀਆਂ ਸੁਧਾਰਕ ਜਾਂ ਕੌਮੀ ਲਹਿਰਾਂ ਦੀ ਉੱਕੀ ਖ਼ਬਰ ਨਹੀ ਸੀ ਪਰ ਉਹਨਾਂ ਲਹਿਰਾਂ ਦਾ ਅਸਰ ਸਾਡੇ ਰੋਜ਼ਾਨਾ ਜੀਵਨ ਵਿੱਚ ਹੌਲੀ-ਹੌਲੀ ਉੱਭਰਨ ਲੱਗ ਪਿਆ ਸੀ। ਜਿੱਥੇ ਆਰੀਆ-ਸਮਾਜ ਦੇ ਹਵਨ ਹੁੰਦੇ, ਉੱਥੇ ਸਿੰਘ-ਸਭਾ ਗੁਰਦਵਾਰਿਆਂ ਵਿੱਚ ਸਪਤਾਹ-ਪਾਠ ਜਾਂ ਅਖੰਡ-ਪਾਠ ਰੱਖੇ ਜਾਂਦੇ। ਇੱਥੇ ਸ਼ਬਦ-ਕੀਰਤਨ ਹੁੰਦਾ, ਉੱਥੇ ਭਜਨ-ਕੀਰਤਨ ਹੁੰਦਾ। ਕਦੀ-ਕਦੀ ਇਹਨਾਂ ਦੋਹਾਂ ਵਿੱਚ ਖਿੱਚੋ-ਤਾਣ ਵੀ ਵਧ ਜਾਂਦੀ ਪਰ ਮੈਨੂੰ ਕੋਈ ਸਮਝ ਨਹੀਂ ਸੀ ਆਉਂਦੀ। ਵੱਡਿਆਂ ਨੂੰ ਕਈ ਤਰ੍ਹਾਂ ਦੀਆਂ ਗੱਲਾ ਕਰਦਿਆ ਸੁਣਦੀ ਰਹਿੰਦੀ ਸਾਂ। ਸ਼ਾਮ ਨੂੰ ਹਰ ਦੂਜੇ-ਤੀਜੇ ਘਰ ਦੀ ਬੈਠਕ ਵਿੱਚ ਬਹਿਸ ਹੁੰਦੀ ਕਿ ਕੀ ਠੀਕ ਹੈ ਤੇ ਕੀ ਗ਼ਲਤ। ਕਿਵੇਂ ਜੀਵਨ ਦੀਆਂ ਢਹਿੰਦੀਆ ਕੀਮਤਾਂ ਨੂੰ ਮੁੜ ਸਾਂਵਾ ਕੀਤਾ ਜਾ ਸਕਦਾ ਹੈ।

ਅਸੀਂ ਗ਼ੁਲਾਮ ਹਾਂ ਅੰਗਰੇਜ਼ਾਂ ਦੇ, ਇਸ ਦੀ ਵੀ ਮੈਨੂੰ ਜਿਵੇਂ ਭਿਣਕ ਹੀ ਪਈ ਹੋਵੇ। ਜਦੋਂ ਭਗਤ ਸਿੰਘ ਨੂੰ ਫਾਂਸੀ ਲੱਗੀ 23 ਮਾਰਚ, 1931 ਨੂੰ, ਮੈਂ ਅਜੇ ਸੱਤ ਸਾਲ ਪੂਰੇ ਨਹੀਂ ਸਨ ਕੀਤੇ ਪਰ ਜਿਵੇਂ ਉਸ ਦਿਨ ਸਵੇਰ ਤੋਂ ਹੀ ਰਾਤ ਉੱਤਰ ਆਈ ਹੋਵੇ। ਲੋਕੀਂ ਦਬੇ-ਦਬੇ ਕਦਮਾਂ ਨਾਲ ਚੱਲ ਰਹੇ ਸਨ। ਚਿਹਰੇ ਸਭ ਦੇ ਉਦਾਸ ਤੇ ਸਹਿਮੇ ਹੋਏ। ਇਹ ਛਾਉਣੀ ਦਾ ਵਾਤਾਵਰਨ ਸੀ। ਸ਼ਹਿਰਾਂ ਵਿੱਚ ਕੀ ਹੋਇਆ ਹੋਵੇਗਾ, ਮੈਨੂੰ ਕੁਝ ਪਤਾ ਨਹੀਂ। ਪਰ ਹੁਣ ਮੈਂ ਅੰਦਾਜ਼ਾ ਲਾ ਸਕਦੀ ਹਾਂ।

ਛੋਟੀਆਂ-ਛੋਟੀਆਂ ਮਰਦਾਂ ਦੀਆਂ ਟੋਲੀਆਂ ਚੁਰਾਹਿਆਂ 'ਤੇ ਦਿਸ ਪੈਂਦੀਆਂ ਤੇ ਫਿਰ ਖਿੰਡ-ਪੁੰਡ ਜਾਂਦੀਆਂ। ਘਰਾਂ ਵਿੱਚ ਵੀ ਹਨੇਰਾ-ਹਨੇਰਾ ਪਸਰਿਆ ਹੋਇਆ ਸੀ। ਕੁਝ ਸਾਫ਼ ਨਜ਼ਰ ਨਹੀਂ ਸੀ ਆ ਰਿਹਾ। ਕੀ ਇਹ ਸੱਚ ਸੀ, ਕੀ ਇਹ ਸੱਚੀ-ਮੁੱਚੀ ਸੱਚ ਸੀ ਕਿ ਨੌਜਵਾਨਾਂ ਨੂੰ ਚੋਰੀ-ਚੋਰੀ ਲਾਹੌਰ ਦੀ ਬੋਰਸਟਲ ਜੇਲ੍ਹ ਵਿੱਚ ਫਾਂਸੀ ਲਾ ਕੇ ਬੋਰੀਆਂ ਵਿੱਚ ਬੰਨ੍ਹ ਕੇ, ਸਤਲੁਜ ਦੇ ਕੰਢੇ ਹੁਸੈਨੀਵਾਲ਼ਾ ਪਿੰਡ ਦੇ ਕੋਲ਼ ਦੱਬ ਦਿੱਤਾ ਗਿਆ ਸੀ ਤੇ ਉਹਨਾਂ ਦੇ ਪਰਿਵਾਰਾਂ ਨੂੰ ਖ਼ਬਰ ਵੀ ਨਹੀਂ ਕੀਤੀ ਗਈ ਸੀ। ਮੈਨੂੰ ਤਾਂ ਏਹੀ ਸਮਝ ਆਈ ਸੀ। ਉਸ ਸਮੇਂ ਲੋਕਾਂ ਦੇ ਕਹਿਣ ਅਨੁਸਾਰ ਅੰਗਰੇਜ਼ੀ ਸਰਕਾਰ ਨੇ ਡਰ ਦੇ ਕਾਰਨ ਹੀ ਇਹ ਚੋਰੀ ਕੀਤੀ ਸੀ। ਇਸ ਦਾ ਭਾਵ ਤਾ ਸਾਫ਼ ਹੈ ਕਿ ਚੱਲ ਰਹੀ ਵਿਦਰੋਹ ਦੀ ਲਹਿਰ ਜ਼ੋਰ ਪਕੜ ਰਹੀ ਸੀ। ਲੋਕ ਹੌਲੀ-ਹੌਲੀ ਨਿਰਭਉ ਹੁੰਦੇ ਜਾਂਦੇ ਸਨ। ਸਿੱਧੇ ਜਾਂ ਅਸਿੱਧੇ ਟੱਕਰ ਲੈਣ ਲਈ ਤਿਆਰ ਸਨ। ਮਰਨ-ਮੌਤ ਦਾ ਡਰ ਲਹਿ ਗਿਆ ਸੀ। ਜੇ ਮਰਨਾ ਹੈ ਤਾਂ ਮਰ ਹੀ ਜਾਣਾ ਹੈ। ਫਿਰ ਡਰ ਕਿਸ ਗੱਲ ਦਾ? ਦੇਸ ਦੀ ਖ਼ਾਤਰ ਸ਼ਹੀਦ ਹੋਣਾ ਮਰਨਾ ਨਹੀਂ ਹੁੰਦਾ।

ਜਲ੍ਹਿਆਂਵਾਲ਼ੇ ਬਾਗ਼ ਦਾ ਸਾਕਾ ਅਜੇ ਲੋਕਾਂ ਨੂੰ ਭੁੱਲਿਆ ਨਹੀਂ ਸੀ। ਘੁਸਰ-ਮੁਸਰ ਹੁੰਦੀ ਹੀ ਰਹਿੰਦੀ ਸੀ। ਸਾਡੇ ਸਮਾਜ ਦੇ ਨੇਤਾ ਹੋਰ ਲੜਾਈ ਛੇੜਨ ਤੋਂ ਪਹਿਲਾ ਘਰ ਦਾ ਆਂਗਣ ਸਾਫ਼ ਕਰਨ ਲਈ ਜ਼ੋਰ ਲਾ ਰਹੇ ਸਨ। ਮਹਾਤਮਾ ਗਾਂਧੀ ਦੀ ਅਪਣੀ ਹੀ ਇੱਕ ਧੁਨ ਸੀ—ਅਹਿੰਸਾ! ਹਿੰਸਾਵਾਦੀ ਨੌਜਵਾਨਾਂ ਨਾਲ਼ ਉਹ ਕੋਈ ਹਮਦਰਦੀ ਨਹੀਂ ਸਨ ਰੱਖਦੇ। ਲਾਲਾ ਲਾਜਪਤ ਰਾਏ ਦੀ ਮੌਤ ਦਾ ਭਾਰਾ-ਭਰਕਮ ਤੇ ਜੋਸ਼ੀਲਾ ਪਰਛਾਂਵਾਂ ਪੰਜਾਬ ਨੂੰ ਬੜੇ ਜ਼ੋਰ ਨਾਲ਼ ਵੰਗਾਰ ਰਿਹਾ ਸੀ।

ਪਰ ਮੈਂ ਬਹੁਤੀਆਂ ਗੱਲਾਂ ਤੋਂ ਅਨਜਾਣ ਜਿਉਂ ਰਹੀ ਸਾਂ।

ਹਾਂ, ਉਸ ਦਿਨ ਦੇ ਮਾਹੌਲ ਨੇ ਮੇਰੇ ਉੱਤੇ ਬੜਾ ਅਸਰ ਕੀਤਾ ਸੀ। ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ। ਇਹਨਾਂ ਦੇ ਨਾਂ ਹੌਲ਼ੀ-ਹੌਲ਼ੀ, ਦੱਬੀ ਜ਼ੁਬਾਨ ਵਿੱਚ ਗੂੰਜਦੇ ਸਨ। ਇਹ ਸਾਰਾ ਕੰਮ ਸ਼ਾਮੀਂ ਸੱਤ ਵਜੇ ਤੋਂ ਪਿੱਛੋਂ ਰਾਤੋ-ਰਾਤ ਕੀਤਾ ਗਿਆ ਸੀ। ਲੋਕ ਗ਼ੁੱਸੇ ਵਿੱਚ ਸਨ ਤੇ ਸਹਿਮੇ ਹੋਏ ਵੀ। ਬੇਵੱਸ। ਵਿਚਾਰੇ ਗ਼ੁਲਾਮ।

ਸਿੰਘ-ਸਭੀਏ ਤੇ ਆਰੀਆ-ਸਮਾਜੀਏ, ਸਮਾਜ ਵਿੱਚ ਫੈਲ ਰਹੀ ਦੁਰਗਤੀ ਨੂੰ ਠੀਕ ਕਰਨ ਦੇ ਨਾਹਰੇ ਲਾ ਰਹੇ ਸਨ। ਅਪਣੀ ਬੋਲੀ ਬੋਲੋ। ਦੇਸੀ ਖੱਡੀ ਦੇ ਕੱਪੜੇ ਪਾਓ। ਵਿਆਹ 'ਤੇ ਮਰਨ-ਜੰਮਣ ਦੀਆ ਰਸਮਾ ਨੂੰ ਸੁਧਾਰੋ। ਰਸਮਾ ਉੱਤੇ ਖ਼ਰਚ ਘੱਟ ਕਰੋ। ਇਸਤਰੀ ਨੂੰ ਮਰਦ ਦੀ ਬਰਾਬਰੀ ਦਿਓ.....ਤੇ ਇਵੇਂ ਬਹਾਦਰ ਇਸਤਰੀਆਂ ਵੀ ਘਰਾਂ ਵਿੱਚੋਂ ਬਾਹਰ ਨਿਕਲ਼ ਕੇ ਸਮਾਜਿਕ ਤੇ ਰਾਜਨੀਤਿਕ ਪਿੜ ਵਿੱਚ ਖੇਡੀ ਜਾ ਰਹੀ ਖੇਡ ਵਿੱਚ ਸ਼ਾਮਲ ਹੋ ਗਈਆਂ।

ਇੱਕ ਦਿਨ ਮੇਰੀ ਵੱਡੀ ਭੈਣ ਦੇ ਨੱਕ ਤੇ ਕੰਨ ਵਿਨ੍ਹਾ ਦਿੱਤੇ ਗਏ। ਕੋਈ ਗਲ਼ੀ ਵਿੱਚੋਂ ਲੰਘ ਰਿਹਾ ਸੀ, ਨੱਕ ਤੇ ਕੰਨ ਵਿੰਨ੍ਹਣ ਵਾਲਾ। ਪਾਪਾ ਜੀ ਘਰ ਆਏ ਤਾਂ ਬਹੁਤ ਰਿੰਝ ਹੋਏ। "ਨੱਥ ਤਾਂ ਗਾਂਵਾਂ-ਮੱਝਾਂ ਨੂੰ ਪਾਈ ਜਾਂਦੀ ਹੈ, ਕਾਬੂ ਵਿੱਚ ਰੱਖਣ ਲਈ।" ਉਹਨਾਂ ਨੇ ਕਿਹਾ, "ਤੁਸੀਂ ਗਾਂਵਾਂ ਬਣਨ ਤੋਂ ਬਾਜ਼ ਨਹੀਂ ਆਈਆਂ ਨਾ ?" ਭੈਣ ਨੇ ਝੱਟ-ਪੱਟ ਗੱਲ ਸਮਝ ਲਈ ਤੇ ਨੱਕ ਵਿੱਚ ਪਈ ਮੁਰਕੀ ਖਿੱਚ ਕੇ ਸੁੱਟ ਦਿੱਤੀ। ਅਜੇ ਤੱਕ ਉਸ ਦੇ ਨੱਕ ਤੋਂ ਉਹ ਨਿਸ਼ਾਨ ਨਹੀਂ ਗਿਆ ਜਿੱਥੇ ਮੋਰੀ ਕੀਤੀ ਗਈ ਸੀ। ਕੰਨਾਂ ਨੂੰ ਉਸੇ ਤਰ੍ਹਾਂ ਛੱਡ ਦਿੱਤਾ ਗਿਆ ਤੇ ਫਿਰ ਕਾਗਜ਼ ਦੀਆਂ ਤੀਲੀਆਂ ਵੱਟ ਕੇ ਉਹਨਾਂ ਵਿੱਚ ਪਾ ਦਿੱਤੀਆਂ ਗਈਆਂ ਕਿ ਉਹ ਦਿਸਣ ਵੀ ਨਾ ਤੇ ਬਣੀਆਂ ਵੀ ਰਹਿਣ।

ਮੇਰੀ ਮਾਂ ਦਾ ਕਹਿਣਾ ਸੀ, "ਬੂਹੇ ਆਈ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ, ਵਾਲੀ ਹਾਲਤ ਨਹੀਂ ਆਉਣੀ ਚਾਹੀਦੀ।" ਪਰ ਉਸ ਨੇ ਕੰਨਾਂ ਵਿੱਚ ਕਦੀ ਕੁਝ ਨਾ ਪਾਇਆ, ਵਿਆਹ ਤੱਕ।

ਇਹੋ-ਜਿਹਾ ਸੁਧਾਰ ਸਾਡੀਆਂ ਪ੍ਰਮੁੱਖ ਲਹਿਰਾਂ ਲਿਆ ਰਹੀਆਂ ਸਨ।

ਕੀ ਇਹ ਸੱਚ-ਮੁੱਚ ਦਾ ਸੁਧਾਰ ਸੀ ਜਾਂ ਸਿਰਫ਼ ਬਾਹਰਮੁਖੀ ਮਖੌਟਾ ? ਜੋ ਕਿਸੇ ਨੇ ਕਰਨਾ ਹੁੰਦਾ, ਉਹ ਜ਼ਰੂਰ ਕਰਦਾ। ਖ਼ਰਚ ਵੀ ਤੇ ਸ਼ੋ ਵੀ। ਕਦੇ ਸ਼ਾਹਦੀ ਕਦੇ ਚੋਰੀ। ਜਿਸ ਨੇ ਦਾਜ-ਦਾਵਣ ਦੇਣਾ ਹੁੰਦਾ ਜ਼ਰੂਰ ਦਿੰਦਾ ਤੇ ਜਿਸ ਕੋਲ਼ ਕੁਝ ਹੁੰਦਾ ਹੀ ਨਹੀਂ ਸੀ, ਉਹ ਦਾਜ ਕਿੱਥੋਂ ਦਿੰਦਾ ? ਉਸ ਲਈ ਸੁਧਾਰ ਦਾ ਸਹਾਰਾ ਲੈਣਾ ਬੜਾ ਸੁਖਾਵਾਂ ਸੀ। ਪਰ ਕਦੇ ਕਿਸੇ ਨੇ ਇਹ ਨਾ ਸੋਚਿਆ ਕਿ ਮਾਤਾ-ਪਿਤਾ ਦੀ ਸੰਪਤੀ ਉੱਤੇ ਧੀ ਦਾ ਵੀ ਓਨਾ ਹੀ ਹੱਕ ਹੈ, ਜਿੰਨਾ ਪੁੱਤਰ ਦਾ।

ਧੀਆਂ ਸਦਾ ਪਰਾਈ ਵਸਤ ਰਹੀਆਂ। ਮੈਂ ਵਸਤ ਜਾਣ-ਬੁੱਝ ਕੇ ਕਹਿ ਰਹੀ ਹਾਂ। ਉਹ ਅਸਤਿਤਵ ਨਹੀਂ ਸਿਰਫ਼ ਵਸਤ ਸਨ ਤੇ ਅਜੇ ਵੀ ਵਸਤ ਹੀ ਹਨ।

ਇਸ ਦਾ ਗਿਆਨ ਮੈਨੂੰ ਉਦੋਂ ਨਹੀਂ ਸੀ।

ਸਿਰਫ਼ ਐਨਾ ਹੀ ਕਿ ਮੈਂ ਨੱਕ-ਕੰਨ ਨਾ ਵਿਨ੍ਹਾਏ। ਉਹ ਸਾਬਤ ਸਬੂਤ ਰਹੇ, ਅਜ਼ਾਦੀ ਮਿਲਣ ਤੱਕ।

ਉਦੋਂ ਦੇ ਲਾਹੌਰ ਦੀ ਮੈਨੂੰ ਇੱਕ ਹੋਰ ਘਟਨਾ ਵੀ ਬੜੀ ਤੀਖਣਤਾ ਨਾਲ਼ ਯਾਦ ਹੈ। ਸਾਨੂੰ ਕਦੇ ਕੋਈ ਪੈਸੇ ਆਪਣੇ-ਆਪ ਖ਼ਰਚਣ ਲਈ ਨਹੀਂ ਸੀ ਦੇਂਦਾ। ਜੋ ਚਾਹੀਦਾ ਹੁੰਦਾ, ਉਹ ਮਿਲ਼ ਜਾਂਦਾ। ਪਰ ਪੈਸੇ ? ਆਪਣੇ ਹੱਥਾਂ ਵਿੱਚ ?

ਕਦੀ ਵੀ ਨਹੀਂ।

ਪਤਾ ਨਹੀਂ ਉਸ ਦਿਨ ਕੀ ਵਾਪਰਿਆ, ਸਾਨੂੰ ਸਭ ਨੂੰ ਚਾਰ-ਚਾਰ ਆਨੇ ਖ਼ਰਚਣ ਨੂੰ ਮਿਲ਼ ਗਏ। ਉਸ ਸਮੇਂ ਅਸੀਂ ਤਿੰਨ ਭੈਣਾਂ ਤੇ ਇੱਕ ਭਰਾ ਸੀ। ਭਰਾ ਤਾਂ ਬਹੁਤ ਛੋਟਾ ਸੀ, ਸੋ ਅਸੀਂ ਤਿੰਨੇ ਇਕੱਠੀਆਂ ਸਦਰ ਬਜ਼ਾਰ ਪਹੁੰਚੀਆਂ। ਛੋਟੀ ਨੇ ਖਿਡੌਣੇ ਲਏ ਤੇ ਕੁਝ ਕੁਲਫ਼ੀ। ਵੱਡੀ ਨੇ ਕੁਝ ਹੋਰ। ਹੁਣ ਯਾਦ ਨਹੀਂ, ਪਰ ਚੀਜ਼ ਕੋਈ ਕੰਮ ਦੀ ਸੀ ਤੇ ਪਾਏਦਾਰ ਸੀ।

ਮੈਂ ਕੁਝ ਦੇਰ ਤਾਂ ਏਧਰ-ਉੱਧਰ ਦੇਖਦੀ ਰਹੀ। ਪਰ ਉਸੇ ਵੇਲੇ ਰੰਗ-ਬਰੰਗੇ ਫੁੱਲੇ ਹੋਏ ਫ਼ਲੂਸ ਵੇਚਣ ਵਾਲਾ ਕੋਲੋਂ ਲੰਘ ਪਿਆ। ਮੈਂ ਪੂਰੇ ਦਾ ਪੂਰਾ ਗੁੱਛਾ ਖ਼ਰੀਦ ਲਿਆ। ਬਹੁਤ ਸੋਹਣੇ ਲੱਗ ਰਹੇ ਸਨ। ਚਾਰ ਆਨੇ ਹੁੰਦੇ ਹੀ ਬਹੁਤ ਸਨ, ਉਹਨਾਂ ਦਿਨਾਂ ਵਿੱਚ।

ਅਸੀਂ ਘਰ ਵੱਲ ਮੁੜੀਆਂ। ਸ਼ਾਇਦ ਅਕਤੂਬਰ ਦਾ ਮਹੀਨਾ ਸੀ। ਨਿੰਮ੍ਹੀ-ਨਿੰਮ੍ਹੀ ਠੰਢ ਹੋ ਚੁੱਕੀ ਸੀ। ਸ਼ਾਮ ਦਾ ਵੇਲ਼ਾ ਸੀ। ਦਸਹਿਰਾ ਲੰਘ ਗਿਆ ਸੀ ਤੇ ਦਿਵਾਲ਼ੀ ਆਉਣ ਵਾਲੀ ਸੀ। ਬਜ਼ਾਰ ਵਿੱਚ ਬੜੀ ਰੌਣਕ ਸੀ।

ਮੈਂ ਬੜੀ ਖ਼ੁਸ਼ ਸਾਂ, ਇਹ ਰੰਗ-ਬਰੰਗੇ ਭੁਕਾਨੇ ਦੇਖ ਕੇ। ਫਿਰ ਅਛੋਪਲੇ ਹੀ ਇੱਕ ਫਟ ਗਿਆ। ਦੂਜਾ ਉਂਗਲ਼ੀਆਂ 'ਚੋਂ ਤਿਲ੍ਹਕ ਕੇ ਖਿਸਕ ਗਿਆ। ਪੌਣ ਵਿੱਚ ਰਲ਼ ਗਿਆ ਤੇ ਇਵੇਂ ਘਰ ਪਹੁੰਚਦਿਆਂ ਤੱਕ ਸਾਰੇ ਦੇ ਸਾਰੇ ਫੱਟ-ਫੱਟ ਕਰ ਕੇ ਮੇਰੇ ਹੱਥਾਂ ਵਿੱਚ ਢੇਰ ਹੋ ਗਏ।

ਮੈਂ ਡਾਢੀ ਰੋਣਹਾਕੀ ਹੋਈ ਤੇ ਫਿਰ ਬੜੀ ਉਦਾਸ। ਮੈਨੂੰ ਲੱਗਾ, ਜਿਵੇਂ ਰੰਗ-ਬਰੰਗੀ ਜ਼ਿੰਦਗੀ ਦੀਆਂ ਡੋਰਾਂ ਮੇਰੀਆਂ ਉਂਗਲ਼ਾਂ ਵਿੱਚੋਂ ਛੁੱਟ ਗਈਆਂ ਹੋਣ। ਜਿਵੇਂ ਇਹ ਫ਼ਲੂਸ ਨਹੀਂ ਮੇਰੇ ਸੁਪਨੇ ਸਨ। ਕੋਈ ਉੱਡ ਗਿਆ, ਕੋਈ ਟੁੱਟ ਗਿਆ। ਤੇ ਮੈਂ ਫਿੱਕੀ-ਫਿੱਕੀ ਚਾਰੇ ਪਾਸੇ ਸੁੰਨੀਆਂ ਅੱਖਾਂ ਨਾਲ਼ ਦੇਖਦੀ ਰਹੀ ਜਾਂ ਸ਼ਾਇਦ ਘੂਰ ਰਹੀ ਸਾਂ ਤੇ ਫਿਰ ਹੁਬਕੀਂ-ਹੁਬਕੀਂ ਰੋਣ ਲੱਗ ਪਈ।

ਮੇਰੀ ਨਾਨੀ ਨੇ ਸਮਝਾ-ਬੁਝਾ ਕੇ, ਪਿਆਰ ਕਰ ਕੇ, ਦਿਲਾਸਾ ਦੇ ਕੇ, ਮੈਨੂੰ ਚੁੱਪ ਕਰਾਇਆ।

**ਔਖੇ ਸ਼ਬਦਾਂ ਦੇ ਅਰਥ :** **ਜ਼ਿਹਨ** – ਬੁੱਧੀ, ਸਮਝ, ਦਿਮਾਗ; **ਅਲ-ਵਲੱਲੀਆਂ** – ਝੱਲ-ਵਲੱਲੀਆਂ, **ਅਭੋਲ**– ਅਨਜਾਣ; **ਨਿਰਭਉ** – ਨਿਰਭੈ, ਨਿਡਰ, ਬੇਖ਼ੌਫ਼, ਬੇਡਰ; **ਰਿੰਝ** – ਗੁੱਸਾ, ਨਰਾਜ਼ਗੀ, ਦੁਖੀ ਹੋਣਾ; **ਸ਼ਾਹਦੀ** – ਜ਼ਾਹਰੀ ਤੌਰ 'ਤੇ, ਸਾਮ੍ਹਣੇ, ਸਭ ਦੇ ਵੇਖਦਿਆਂ ਹੋਇਆਂ; **ਅਸਤਿਤਵ** – ਹੋਂਦ, ਵਜੂਦ, ਆਪਣਾ-ਆਪ; **ਤੀਖਣਤਾ** – ਹੁਸ਼ਿਆਰੀ, ਤੇਜ਼ੀ, ਚਲਾਕੀ

# ਅਭਿਆਸ

(ੳ) ਵਸਤੂਨਿਸ਼ਠ ਪ੍ਰਸ਼ਨ :

1. ਲੇਖਕਾ ਦਾ ਜਨਮ ਕਿੱਥੇ ਹੋਇਆ?
2. ਲੇਖਕਾ ਦੇ ਪਿਤਾ ਜੀ ਕੀ ਕੰਮ ਕਰਦੇ ਸਨ?
3. ਲੇਖਕਾ ਦੇ ਮਾਤਾ-ਪਿਤਾ ਨੇ ਉਸ ਦਾ ਕੀ ਨਾਂ ਰੱਖਿਆ ਸੀ?
4. ਲੇਖਕਾ ਨੂੰ 'ਮੋਤੀਆ' ਨਾਂ ਬਹੁਤ ਪਸੰਦ ਸੀ। (ਸਹੀ/ਗਲਤ)
5. ਲੇਖਕਾ ਦੀ ਜ਼ਿਦ ਅੱਗੇ ਝੁਕਦਿਆਂ ਉਸ ਦੇ ਮਾਪਿਆਂ ਵੱਲੋਂ ਉਸ ਦੇ ਨਾਮਕਰਨ ਲਈ ਅਖੰਡ-ਪਾਠ ਰਖਵਾਇਆ ਗਿਆ। (ਸਹੀ/ਗਲਤ)

(ਖ਼ਾਲੀ ਸਥਾਨ ਭਰੋ)

6. ਲੇਖਕਾ ਨੂੰ ਲਾਹੌਰ ਦੇ ..........ਸਕੂਲ ਵਿੱਚ ਦਾਖ਼ਲ ਕਰਵਾਉਣ ਦਾ ਫ਼ੈਸਲਾ ਹੋਇਆ।
7. ..........ਦੀ ਆਪਣੀ ਹੀ ਇੱਕ ਧੁਨ ਸੀ – ਅਹਿੰਸਾ।
8. ਸਿੰਘ-ਸਭੀਏ ਤੇ ਆਰੀਆ-ਸਮਾਜੀਏ ਸਮਾਜ ਵਿੱਚ ਫੈਲ ਰਹੀ ........ਨੂੰ ਠੀਕ ਕਰਨ ਦੇ ਨਾਹਰੇ ਲਾ ਰਹੇ ਸਨ।
9. ਲੇਖਕਾ ਦੇ ਜਨਮ ਦੀ ਖ਼ੁਸ਼ੀ ਵਿੱਚ ਉਸ ਦੇ ਦਾਦਾ ਜੀ ਨੇ ਸਾਰੇ ਪਿੰਡ ਵਿੱਚ ਵੰਡਣ ਲਈ ਕਿਹਾ :......

   (i) ਲੱਡੂ (ii) ਬਰਫ਼ੀ
   (iii) ਜਲੇਬੀਆਂ (iv) ਮਿਸਰੀ ਦਾ ਕੜਾਹ

10. ਖ਼ਰਚਣ ਲਈ ਮਿਲ਼ੇ ਚਾਰ ਆਨਿਆਂ ਦਾ ਲੇਖਕਾ ਨੇ ਕੀ ਖ਼ਰੀਦਿਆ —

   (i) ਚੂੜੀਆਂ (ii) ਕਿਤਾਬਾਂ
   (iii) ਰੰਗ-ਬਰੰਗੇ ਫੁਕਾਨੇ (iv) ਕੁਲਫ਼ੀ

(ਅ) ਦੱਸੋ :

1. ਲੇਖਕਾ ਦੇ ਜਨਮ ਉਪਰੰਤ ਉਸ ਦੇ ਘਰ ਦੇ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਪ੍ਰਤਿਕਿਰਿਆ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
2. ਲੇਖਕਾ ਨੂੰ 'ਮੋਤੀਆ' ਨਾਂ ਕਿਉਂ ਪਸੰਦ ਨਹੀਂ ਸੀ? ਉਸ ਦੇ ਨਾਮਕਰਨ ਦੀ ਘਟਨਾ ਬਾਰੇ ਵੀ ਦੱਸੋ।
3. 'ਭਗਤ ਸਿੰਘ' ਹੋਰਾਂ ਦੀ ਸ਼ਹੀਦੀ ਬਾਰੇ 'ਮੇਰਾ ਨਾਮਕਰਨ' ਸ੍ਵੈਜੀਵਨੀ-ਅੰਸ਼ ਵਿੱਚ ਜੋ ਵੇਰਵੇ ਦਿੱਤੇ ਗਏ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
4. "ਛੋਟੀ ਉਮਰ ਵਿੱਚ ਹੀ ਲੇਖਕਾ ਦੀਆਂ ਸਿਰਜਣਾਤਮਿਕ ਰੁਚੀਆਂ ਪ੍ਰਗਟ ਹੋਣੀਆਂ ਸ਼ੁਰੂ ਹੋ ਗਈਆਂ ਸਨ।" ਇਸ ਕਥਨ ਨੂੰ ਸਪਸ਼ਟ ਕਰੋ।
5. "ਕੀ ਇਹ ਸੱਚ-ਮੁੱਚ ਦਾ ਸੁਧਾਰ ਸੀ ਜਾਂ ਬਾਹਰਮੁਖੀ ਮਖੌਟਾ?" ਸਮਾਜ-ਸੁਧਾਰ ਲਹਿਰਾਂ ਬਾਰੇ ਲੇਖਕਾ ਅਜਿਹਾ ਕਿਉਂ ਸੋਚਦੀ ਹੈ?

❋❋❋❋❋

10

# ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ

(1924-2001)

| | | |
|---|---|---|
| ਮਾਤਾ | : | ਸ੍ਰੀਮਤੀ ਪ੍ਰੇਮ ਕੌਰ |
| ਪਿਤਾ | : | ਸ.ਸੁੰਦਰ ਸਿੰਘ ਬੇਦੀ |
| ਜਨਮ-ਸਥਾਨ | : | ਸਿਆਲਕੋਟ (ਪਾਕਿਸਤਾਨ) |
| ਵਿੱਦਿਆ | : | ਐੱਮ.ਏ.,ਪੀ-ਐਚ.ਡੀ. |
| ਕੰਮ-ਕਿੱਤਾ | : | ਅਧਿਆਪਨ, ਸੰਪਾਦਨ, ਖੋਜ-ਕਾਰਜ। |

ਵਣਜਾਰਾ ਬੇਦੀ ਦਾ ਲਿਖਣ-ਕਾਰਜ ਮੁੱਖ ਤੌਰ 'ਤੇ ਲੋਕਯਾਨ ਨਾਲ ਸੰਬੰਧਿਤ ਹੈ।

ਮੁੱਖ ਰਚਨਾਵਾਂ : ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਅੱਠ ਜਿਲਦਾਂ), ਬਾਤਾਂ ਮੁੱਢ ਕਦੀਮ ਦੀਆਂ (ਦੋ ਜਿਲਦਾਂ), ਬਾਤਾਂ ਲੋਕ ਪੰਜਾਬ ਦੀਆ, ਪੰਜਾਬੀ ਸਾਹਿਤ ਇਤਿਹਾਸ ਦੀਆ ਲੋਕ-ਰੂੜ੍ਹੀਆ, ਮੱਧਕਾਲੀ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਲੋਕ-ਧਾਰਾ ਅਤੇ ਸਾਹਿਤ, ਪੰਜਾਬ ਦੀ ਲੋਕਧਾਰਾ, ਗੁਰੂ ਅਰਜਨ ਬਾਣੀ ਵਿੱਚ ਲੋਕ-ਤੱਤ, ਗੁਰੂ ਨਾਨਕ ਤੇ ਲੋਕ ਪ੍ਰਵਾਹ, ਸੁਹਜ ਪ੍ਰਬੋਧ, ਪੰਜਾਬ ਦਾ ਲੋਕ-ਸਾਹਿਤ, ਲੋਕ ਆਖਦੇ ਹਨ, ਲੋਕ ਬੀਰ ਰਾਜਾ ਰਸਾਲੂ, ਪੰਜਾਬ ਦੀਆਂ ਲੋਕ-ਕਹਾਣੀਆਂ, ਪੰਜਾਬ ਦੀਆਂ ਜਨੌਰ ਕਹਾਣੀਆਂ, ਇੱਕ ਘੁੱਟ ਰਸ ਦਾ, ਮੇਰਾ ਨਾਨਕਾ ਪਿੰਡ, ਮੇਰਾ ਦਾਦਕਾ ਪਿੰਡ, ਵਿਰਸੇ ਦੀ ਫੁਲਕਾਰੀ।

'ਅੱਧੀ ਮਿੱਟੀ ਅੱਧਾ ਸੋਨਾ', 'ਮੇਰੇ ਰਾਹਾਂ ਦੇ ਰੰਗ', 'ਗਲੀਏ ਚਿਕੜ ਦੂਰਿ ਘਰੁ' ਪੁਸਤਕਾਂ ਵਿੱਚ ਵਣਜਾਰਾ ਬੇਦੀ ਦੀ ਸ੍ਵੈਜੀਵਨੀ ਹੈ।

ਹਥਲੀ ਪਾਠ-ਪੁਸਤਕ ਵਿੱਚ ਸ਼ਾਮਲ ਸ੍ਵੈਜੀਵਨੀ-ਅੰਸ਼ 'ਗਲੀਏ ਚਿਕੜ ਦੂਰਿ ਘਰੁ 'ਦੇ ਇੱਕ ਖੰਡ 'ਆਪਣੀ ਸੋਚ ਦੇ ਗਹਿਰੇ ਸਾਏ' ਵਿੱਚੋਂ ਹਨ। ਇਸ ਵਿੱਚ ਵਣਜਾਰਾ ਬੇਦੀ ਨੇ ਆਪਣੇ ਜੀਵਨ-ਕਾਰਜ ਨੂੰ ਪਛਾਣਨ ਦੇ ਆਪਣੇ ਜਤਨਾਂ ਬਾਰੇ ਲਿਖਿਆ ਹੈ।

'ਅੱਧੀ ਮਿਟੀ ਅੱਧਾ ਸੋਨਾ' ਦੇ ਮੁੱਖ-ਬੰਦ ਵਿੱਚ ਵਣਜਾਰਾ ਬੇਦੀ ਸ੍ਵੈਜੀਵਨੀ ਬਾਰੇ ਲਿਖਦੇ ਹਨ :

"ਆਤਮ-ਕਥਾ ਦੁਨੀਆ ਦੀ ਭੀੜ ਵਿੱਚ ਆਪਣੇ ਆਪ ਨੂੰ ਪਛਾਣਨ ਦਾ ਇੱਕ ਕਲਾਤਮਿਕ ਜਤਨ ਹੈ। ਪਰ ਬੰਦੇ ਦੀ ਹੋਣੀ ਇਹ ਹੈ ਕਿ ਉਹ ਆਪਣੇ-ਆਪ ਨੂੰ ਹੀ ਚੰਗੀ ਤਰ੍ਹਾਂ ਪਛਾਣਨੋਂ ਅਸਮਰਥ ਹੁੰਦਾ ਹੈ।"

'ਗਲੀਏ ਚਿੱਕੜ ਦੂਰਿ ਘਰੁ' ਦੀ ਭੂਮਿਕਾ ਵਿੱਚ ਉਹਨਾ ਦੇ ਕੁਝ ਸਬਦ ਇਸ ਪ੍ਰਕਾਰ ਹਨ :

"ਜ਼ਿੰਦਗੀ ਤਾਂ ਕੱਚੇ ਦੁੱਧ ਵਾਂਗ ਹੁੰਦੀ ਹੈ ਪਰ ਸ੍ਵੈਜੀਵਨੀ ਮੱਖਣ ਵਾਂਗ... ਭਰੀ ਚਾਟੀ ਵਿੱਚ ਤਰਦਾ ਇੱਕ ਪਿੰਨਾ। ਇਸ ਲਈ ਕੱਚੇ ਦੁੱਧ ਤੇ ਮੱਖਣ ਵਿੱਚ ਜੋ ਅੰਤਰ ਹੈ, ਉਹੀ ਜੀਵਨ-ਸੱਚ ਤੇ ਜੀਵਨੀ ਦੇ ਕਲਾਤਮਿਕ ਸੱਚ ਵਿੱਚ ਹੈ।"

* ਐੱਸ.ਐੱਸ. ਵਣਜਾਰਾ ਬੇਦੀ, ਗਲੀਏ ਚਿਕੜ ਦੂਰਿ ਘਰੁ, ਨਵਯੁਗ ਪਬਲਿਸ਼ਰਜ਼, ਦਿੱਲੀ, 1985

** ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਅੱਧੀ ਮਿੱਟੀ ਅੱਧਾ ਸੋਨਾ, ਲੋਕ ਪ੍ਰਕਾਸ਼ਨ, ਜੇ-11/80 ਰਾਜੌਰੀ ਗਾਰਡਨ, ਨਵੀਂ ਦਿੱਲੀ।

# ਆਪਣੀ ਸੋਚ ਦੇ ਗਹਿਰੇ ਸਾਏ

ਮਨੁੱਖ ਆਪਣੀਆ ਸੋਚਾਂ, ਲਾਲਸਾਵਾ ਤੇ ਆਦਰਸ਼ਾ ਦੇ ਸੂਰਜੀ ਪਰਛਾਵਿਆ ਵਿੱਚ ਹੀ ਜਿਊਂਦਾ, ਵਧਦਾ, ਫੁੱਲਦਾ, ਫੈਲਦਾ ਹੈ। ਉਹ ਕਦੇ ਵੀ ਆਪਣੇ ਵਿਅਕਤੀਗਤ ਸੱਚ ਅਤੇ ਆਪਣੀ ਸੋਚ ਦੀ ਧਾਰਾ ਤੋਂ ਮੁਕਤ ਨਹੀਂ ਰਹਿ ਸਕਦਾ। ਕਹਿਣੇ ਦੇ ਵਾਂਗ, ਉਹ ਆਪਣੀ ਹੀ ਥੁੱਕ ਨਾਲ਼ ਜਿਹੜੇ ਜਾਲ਼ੇ ਕਾਇਆਂ ਦੁਆਲੇ ਬੁਣ ਲੈਂਦੇ ਹਨ, ਉਹ ਹੀ ਉਸ ਦੀ ਹੋਣੀ ਬਣ ਜਾਂਦੇ ਹਨ। ਇਹਨਾਂ ਜਾਲਿਆਂ 'ਚੋਂ ਨਿਕਲਨ ਵਾਸਤੇ ਉਸ ਨੂੰ ਬਹੁਤ ਕੁਝ ਤੋੜਨਾ-ਭੰਨਣਾ ਪੈਂਦੈ ਜੋ ਉਸ ਦੇ ਵੱਸੋਂ ਬਾਹਰਾ ਹੁੰਦੈ।

ਮੈਂ ਵੀ ਆਪਣੇ ਦੁਆਲ਼ੇ ਕੁਝ ਅਜਿਹੇ ਜਾਲ਼ੇ ਬੁਣ ਲਏ ਸਨ ਜੋ ਮੇਰੀ ਮਾਨਸਿਕਤਾ ਵਿੱਚ ਰਚ ਗਏ ਸਨ।

ਜਦੋਂ ਮੈਂ ਰਾਵਲਪਿੰਡੀ ਖ਼ਾਲਸਾ ਸਕੂਲ ਵਿੱਚ ਪੜ੍ਹਦਾ ਸਾਂ ਤਾਂ ਮਾਸਟਰ ਅਰਜਨ ਸਿੰਘ ਦਾ ਮਾਣ-ਮਰਤਬਾ-ਸੰਜੀਦਗੀ ਵੇਖ ਕੇ ਹਮੇਸ਼ਾਂ ਇਹੋ ਸੋਚਦਾ ਸਾਂ ਕਿ ਵੱਡਾ ਹੋ ਕੇ ਮੈਂ ਉਸੇ ਵਾਂਗ ਹਿਸਾਬ ਦਾ ਮਾਸਟਰ ਬਣਾਂਗਾ। ਮੇਰੀ ਹਿਸਾਬ ਵਿੱਚ ਬੜੀ ਦਿਲਚਸਪੀ ਸੀ ਤੇ ਮੇਰੇ ਸੁਪਨੇ ਮਾਸਟਰੀ ਨਾਲ਼ ਜੁੜਨੇ ਸੁਭਾਵਿਕ ਸਨ। ਮਾਸਟਰ ਅਰਜਨ ਸਿੰਘ ਨੇ ਹਿਸਾਬ ਤੇ ਜੁਮੈਟਰੀ ਦੀਆਂ ਕੁਝ ਕਿਤਾਬਾਂ ਵੀ ਲਿਖੀਆਂ ਹੋਈਆਂ ਸਨ ਤੇ ਉਹ ਕਿਤਾਬਾਂ ਪਾਠ-ਕ੍ਰਮ ਵਜੋਂ ਅਸੀਂ ਪੜ੍ਹ ਰਹੇ ਸਾਂ। ਕਿਤਾਬਾਂ ਲਿਖਣ ਵਾਲ਼ਾ ਵਿਅਕਤੀ ਮੇਰੀ ਨਜ਼ਰ ਵਿੱਚ, ਅਸਮਾਨ ਵਿੱਚ ਫੈਲੇ ਚੰਨ-ਤਾਰਿਆਂ ਵਾਂਗ ਗੌਰਵ ਵਾਲ਼ਾ ਹੁੰਦੈ। ਆਮ ਲੋਕਾਂ ਨੂੰ ਮੈਂ ਉਸ ਦੇ ਗਿੱਟਿਆਂ ਤੱਕ ਪੁੱਜਾ ਸਮਝਦਾ ਸਾਂ।

ਫਿਰ ਜਦੋਂ ਮੈਂ ਦਸਵੀਂ ਪਾਸ ਕਰਕੇ ਕਾਲਜ ਦਾਖ਼ਲ ਹੋਇਆ ਤਾਂ ਉੱਥੇ ਮੇਰਾ ਮੇਲ਼ ਡਾ.ਗੁਪਾਲ ਸਿੰਘ ਦਰਦੀ ਨਾਲ਼ ਹੋਇਆ ਜੋ ਸਾਨੂੰ ਪੰਜਾਬੀ ਤੇ ਅੰਗਰੇਜ਼ੀ ਪੜ੍ਹਾਇਆ ਕਰਦੇ ਸਨ। ਸਾਰੇ ਕਾਲਜ ਵਿੱਚ ਇੱਕੋ-ਇੱਕ ਸਿੱਖ ਲੈਕਚਰਾਰ ਸਨ। ਉਹ ਸਭਨਾਂ ਨਾਲ਼ੋਂ ਵੱਖਰੀ ਸ਼ਖ਼ਸੀਅਤ ਵਾਲ਼ੇ ਸਨ। ਉਹਨਾਂ ਦੀ ਵਿਲੱਖਣਤਾ ਤੇ ਰਚਨਾਤਮਿਕ ਪ੍ਰਤਿਭਾ ਦਾ ਮੇਰੇ 'ਤੇ ਇਤਨਾ ਗਹਿਰਾ ਪ੍ਰਭਾਵ ਪਿਆ ਕਿ ਮੈਂ ਲਿਖਣਾ ਤੇ ਕਾਲਜ ਵਿੱਚ ਪੜ੍ਹਾਉਣਾ ਹੀ ਆਪਣਾ ਨਿਸ਼ਾਨਾ ਮਿਥ ਲਿਆ। ਮੈ ਰੱਜ ਕੇ ਪੜ੍ਹਾਂਗਾ, ਰੱਜ ਕੇ ਲਿਖਾਂਗਾ ਤੇ ਰੱਜ ਕੇ ਪੜ੍ਹਾਵਾਂਗਾ—ਇਹ ਤਿੰਨ ਸ਼ੌਕ ਮੇਰੇ ਜਿਸਮ ਵਿੱਚ ਰੀਂਘਣ ਲੱਗੇ ਅਤੇ ਮੇਰੀ ਸੋਚ ਵਿੱਚ ਸੁਪਨਾ ਬਣ ਕੇ ਫੈਲ ਗਏ।

ਪਰ ਬਾਬੂ ਜੀ ਦੇ ਬੇਵਕਤ ਚਲਾਣੇ ਕਾਰਨ ਜਦੋਂ ਮੈਨੂੰ ਪੜ੍ਹਾਈ ਵਿੱਚੇ ਛੱਡ ਕੇ ਬੈਂਕ ਦੀ ਨੌਕਰੀ ਕਰਨੀ ਪਈ ਤਾਂ ਕੁਝ ਵਕਤ ਲਈ ਮੈਂ ਹੋਣੀ ਅੱਗੇ ਗੋਡੇ ਟੇਕ ਦਿੱਤੇ। ਭਾਵੇਂ ਮੈਂ ਬੈਂਕ ਵਿੱਚ ਬੜੀ ਲਗਨ ਤੇ ਸੁਹਿਰਦਤਾ ਨਾਲ ਕੰਮ ਕਰਦਾ ਰਿਹਾ ਪਰ ਮਨ ਦੀ ਅੰਦਰਲੀ ਤਹਿ ਵਿੱਚ ਕਾਲਜ ਦਾ ਲੈਕਚਰਾਰ ਬਣਨ ਦਾ ਸੁਪਨਾ ਸਦਾ ਮਚਲਦਾ ਰਹਿੰਦਾ। ਉਹਨੀਂ ਦਿਨੀਂ 1946 ਈ. ਵਿੱਚ ਪੰਜਾਬ ਦੇ ਕਿਸੇ ਕਾਲਜ ਵਿੱਚ ਪੰਜਾਬੀ ਦੇ ਲੈਕਚਰਾਰ ਦੀ ਅਸਾਮੀ ਨਿਕਲ਼ੀ। ਅਖ਼ਬਾਰ ਵਿੱਚ ਇਸ਼ਤਿਹਾਰ ਪੜ੍ਹਿਆ। ਮੈਂ ਬੀ.ਏ. ਸਾ, ਤਾਂਵੀ ਮੈਂ ਉਸ ਅਸਾਮੀ ਲਈ ਅਰਜ਼ੀ ਭੇਜੀ ਸੀ ਵੈਸੇ ਮੈਨੂੰ ਆਪਣੇ-ਆਪ 'ਤੇ ਹਾਸਾ ਵੀ ਆਇਆ ਤੇ ਹੈਰਾਨੀ ਵੀ ਪਰ ਕੋਈ ਆਪਣੇ ਸੁਪਨਿਆਂ ਨੂੰ ਇਤਨੀ ਛੇਤੀ ਮਰਨ ਥੋੜ੍ਹਾ ਦਿੰਦਾ ਹੈ। ਜਿਹੜਾ ਸ਼ਖ਼ਸ ਆਪਣੇ ਸੁਪਨਿਆਂ ਨੂੰ ਖ਼ੁਦ ਹੀ ਮਾਰਨ ਲੱਗਦੈ, ਉਹ ਆਤਮਘਾਤੀ ਹੈ।

ਕਾਲਜ ਵਿੱਚ ਪੜ੍ਹਾਉਣ ਦੀ ਇੱਛਾ ਦੇਸ ਦੀ ਵੰਡ ਤੇ ਅਜ਼ਾਦੀ ਮਗਰੋਂ ਮੇਰੇ ਤਨ-ਬਦਨ ਵਿੱਚ ਚੰਗਿਆੜੀ ਬਣ ਕੇ ਮਚਲਣ ਲੱਗੀ। ਇਹ ਵੀ ਇੱਕ ਕਾਰਨ ਸੀ ਕਿ ਮੈਂ ਕਿਸੇ ਨੌਕਰੀ 'ਤੇ ਨਹੀਂ ਸੀ ਟਿਕਦਾ। ਕਿਸੇ ਕੰਮ ਵਿੱਚ ਮੈਂ ਆਪਣੇ-ਆਪ ਨੂੰ ਪਛਾਣ ਨਾ ਸਕਦਾ, ਕਿਸੇ ਧੰਦੇ ਨਾਲ ਮੇਰੇ ਸੁਪਨੇ ਨਹੀਂ ਸੀ ਜੁੜੇ ਹੁੰਦੇ ਤੇ ਕਿਸੇ ਵਿੱਚ ਮੇਰੀ ਹੋਂਦ ਬਿਖਰ-ਬਿਖਰ ਪੈਂਦੀ ਤੇ ਮੈਂ ਉੱਖੜ ਜਾਂਦਾ।

ਫਿਰ ਜਦੋਂ 1950 ਈ: ਵਿੱਚ ਪੰਜਾਬ ਯੂਨੀਵਰਸਿਟੀ ਨੇ ਪੰਜਾਬੀ ਦੀ ਐੱਮ.ਏ. ਦਾ ਕੋਰਸ ਸ਼ੁਰੂ ਕੀਤਾ ਤੇ ਪ੍ਰਾਈਵੇਟ ਇਮਤਿਹਾਨ ਦੇਣ ਦੀ ਆਗਿਆ ਦੇ ਦਿੱਤੀ ਤਾਂ ਮੈਨੂੰ ਆਪਣੇ ਸੁਪਨੇ ਸਾਕਾਰ ਹੁੰਦੇ ਦਿਸੇ। ਮੇਰੇ ਮਨ ਵਿੱਚ ਐੱਮ.ਏ. ਕਰਕੇ ਕਾਲਜ ਵਿੱਚ ਲੈਕਚਰਾਰ ਲੱਗਣ ਦੀ ਖ਼ਵਾਹਿਸ਼ ਪਲਸੇਟੇ ਮਾਰਨ ਲੱਗੀ। ਉਹਨੀਂ ਦਿਨੀਂ ਮੈਂ 'ਫਤਿਹ ਪ੍ਰੀਤਮ' ਦਾ ਸੰਪਾਦਕ ਸਾਂ। ਦਸੰਬਰ ਦੇ ਅਖੀਰਲੇ ਹਫਤੇ ਮੈਨੂੰ ਇੱਕ ਮਿੱਤਰ ਤੋਂ ਪਤਾ ਲੱਗਾ ਕਿ ਮੈਂ ਐੱਮ.ਏ. ਪੰਜਾਬੀ ਦਾ ਪ੍ਰਾਈਵੇਟ ਇਮਤਿਹਾਨ ਦੇ ਸਕਦਾ ਹਾਂ। ਜਨਵਰੀ ਵਿੱਚ ਦਾਖ਼ਲਾ ਭੇਜਣ ਦੀ ਅੰਤਿਮ ਤਾਰੀਖ਼ ਸੀ। ਤਿੰਨ ਕੁ ਮਹੀਨਿਆਂ ਦੇ ਮਗਰੋਂ ਇਮਤਿਹਾਨ ਸੀ। ਮੈਂ ਐੱਮ.ਏ.ਪਾਸ ਕਰਨ ਲਈ ਇਤਨਾ ਉਤਾਵਲਾ ਸਾਂ ਕਿ ਬਿਨਾਂ ਸੋਚੇ-ਸਮਝੇ ਫ਼ੌਰਨ ਦਾਖ਼ਲਾ ਭੇਜ ਦਿੱਤਾ ਤੇ ਬਿਨਾਂ ਕਿਸੇ ਤਿਆਰੀ ਇਮਤਿਹਾਨ ਵਿੱਚ ਜਾ ਬੈਠਾ। ਦੋ ਢਾਈ ਮਹੀਨਿਆਂ ਵਿੱਚ, ਬਿਨਾਂ ਇੱਕ ਵੀ ਛੁੱਟੀ ਲਏ ਦੇ ਕੋਈ ਕਿਤਨਾ ਕੁ ਪੜ੍ਹ ਸਕਦਾ ਹੈ। ਫਿਰ ਬਗ਼ੈਰ ਕਿਸੇ ਉਸਤਾਦ ਦੀ ਅਗਵਾਈ ਦੇ। ਪੰਜਾਬੀ ਦੀ ਐੱਮ.ਏ. ਦਾ ਪਹਿਲਾ ਇਮਤਿਹਾਨ ਸੀ। ਇਹ ਵੀ ਨਹੀਂ ਸੀ ਪਤਾ ਕਿ ਸਵਾਲ ਕਿਸ ਕਿਸਮ ਦੇ ਆਉਣੇ ਨੇ ਅਤੇ ਜਵਾਬ ਵਿੱਚ ਕੀ ਕੁਝ ਲਿਖਣਾ ਹੈ। ਦੋ ਅਖ਼ਬਾਰਾਂ ਦਾ ਸੰਪਾਦਕ ਹੋਣ ਦੇ ਨਾਤੇ ਮੈਂ ਸਮਝਦਾ ਸਾਂ ਕਿ ਮੈਂ ਕਿਸੇ ਵੀ ਵਿਸ਼ੇ 'ਤੇ ਕਾਫ਼ੀ ਔਖਾ ਲਿਖ ਸਕਦਾ ਹਾਂ ਪਰ ਅਖ਼ਬਾਰ ਲਈ ਲਿਖਣਾ ਇੱਕ ਗੱਲ ਏ ਤੇ ਇਮਤਿਹਾਨ ਵਿੱਚ ਸਵਾਲਾਂ ਦੇ ਜਵਾਬ ਲਿਖਣਾ ਦੂਜੀ ਗੱਲ।

ਇਮਤਿਹਾਨ ਬੜੇ ਚਾਅ ਨਾਲ਼ ਦਿੱਤਾ। ਜਿਤਨੇ ਨੰਬਰਾਂ ਦੀ ਆਸ ਸੀ, ਉਸ ਤੋਂ ਬਹੁਤ ਘੱਟ ਮਿਲ਼ੇ। ਛੇ ਸੱਤ ਨੰਬਰਾਂ ਪਿੱਛੇ ਸੈਕੰਡ ਡਵੀਜ਼ਨ ਰਹਿ ਗਈ। ਮੈਂ ਉਦਾਸ ਹੋ ਗਿਆ। ਜਦੋਂ ਮੇਰੇ ਇੱਕ ਦੋਸਤ ਨੇ ਦੱਸਿਆ ਕਿ ਥਰਡ ਕਲਾਸ ਵਿੱਚ ਪਾਸ ਸ਼ਖ਼ਸ ਕਾਲਜ ਵਿੱਚ ਲੈਕਚਰਾਰ

ਨਹੀਂ ਲੱਗ ਸਕਦਾ ਤਾਂ ਮੇਰਾ ਇਹ ਸੁਪਨਾ ਤਿੜਕ ਗਿਆ। ਉਦੋਂ ਡਵੀਜਨ ਸੁਧਾਰਨ ਵਾਸਤੇ ਦੁਬਾਰਾ ਇਮਤਿਹਾਨ ਦੇਣ ਦਾ ਨੇਮ ਲਾਗੂ ਨਹੀਂ ਸੀ।

ਮੈਂ ਹੌਸਲਾ ਨਾ ਹਾਰਿਆ। ਪੰਜਾਬ ਯੂਨੀਵਰਸਿਟੀ ਤੋਂ ਪੀ-ਐਚ.ਡੀ. ਕਰਨ ਦੀ ਆਗਿਆ ਮੰਗੀ, ਝੱਟ ਮਿਲ਼ ਗਈ। ਨਵੇਂ ਸੁਪਨੇ ਬੁਣਨ ਲੱਗ ਪਿਆ। ਹੌਸਲਾ ਫਿਰ ਬੁਲੰਦ ਹੋ ਗਿਆ। ਵਿਸ਼ਾ ਸੀ—'ਪੰਜਾਬ ਦਾ ਲੋਕ-ਸਾਹਿਤ।' ਖੋਜ- ਨਿਬੰਧ ਅੰਗਰੇਜ਼ੀ ਵਿੱਚ ਲਿਖਣਾ ਸੀ।

'ਫ਼ਤਿਹ ਪ੍ਰੀਤਮ' ਦੀ ਸੰਪਾਦਕੀ ਤੋਂ ਮੁਕਤ ਹੋ ਕੇ ਮੈਂ ਸੋਚਿਆ; ਚੱਲੋ, ਪੀ-ਐਚ. ਡੀ. ਦਾ ਫਾਹਾ ਹੀ ਵੱਢ ਲਈਏ, ਪਰ ਇਹ ਕੰਮ ਇਤਨਾ ਸੌਖਾ ਨਹੀਂ ਸੀ ਜਿਤਨਾ ਮੈਂ ਸਮਝ ਬੈਠਾ ਸਾਂ। ਇੱਕ ਤਾਂ ਪੰਜਾਬ ਦੇ ਲੋਕ-ਸਾਹਿਤ ਬਾਰੇ ਕੱਚੀ ਸਮਗਰੀ ਖ਼ੁਦ ਇਕੱਠੀ ਕਰਨੀ ਸੀ ਦੂਜੇ, ਵਿਸ਼ੇ ਨਾਲ਼ ਸੰਬੰਧਿਤ ਸਿਧਾਂਤਿਕ ਪੁਸਤਕਾਂ ਅੰਗਰੇਜ਼ੀ ਵਿੱਚ ਬਹੁਤ ਘੱਟ ਮਿਲਦੀਆਂ ਸਨ ਤਾਂਵੀ ਮੈਂ ਪੂਰੀ ਲਗਨ ਤੇ ਸੁਹਿਰਦਤਾ ਨਾਲ਼ ਜੁਟ ਪਿਆ।

ਪਰ ਪੇਟ ਤਾਂ ਰੋਟੀ ਦਾ ਫੁਲ਼ਕਾ ਮੰਗਦਾ ਹੈ। ਇਹ ਸਮੱਸਿਆ ਕਿਵੇਂ ਹੱਲ ਕੀਤੀ ਜਾਵੇ? ਚਾਰ ਮੇਰੇ ਬੱਚੇ ਸਨ ਤੇ ਦੋ ਅਸੀਂ ਮੀਆਂ-ਬੀਵੀ। ਕੰਮ- ਧੰਦੇ ਬਗੈਰ ਤਾਂ ਗੁਜਾਰਾ ਨਹੀਂ ਸੀ ਹੋਣਾ। ਮੇਰੇ ਇੱਕ ਦੋਸਤ ਗਿਆਨੀ ਹਰਦਿੱਤ ਸਿੰਘ ਸੁਤੰਤਰ ਨੇ ਜੋ ਗਿਆਨੀ ਦੀਆਂ ਕਲਾਸਾਂ ਪੜ੍ਹਾਇਆ ਕਰਦੇ ਸਨ, ਮੈਨੂੰ ਵੀ ਪ੍ਰਾਈਵੇਟ ਕੋਚਿੰਗ ਕਾਲਜ ਵਿੱਚ ਕੁਝ ਕਲਾਸਾਂ ਦਿਵਾ ਦਿੱਤੀਆਂ। ਭਾਵੇਂ ਪੈਸੇ ਥੋੜ੍ਹੇ ਜਿਹੇ ਮਿਲ਼ਦੇ, ਪਰ ਪੇਟ ਭਰਨ ਵਾਸਤੇ ਦਾਲ- ਰੋਟੀ ਹੀ ਤਾਂ ਚਾਹੀਦੀ ਹੈ। ਪੈਸੇ ਬਾਰੇ ਜ਼ਿੰਦਗੀ ਵਿੱਚ ਵੱਡੀਆਂ ਲਾਲਸਾਵਾਂ ਮੈਂ ਨਹੀਂ ਸਨ ਰੱਖੀਆਂ ਹੋਈਆਂ। ਵਕਤ ਕਾਫ਼ੀ ਮਿਲ਼ ਜਾਂਦਾ ਤੇ ਮੈਂ ਇਹ ਵਕਤ ਖੋਜ-ਨਿਬੰਧ ਲਈ ਸਮਗਰੀ ਇਕੱਠੀ ਕਰਦਾ ਤੇ ਵਿਸ਼ੇ ਨਾਲ਼ ਸੰਬੰਧਿਤ ਕਿਤਾਬਾਂ ਦਾ ਅਧਿਐਨ ਕਰਦਾ।

ਇਹਨਾਂ ਦਿਨਾਂ ਵਿੱਚ ਮੈਂ ਲੋਕ-ਧਾਰਾ ਸੰਕਲਪ ਤੇ ਇਸ ਖੇਤਰ ਨਾਲ਼ ਸੰਬੰਧਿਤ ਪਰਿਭਾਸ਼ਿਕ ਸ਼ਬਦਾਂ ਨੂੰ ਸਮਝਣ, ਗਹਿਰਾਈ ਤੱਕ ਉੱਤਰਨ ਤੇ ਵਸਤੂ-ਅਧਿਐਨ ਤੋਂ ਇਲਾਵਾ ਢੇਰ ਸਾਰੀ ਸਮਗਰੀ ਵੀ ਲੋਕਾਂ ਤੋਂ ਇਕੱਠੀ ਕੀਤੀ। 'ਪੰਜਾਬੀ ਲੋਕ-ਧਾਰਾ ਵਿਸ਼ਵ-ਕੋਸ਼' ਦਾ ਆਦਿ ਵੀ ਇਹਨਾਂ ਦਿਨਾਂ ਵਿੱਚ ਹੋਇਆ। ਸਟੈਂਡਰਡ ਫੋਕਲੋਰ ਡਿਕਸ਼ਨਰੀ ਦੀਆਂ ਦੋਵੇਂ ਜਿਲਦਾਂ ਇਹਨੀਂ ਦਿਨੀਂ ਹੀ ਖ਼ਰੀਦ ਕੇ ਅਧਿਐਨ ਅਰੰਭਿਆ : ਇਹੋ ਕੋਸ਼ ਮੇਰਾ ਧਰਮ, ਮੇਰੀ ਪੂਜਾ, ਮੇਰਾ ਇਸ਼ਟ ਬਣ ਗਿਆ।

ਲੋਕ-ਧਾਰਾ ਨੂੰ ਇਕੱਤਰ ਕਰਨ ਵਿੱਚ ਮੈਨੂੰ ਬਹੁਤੀ ਸਮਗਰੀ ਸ਼ਰਨਾਰਥੀਆਂ ਤੋਂ ਮਿਲੀ। ਉਦੋਂ ਮੈਂ ਦਿੱਲੀ ਵਿੱਚ ਸੀਤਾ ਰਾਮ ਬਜ਼ਾਰ ਦੇ ਪਿੱਛੇ, ਗਲ਼ੀ ਕਾਲ਼ੀ ਮਸਜਦ ਵਿੱਚ ਰਹਿੰਦਾ ਸੀ, ਜਿੱਥੇ ਪੱਛਮੀ ਪੰਜਾਬ ਦੇ ਭਿੰਨ-ਭਿੰਨ ਖੇਤਰਾਂ—ਧਨੀ ਪੋਠੋਹਾਰ, ਸ਼ਾਹਪੁਰ ਤੇ ਮੁਲਤਾਨ ਤੋਂ ਸ਼ਰਨਾਰਥੀ ਆ ਕੇ ਟਿਕੇ ਹੋਏ ਸਨ। ਇਹ ਸਾਰੇ ਲੋਕ ਪਿੰਡਾਂ ਵਿੱਚੋਂ ਆਏ ਹੋਣ ਕਰਕੇ ਲੋਕ-ਸੰਸਕ੍ਰਿਤੀ ਦੇ ਮੂਲ ਪ੍ਰਵਾਹ ਨਾਲ਼ ਭਿੱਜੇ ਹੋਏ ਸਨ ਜਿਸ ਕਰਕੇ ਇਹਨਾਂ ਕੋਲੋਂ ਸਹਿਜੇ ਹੀ ਸੁੱਚੀ ਸਮਗਰੀ ਇਕੱਠੀ ਕੀਤੀ ਜਾ ਸਕਦੀ ਸੀ ਤੇ ਮੈਂ ਕੀਤੀ।

ਲੋਕ-ਧਾਰਾ ਬਾਰੇ ਮੈਂ ਲੋਕਾਂ ਤੋਂ ਬਹੁਤ ਕੁਝ ਜਾਣਿਆ 'ਤੇ ਮੇਰੇ ਅਨੁਭਵ ਦਾ ਆਧਾਰ ਪੁਸਤਕਾਂ ਨਹੀਂ, ਲੋਕ-ਸੰਸਕ੍ਰਿਤੀ ਰਹੀ ਹੈ ਜਿਸ ਨੂੰ ਮੈਂ ਸਜੀਵ ਰੂਪ ਵਿੱਚ ਵੇਖਿਆ ਤੇ ਮਾਣਿਆ। ਮੇਰੇ ਘਰ ਦੇ ਸਾਮ੍ਹਣੇ ਇੱਕ ਮੁਲਤਾਨੀ ਪਰਿਵਾਰ ਰਹਿੰਦਾ ਸੀ। ਉਸ ਦੀ ਚੌਦਾਂ- ਪੰਦਰਾਂ ਵਰ੍ਹਿਆਂ ਦੀ ਲੜਕੀ ਪੁਸ਼ਪਾ ਸੀ। ਵੇਖਣ ਵਿੱਚ ਵੀ ਸਧਾਰਨ, ਚਾਲ-ਢਾਲ ਵਿੱਚ ਵੀ। ਉਹਨਾਂ ਦੇ ਘਰ ਵਿਆਹ ਸੀ। ਢੋਲਕੀ 'ਤੇ ਗੀਤ ਗਾਏ ਜਾ ਰਹੇ ਸਨ। ਮੈਂ ਆਪਣੇ ਕਮਰੇ ਵਿੱਚ ਸੁੱਤਾ ਪਿਆ ਸਾਂ। ਅਚਾਨਕ ਇੱਕ ਗੀਤ ਦੀ ਲੈ ਫ਼ਿਜ਼ਾਅ ਵਿੱਚ ਗੂੰਜੀ। ਮੇਰੀ ਅੱਖ ਖੁੱਲ੍ਹ ਗਈ–

ਉੱਚੀਆਂ ਤਾਂ ਲੰਮੀਆਂ ਟਾਹਲੀਆਂ, ਨੀ ਮਾਏ
ਵਿੱਚ ਗੁਜਰੀ ਦੀ ਪੀਂਘ, ਵੇ ਮਾਹੀਆ।
ਪੀਂਘ ਝੂਟੇਂਦੇ ਦੋ ਜਣੇ, ਨੀ ਓਇ
ਆਸ਼ਕ ਤੇ ਮਾਸ਼ੂਕ, ਵੇ ਮਾਹੀਆ।

ਰਾਤ ਦੇ ਟੂਣੇ ਵਿੱਚ ਇਹ ਲੈ ਮੈਨੂੰ ਕੀਲ ਗਈ। ਇਹ ਗੀਤ ਮੈਨੂੰ ਜ਼ਬਾਨੀ ਯਾਦ ਸੀ ਤੇ ਪਹਿਲਾਂ ਵੀ ਕਿਸੇ ਤੋਂ ਸੁਣ ਆਪਣੀ ਕਾਪੀ 'ਤੇ ਲਿਖ ਚੁੱਕਾ ਸੀ ਪਰ ਇਸ ਦਾ ਅਜਿਹਾ ਅਸਰ ਪਹਿਲਾਂ ਕਦੇ ਨਹੀਂ ਸੀ ਹੋਇਆ। ਮੇਰਾ ਅੰਦਰ ਬਾਹਰ ਨਸ਼ਿਆ ਜਿਹਾ ਗਿਆ। ਪਤਨੀ ਅਜੇ ਜਾਗਦੀ ਸੀ। ਮੈਂ ਪੁੱਛਿਆ, "ਇਹ ਕੌਣ ਗਾ ਰਿਹਾ ਏ?"

"ਪੁਸ਼ਪਾ।"

"ਪਰ ਇਤਨਾ ਮਿੱਠਾ! ਇਤਨਾ ਪਿਆਰਾ! ਉਹਦੇ ਗਲ਼ ਵਿੱਚ ਤਾਂ ਬੜਾ ਰਸ ਏ।"

"ਇਸ ਗੀਤ ਦੀ ਲੈ ਹੀ ਐਸੀ ਏ, ਕੋਈ ਵੀ ਕੁੜੀ ਗਾਵੇ, ਰਸ ਝਰੇਗਾ।"

ਮੈਨੂੰ ਪਹਿਲੀ ਵਾਰ ਸੋਝੀ ਹੋਈ ਕਿ ਲੋਕ-ਗੀਤਾਂ ਵਿੱਚ ਜਿਹੜੀ ਧੁਨੀ ਸੁੱਤੀ ਪਈ ਹੁੰਦੀ ਏ, ਉਹ ਹੀ ਉਸ ਦਾ ਅਸਲੀ ਟੂਣਾ ਹੈ।

ਗੀਤ ਤਾਂ ਮੈਂ ਢੇਰ ਸਾਰੇ ਇਕੱਠੇ ਕਰ ਲਏ ਪਰ ਗੀਤਾਂ ਦੀ ਰੂਹ—ਉਹਨਾਂ ਦੀਆਂ ਧੁਨੀਆਂ ਦੀ ਸੰਭਾਲ਼ ਕਰਨੀ ਮੇਰੇ ਵੱਸੋਂ ਬਾਹਰਾ ਕੰਮ ਸੀ। ਇਹ ਕੰਮ ਟੇਪ-ਰਿਕਾਰਡ ਦੁਆਰਾ ਹੋ ਸਕਦਾ ਸੀ ਜੋ ਮੇਰੀ ਪਹੁੰਚ ਵਿੱਚ ਨਹੀਂ ਸੀ।

ਲੋਕ-ਸਾਹਿਤ ਮਰਦਾ ਜਾ ਰਿਹਾ ਸੀ ਪਰ ਇਸ ਦੀ ਸੰਭਾਲ਼ ਲਈ ਕੋਈ ਉਤਸੁਕ ਨਹੀਂ ਸੀ। ਮੇਰੇ ਘਰ ਤੋਂ ਗਲ਼ੀਆਂ ਪਰ੍ਹੇ ਇੱਕ ਮੁਲਤਾਨੀ ਬੁੱਢਾ ਰਹਿੰਦਾ ਸੀ ਜੋ ਬਾਹਰੋਂ ਕਿਧਰੋਂ ਲੱਕੜਾਂ ਕੱਟ ਕੇ ਲਿਆਉਂਦਾ ਤੇ ਮੁਹੱਲੇ ਦੇ ਘਰਾਂ ਵਿੱਚ ਵੇਚ ਦਿੰਦਾ। ਉਹ ਸਾਡੇ ਘਰ ਵੀ ਕਦੇ-ਕਦੇ ਲੱਕੜਾਂ ਦਾ ਗੱਠਾ ਜਾਂ ਸਿਕਲੇ ਸੁੱਟ ਜਾਂਦਾ। ਉਸ ਦੇ ਤਾਂਬੇ ਰੰਗੇ ਚਿਹਰੇ 'ਤੇ ਪਈਆਂ ਡੂੰਘੀਆਂ ਝੁਰੜੀਆਂ, ਲੰਮੇ ਅਨੁਭਵ ਦਾ ਹੁੰਗਾਰਾ ਭਰਦੀਆਂ। ਪਿੰਡਾ ਲੂਠਿਆ ਹੋਇਆ ਤੇ ਸਰੀਰ ਹੰਢਿਆ ਹੋਇਆ ਪਰ ਅੱਖਾਂ ਮਸਾਲਾਂ ਵਾਂਗ ਚਮਕਦੀਆਂ।

ਇੱਕ ਦਿਨ ਮੇਰੀ ਪਤਨੀ ਘਰ ਨਹੀਂ ਸੀ, ਉਹ ਲੱਕੜਾਂ ਦਾ ਗੱਠਾ ਸੁੱਟ ਕੇ ਬੈਠ ਗਿਆ। ਮੈਂ ਗੱਲਾਂ ਛੂਹ ਲਈਆਂ। ਉਸ ਦੀ ਹਰ ਗੱਲ ਵਿੱਚ ਅਖਾਣ ਝੜਦੇ ਸਨ। ਮੇਰੀ ਦਿਲਚਸਪੀ ਜਾਗ ਪਈ। ਮੈਂ ਗੀਤਾਂ ਤੇ ਕਹਾਣੀਆਂ ਬਾਰੇ ਗੱਲ ਛੇੜੀ। ਉਸ ਦੀਆਂ ਅੱਖਾਂ ਚਮਕ ਪਈਆਂ। ਉਸ ਨੂੰ ਬੜੇ ਗੀਤ ਆਉਂਦੇ ਸਨ। ਲੋਕ-ਕਹਾਣੀਆ ਨਾਲ ਉਸ ਦੀ ਸਿਮਰਤੀ ਤੂਸੀ ਹੋਈ ਸੀ। ਮੈਂ ਉਸ ਨੂੰ ਕੁਝ ਗੀਤ ਅਤੇ ਕਹਾਣੀਆ ਲਿਖਵਾਉਣ ਵਾਸਤੇ ਪ੍ਰੇਰਦੇ ਹੋਏ ਕਿਹਾ, "ਬੜੇ ਸਵਾਬ ਦਾ ਕੰਮ ਈ—ਪੁੰਨ ਖੱਟ ਲੈ।"

"ਰੋਟੀ-ਟੁੱਕਰ ਕਮਾਵਣੋਂ ਹੀ ਵਿਹਲ ਨਹੀਂ ਡੇਂਦੀ।" ਉਹ ਘਬਰਾਇਆ ਹੋਇਆ ਸੀ। ਉਸ ਦੇ ਪੁੱਤਰ ਕੋਈ ਧੰਦਾ ਨਹੀਂ ਸੀ ਕਰਦੇ। ਕੋਠੇ-ਕੋਠੇ ਜਿੱਡੇ ਵੱਡੇ। ਬੱਸ, ਦੋਵੇਂ ਬਹਿ ਕੇ ਰੋਟੀ ਛਕ ਲੈਂਦੇ।

"ਤੂੰ ਕਿਤਨੇ ਪੈਸੇ ਰੋਜ਼ ਕਮਾ ਲੈਂਦਾ ਏਂ?"

"ਬੱਸ ਢਾਈ-ਤ੍ਰੈ ਰੁਪਏ।"

"ਇਤਨੇ ਤੂੰ ਮੇਰੇ ਕੋਲੋਂ ਚਾ ਘਿੰਨ ਤੇ ਦੋ-ਚਾਰ ਦਿਹਾੜੇ ਮੇਰੇ ਕੋਲ ਹੀ ਟਿਕ ਕੇ ਬਹਿ।"

"ਮੈਂ ਮੁਫਤਾਂ ਦੇ ਰੁਪਏ ਕਿਉਂ ਘਿੰਨਾਂ? ਗੱਲਾਂ ਕਰੇਣੇ ਦੇ ਪੈਸੇ। ਮੈਂ ਰੱਬ ਅੱਗੇ ਜਾਨ ਨਹੀਂ ਡੇਵਣੀ। ਪਿਉ-ਦਾਦੇ ਦਾ ਦਿੱਤਾ ਕੋਈ ਇੰਜ ਵੇਚਨੈ?"

ਮੈਂ ਉਹਨੂੰ ਬੜਾ ਸਮਝਾਇਆ ਪਰ ਉਸ ਨੇ ਇੱਕ ਨਾ ਸੁਣੀ, "ਜਿਸ 'ਲੇ ਵਿਹਲਾ ਥੀਵਸਾ, ਮੈਂ ਖ਼ੁਦ ਆ ਵੰਞਸਾ।"

ਮੈਂ ਦੋ ਮਹੀਨੇ ਉਡੀਕਦਾ ਰਿਹਾ, ਉਸ ਨੂੰ ਵਿਹਲ ਹੀ ਨਹੀਂ ਮਿਲ਼ੀ। ਜਦੋਂ ਉਹ ਵਿਹਲਾ ਹੋਇਆ, ਉਹਦੇ ਸੁਆਸ ਨਿਕਲ਼ ਚੁੱਕੇ ਸਨ।

ਪਰ ਫਿਰ ਵੀ ਮੈਂ ਗੀਤ, ਅਖਾਣ ਤੇ ਲੋਕ-ਕਹਾਣੀਆਂ ਜਿੱਥੋਂ ਵੀ ਪ੍ਰਾਪਤ ਹੋਈਆਂ, ਸੰਭਾਲਦਾ ਰਿਹਾ। ਇੱਕ-ਇੱਕ ਅਖਾਣ ਲਈ ਘਾਲਣਾ ਘਾਲਦਾ ਰਿਹਾ। ਇੱਕ ਵਾਰ ਮੈਂ ਆਪਣੇ ਘਰ ਤੋਂ ਥੋੜ੍ਹੀ ਦੂਰ ਦੋ ਤੀਵੀਆਂ ਨੂੰ ਗੱਲਾਂ ਕਰਦਿਆਂ ਕੋਈ ਅਖਾਣ ਪਾਉਂਦੇ ਸੁਣਿਆ ਜੋ ਪਹਿਲਾਂ ਕਦੇ ਨਹੀਂ ਸੀ ਸੁਣਿਆ। ਪੂਰਾ ਅਖਾਣ ਪੱਲੇ ਨਾ ਪਿਆ। ਮੈਂ ਰੁਕ ਤਾਂ ਗਿਆ ਪਰ ਓਪਰੀਆਂ ਜਵਾਨ ਕੁੜੀਆਂ ਸਨ, ਪੁੱਛਣ ਦਾ ਸਾਹਸ ਨਾ ਕਰ ਸਕਿਆ। ਮੈਂ ਕਾਹਲੇ-ਕਾਹਲੇ ਕਦਮ ਪੁੱਟਦਾ ਘਰ ਪੁੱਜਾ। ਉਹਨੀ ਦਿਨੀਂ ਮੇਰੀ ਜਵਾਨ ਸਾਲੀ ਦੀ ਮੌਤ ਹੋਈ-ਹੋਈ ਸੀ। ਮਹੱਲੇ-ਗਲ਼ੀ ਦੀਆਂ ਕੁਝ ਤੀਵੀਂਆਂ ਪਰਚਾਣ ਵਾਸਤੇ ਘਰ ਆਈਆਂ ਬੈਠੀਆਂ ਸਨ। ਮੈਂ ਬੀਵੀ ਨੂੰ ਇਸ਼ਾਰੇ ਨਾਲ਼ ਸੱਦਿਆ ਤੇ ਕਾਹਲੇ-ਕਾਹਲੇ ਕਦਮ ਪੁੱਟਦਾ ਉਹਨਾਂ ਮੁਟਿਆਰਾਂ ਕੋਲ ਲੈ ਗਿਆ ਤੇ ਉਹ ਅਖਾਣ ਉਹਨਾਂ ਤੋਂ ਪੁੱਛਿਆ, ਜੋ ਇਉਂ ਸੀ—

ਨਨਾਣਾਂ ਚਰਖੇ ਦੀਆਂ ਧਾਣਾਂ

ਦੇਵਰ ਦਿਲ ਦੇ ਜ਼ੇਵਰ

ਮੇਰੇ ਸਹੁਰੇ ਪਿੰਡ ਦੀ ਇੱਕ ਪੋਠੋਹਾਰਨ ਪ੍ਰਕਾਸ਼ ਇੱਕ ਵਾਰ ਸਾਡੇ ਮਿਲਣ ਆਈ। ਉਸ ਤੋਂ ਮੈਂ ਢੇਰ ਸਾਰੇ ਗੀਤ ਇਕੱਠੇ ਕੀਤੇ। ਕਈ ਲੋਕ-ਗੀਤ ਤਾਂ ਬੜੇ ਪੁਰਾਣੇ ਸਨ। ਮੈਂ ਉਦੋਂ ਤੱਕ ਪ੍ਰਕਾਸ਼ ਨੂੰ ਜਾਣ ਨਾ ਦਿੱਤਾ ਜਦੋਂ ਤੱਕ ਉਸ ਦੀ ਲੋਕ-ਸਿਮਰਤੀ ਨੂੰ ਬੂੰਦ-ਬੂੰਦ ਕਰ ਕੇ ਚੋ ਨਾ ਲਿਆ।

ਆਪਣੀ ਸੱਸ ਨੂੰ ਕਿਸੇ ਜੁਆਨ ਮੌਤ 'ਤੇ ਅਲਾਹੁਣੀਆਂ ਪਾਉਂਦੇ ਸੁਣਿਆ। ਮੈਂ ਲਿਖਵਾਣ ਵਾਸਤੇ ਕਿਹਾ ਪਰ ਉਹ ਹਮੇਸ਼ਾਂ ਟਾਲ਼ਦੇ ਰਹੇ।

"ਨਹੀਂ ਲਿਖਵਾਣੀਆਂ ਤਾਂ ਨਾ ਲਿਖਵਾਓ," ਮੈਂ ਇੱਕ ਦਿਨ ਔਖੇ ਹੋ ਕੇ ਕਿਹਾ, "ਹਰ ਵੇਲ਼ੇ ਟਾਲ਼ ਛੱਡਦੇ ਹੋ।"

"ਪੁੱਤਰਾ! ਇਹ ਗਾਲ਼ ਨਹੀਂ। ਜਦੋਂ ਗਹਿਰਾ ਸਦਮਾ ਹੋਨੈਂ, ਅਲਾਹੁਣੀਆਂ ਆਪਮੁਹਾਰੇ ਅੰਦਰੋਂ ਫੁੱਟ ਨਿਕਲ਼ਨੀਆ। ਸੋਚਣ ਨਾਲ਼ ਯਾਦ ਨਹੀਂ ਆਉਨੀਆਂ," ਉਹਨਾਂ ਆਪਣੀ ਮੁਸ਼ਕਲ ਦੱਸੀ।

ਗੱਲ ਤਾਂ ਠੀਕ ਸੀ।

"ਫਿਰ ਕਿਵੇਂ ਕੀਤਾ ਜਾਵੇ ?"

"ਤੂੰ ਕੱਲ੍ਹ ਦੁਪਹਿਰੀਂ ਆ ਵੰਞੀਂ, ਮੈਂ ਰੋਟੀ-ਟੁੱਕ ਤੋਂ ਵਿਹਲੀ ਹੋ ਕੇ ਲਿਖਵਾ ਦੇਸਾਂ।" ਉਹਨਾ ਕੁਝ ਸੋਚਦੇ ਹੋਏ ਕਿਹਾ।

ਜਦੋਂ ਮੈਂ ਅਗਲੇ ਦਿਨ ਦੁਪਹਿਰੀਂ ਗਿਆ ਤਾਂ ਬੇਜੀ ਵਿਹੜੇ ਵਿੱਚ ਇੱਕ ਪਾਸੇ ਦਰੀ ਵਿਛਾ ਕੇ ਬੈਠ ਗਏ ਤੇ ਲੰਮਾ ਘੁੰਢ ਕੱਢ ਕੇ, ਦੋ-ਤਿੰਨ ਸਾਲ ਪਹਿਲਾਂ ਸੁਰਗਵਾਸ ਹੋਏ ਆਪਣੇ ਜਵਾਨ ਪੁੱਤਰ ਨੂੰ ਯਾਦ ਕਰ ਕੇ ਰੋਂਦੇ ਹੋਏ ਵੈਣ ਪਾਉਣ ਲੱਗੇ। ਪਹਿਲਾਂ ਤਾਂ ਮੈਂ ਘਬਰਾ ਗਿਆ ਫਿਰ ਸਾਹਸ ਇਕੱਠਾ ਕਰ ਕੇ ਲਿਖਣ ਵਿੱਚ ਜੁਟ ਗਿਆ।

ਉਹ ਆਪਣੇ ਅੰਦਰਲੇ ਨਾਲ਼ ਇਕਸੁਰ ਹੋਏ, ਕਰੁਣਾ ਦੀ ਮੂਰਤੀ ਬਣੇ ਹੋਏ ਸਨ। ਵੈਣ ਪਾਉਂਦੀਆਂ ਸੁਣ ਕੇ ਨਾਲ਼ ਦੀਆਂ ਦੋ ਗੁਆਂਢਣਾਂ ਨੱਠੀਆਂ ਆਈਆਂ ਤੇ ਰੋਣ ਦਾ ਕਾਰਨ ਪੁੱਛਣ ਲੱਗੀਆਂ। ਮੈਂ ਸ਼ਰਮਸਾਰ। ਰੋਂਦੇ ਨੂੰ ਤਾਂ ਵਰਚਾਣਾ ਚਾਹੀਦਾ ਹੈ ਪਰ ਮੈਂ ਚੁੱਪ-ਚਾਪ, ਅਡਿੱਗ ਕੋਲ਼ ਬੈਠਾ ਲਿਖਦਾ ਰਿਹਾ ਸਾਂ। ਗੁਆਂਢਣਾਂ ਨੂੰ ਗੱਲ ਸਮਝਾਈ ਪਰ ਉਹਨਾਂ ਦੇ ਪੱਲੇ ਕੁਝ ਨਾ ਪਿਆ।

ਉਹ ਤਾਂ ਚਲੀਆਂ ਗਈਆਂ ਪਰ ਝੱਟ ਕੁ ਮਗਰੋਂ ਸਹੁਰਾ ਸਾਹਿਬ ਆ ਗਏ ਤੇ ਬੇਜੀ ਨੂੰ ਦਰੀ 'ਤੇ ਬੈਠ ਕੇ ਵੈਣ ਪਾਉਂਦਿਆਂ ਵੇਖ ਘਬਰਾ ਗਏ। ਮੈਨੂੰ ਕੋਲ਼ ਬੈਠ ਕੇ ਕੁਝ ਝਰੀਟਦਾ ਵੇਖ ਹੈਰਾਨ ਹੋ ਗਏ। ਗੱਲ ਉਹਨਾ ਨੂੰ ਸਮਝ ਆ ਗਈ ਪਰ ਮੈਂ ਇਤਨਾ ਸ਼ਰਮਸਾਰ ਹੋਇਆ ਕਿ ਕਾਗਜ਼-ਕਲਮ ਚੁੱਕੀ ਉੱਥੋਂ ਦੁੰਮ ਦਬਾ ਕੇ ਅਜਿਹਾ ਨੱਠਿਆ ਕਿ ਮੁੜ ਕਈ ਦਿਨ ਉੱਧਰ ਮੂੰਹ ਕਰਨ ਦੀ ਹਿੰਮਤ ਨਾ ਪਈ।

ਉੱਪਰਲੀ ਸਾਰੀ ਸਮਗਰੀ 'ਪੰਜਾਬੀ ਦਾ ਲੋਕ-ਸਾਹਿਤ' ਪੁਸਤਕ ਦਾ ਸਰੂਪ ਧਾਰਨ ਕਰ ਗਈ।

ਮੈਂ ਆਪਣੇ ਪਿੰਡਾਂ ਵਿੱਚੋਂ ਆਏ ਸਾਕ-ਸੰਬੰਧੀਆਂ ਤੋਂ ਕਹਾਣੀਆਂ ਸੁਣ ਕੇ ਤਾਂ ਇੰਨ-ਬਿੰਨ ਲਿਖਦਾ ਰਿਹਾ, ਪਰ ਕੁਝ ਦੇ ਨੋਟ ਲੈਂਦਾ ਰਿਹਾ। ਇੰਨ-ਬਿੰਨ ਲਿਖੀਆਂ ਕਹਾਣੀਆਂ ਨੂੰ ਮਗਰੋਂ 'ਪੰਜਾਬ ਦੀਆਂ ਕਹਾਣੀਆਂ' ਦੀ ਸਕਲ ਵਿੱਚ ਛਾਪਿਆ ਤੇ ਇਕੱਠੇ ਕੀਤੇ ਅਖਾਣਾਂ ਨੂੰ 'ਲੋਕ ਆਖਦੇ ਹਨ' ਦੇ ਰੂਪ ਵਿੱਚ।

ਉਹਨੀਂ ਦਿਨੀਂ ਮੈਂ ਹਰ ਰੋਜ਼ ਨਾਸ਼ਤਾ ਕਰਕੇ ਹਾਰਡਿੰਗ ਲਾਇਬ੍ਰੇਰੀ ਜਾਇਆ ਕਰਦਾ ਸਾਂ। ਮੇਰੇ ਕੋਲ਼ ਹਰਕੁਲੀਸ ਦੀ ਸਾਈਕਲ ਸੀ। ਉੱਥੋਂ ਦੁਪਹਿਰੀਂ ਵਿਹਲਾ ਹੋ ਕੇ ਘਰ ਖਾਣਾ ਖਾਣ ਆਉਂਦਾ। ਸਵੇਰੇ-ਸ਼ਾਮੀਂ ਮੈਂ ਪ੍ਰਾਈਵੇਟ ਕਲਾਸਾਂ ਜਾਂ ਕੋਈ ਟਿਊਸ਼ਨ ਪੜ੍ਹਾਂਦਾ। ਸਾਰਾ ਦਿਨ ਸਾਈਕਲ 'ਤੇ ਭੱਜਾ ਫਿਰਦਾ। ਇਹ ਸਾਈਕਲ ਮੇਰਾ ਹਮਸਫ਼ਰ ਨਹੀਂ ਸੀ; ਮੇਰੀ ਜ਼ਿੰਦਗੀ ਦੀ ਸਾਰੀ ਗਤੀ ਸੀ। ਮੇਰਾ ਉਤਸ਼ਾਹ। ਮੇਰਾ ਸਾਹਸ।

ਮੈਂ ਹਾਰਡਿੰਗ ਲਾਇਬ੍ਰੇਰੀ ਨੇਮ ਨਾਲ਼ ਜਾਂਦਾ। ਉੱਥੇ ਮੈਨੂੰ ਕੁਝ ਪੁਰਾਣੀਆਂ ਕਿਤਾਬਾਂ ਤੇ ਰਿਸਾਲੇ ਵੇਖਣ ਨੂੰ ਮਿਲ਼ਦੇ। ਦੁਪਹਿਰ ਤੱਕ ਮੈਂ ਕਿਤਾਬਾਂ ਵਿੱਚ ਖੁਭਿਆ ਰਹਿੰਦਾ ਤੇ ਨੋਟ ਝਰੀਟਦਾ ਜਾਂਦਾ, ਆਲੇ-ਦੁਆਲ਼ੇ ਤੋਂ ਬੇਖ਼ਬਰ। ਲੋਕ-ਧਾਰਾ ਦਾ ਵਿਸ਼ਾ ਵੈਸੇ ਵੀ ਬੜਾ ਰੋਚਕ ਹੈ—ਪੜ੍ਹਦਿਆਂ ਵੀ ਸੁਆਦ ਤੇ ਲਿਖਦਿਆਂ ਵੀ ਅਨੰਦ।

ਮਹੀਨਾ ਕੁ ਹੋ ਗਿਆ ਸੀ, ਰੋਜ਼ ਆਉਂਦਿਆਂ। ਇੱਕ ਦਿਨ ਮੈਂ ਪੜ੍ਹਨ ਵਿੱਚ ਇਤਨਾ ਮਗਨ ਸਾਂ ਕਿ ਮੈਨੂੰ ਆਪਣੀ ਸੁੱਧ-ਬੁੱਧ ਨਹੀਂ ਸੀ ਰਹੀ। ਨੀਤੀ-ਕਥਾਵਾਂ ਬਾਰੇ ਕੋਈ ਦੁਰਲੱਭ ਪੁਸਤਕ ਹੱਥ ਲੱਗੀ ਸੀ ਤੇ ਨੀਤੀ-ਕਥਾਵਾਂ ਦੇ ਅੰਦਰ ਦੀ ਮਾਨਸਿਕ ਗਹਿਰਾਈ ਤੇ ਨੈਤਿਕਤਾ ਬਾਰੇ ਮੈਨੂੰ ਬੜੀ ਭਰਪੂਰ ਸੋਝੀ ਹੋ ਰਹੀ ਸੀ।

ਜਦੋਂ ਮੈਂ ਕੰਮ ਮੁਕਾ ਕੇ ਉੱਠਿਆ। ਇੱਕ ਅਜੀਬ ਜਿਹੀ ਖ਼ੁਮਾਰੀ ਚੜ੍ਹੀ ਹੋਈ ਸੀ। ਮੈਂ ਝੂੰਮਦਾ ਹੋਇਆ ਸਾਈਕਲ ਕੋਲ਼ ਪੁੱਜਾ ਤੇ ਜੇਬ ਵਿੱਚੋਂ ਚਾਬੀ ਕੱਢ ਕੇ ਤਾਲਾ ਖੋਲ੍ਹਣ ਲੱਗਾ ਪਰ ਸਾਈਕਲ ਤਾਂ ਉੱਥੇ ਮੌਜੂਦ ਨਹੀਂ ਸੀ। ਇੱਧਰ- ਉੱਧਰ ਨਜ਼ਰ ਮਾਰੀ, ਸਾਈਕਲ ਨਦਾਰਦ। ਜਿਸ ਖਿੜਕੀ ਕੋਲ਼ ਮੈਂ ਪੜ੍ਹ ਰਿਹਾ ਸਾਂ, ਉੱਥੇ ਸਾਮ੍ਹਣੇ ਹੀ ਤਾਂ ਮੈਂ ਸਾਈਕਲ ਰੱਖਿਆ ਸੀ, ਝੱਟ ਕੁ ਪਹਿਲਾਂ ਨਜ਼ਰ ਵੀ ਮਾਰੀ ਸੀ।

ਸਾਈਕਲ ਤਾਂ ਮੇਰੇ ਪੈਰ ਸਨ, ਮੇਰੀ ਗਤੀ। ਲੰਮੇ ਫ਼ਾਸਲੇ ਹੁਣ ਕਿਵੇਂ ਤੈਅ ਹੋਣਗੇ ? ਸਾਈਕਲ ਦੇ ਚੋਰੀ ਹੋਣ ਦਾ ਮੈਨੂੰ ਇਤਨਾ ਦੁੱਖ ਨਹੀਂ ਸੀ ਜਿਤਨਾ ਇਸ ਗੱਲ ਦਾ ਕਿ ਦਿੱਲੀ ਦੇ ਸਾਰੇ ਪਾਸੇ ਫੈਲੀਆਂ ਸੜਕਾਂ ਮੈਨੂੰ ਪੈਦਲ ਕੱਛਣੀਆਂ ਪੈਣਗੀਆਂ।

ਮੈਂ ਘਬਰਾਇਆ ਹੋਇਆ ਚਾਂਦਨੀ-ਚੌਕ ਦੇ ਥਾਣੇ ਰਿਪੋਰਟ ਲਿਖਵਾਉਣ ਗਿਆ ਪਰ ਉੱਥੇ ਬੈਠੇ ਪੁਲਸੀਏ ਨੇ ਪਹਿਲਾਂ ਮੈਨੂੰ ਹੀ ਡਾਂਟਣਾ ਸ਼ੁਰੂ ਕਰ ਦਿੱਤਾ, "ਤਾਲਾ ਨਹੀਂ ਮਾਰਾ ਹੋਗਾ।" ਲੰਮੀਆਂ ਆਕੜੀਆਂ ਮੁੱਛਾਂ ਵਾਲ਼ਾ ਪੁਲਿਸੀਆ ਸੂਈ ਕੁੱਤੀ ਵਾਂਗ ਪੈ ਗਿਆ, "ਕਸੂਰ ਆਪਣਾ ਹੁੰਦਾ ਹੈ ਔਰ ਮੁਸੀਬਤ ਮੇਂ ਹਮੇਂ ਡਾਲ ਦੇਤੇ ਹੈਂ।"

"ਆਹ ਲਓ, ਵੇਖੋ ਚਾਬੀ।" ਮੈਂ ਚਾਬੀ ਵਿਖਾਈ।

ਪਰ ਉਹ ਰਿਪੋਰਟ ਲਿਖਣ ਵਾਸਤੇ ਫਿਰ ਵੀ ਤਿਆਰ ਨਾ ਹੋਇਆ। ਜਦੋਂ ਮੈਂ ਅਖ਼ਬਾਰਨਵੀਸ ਹੋਣ ਦਾ ਰੋਹਬ ਪਾਇਆ ਤਾਂ ਉਹ ਜ਼ਰਾ ਕੁ ਸੰਭਲਿਆ ਤੇ ਕਹਿਣ ਲੱਗਾ, "ਆਪ ਮਾਲਕੀ ਕਾ ਸਬੂਤ ਲੇ ਆਓ ਰਸੀਦ ਵਗੈਰਾ, ਹਮ ਰਿਪੋਰਟ ਲਿਖ ਲੇਂਗੇ।"

ਲੱਖ ਬਹਾਨੇ ਸਨ, ਉਹਨਾਂ ਕੋਲ਼ ਟਰਕਾਣ ਦੇ।

ਮੈਂ ਰਸੀਦ ਲੈਣ ਵਾਸਤੇ ਘਰ ਜਾਣ ਲੱਗਾ ਤਾਂ ਉੱਥੇ ਖੜ੍ਹਾ ਇੱਕ ਆਦਮੀ ਮੈਨੂੰ ਕਹਿਣ ਲੱਗਾ, "ਮੇਰਾ ਵੀ ਸਾਈਕਲ ਗੁੰਮ ਹੋ ਗਿਆ ਸੀ। ਮਿਲ ਤਾਂ ਗਿਐ ਪਰ ਪੁਲਿਸ ਵਾਲ਼ਿਆਂ ਨੇ ਬਹੁਤ ਸਾਰੇ ਪੁਰਜ਼ੇ ਲਾਹ ਲਏ ਨੇ, ਕੁਝ ਬਦਲ ਦਿੱਤੇ ਤੇ ਕਾਠੀ ਉਤਾਰ ਲਈ ਤੇ ਨਿਰਾ ਢਾਂਚਾ ਰਹਿ ਗਿਐ। ਤੇ ਇਹ ਵੀ ਲੈਣ ਲਈ ਜਿਤਨਾ ਖ਼ੁੱਜਲ-ਖ਼ੁਵਾਰ ਹੋਣਾ ਪਿਐ, ਇਹ ਮੈਂ ਹੀ ਜਾਣਦਾਂ। ਕੋਈ ਫ਼ੈਦਾ ਨਹੀਂ ਰਿਪੋਰਟ ਲਿਖਵਾਣ ਦਾ।" ਤੇ ਫਿਰ ਉਹ ਆਦਮੀ ਮੈਨੂੰ ਰਤਾ ਪਰੇਡੇ ਲਿਜਾ ਕੇ ਕਹਿਣ ਲੱਗਾ, "ਇਹ ਤਾਂ ਭੁੱਖੀਆਂ ਗਿਰਝਾਂ ਨੇ, ਮਾਸ ਤਰੁੰਡਣ ਵਾਲ਼ੀਆਂ। ਗਿਰਝਾਂ ਤਾਂ ਮੁਰਦਾ ਮਾਸ ਨੂੰ ਤਰੁੰਡਦੀਆਂ ਨੇ, ਇਹ ਲੋਕ ਤਾਂ ਜਿਊਂਦੇ ਮਾਸ ਦੀਆਂ ਬੋਟੀਆਂ ਲਾਹੁੰਦੇ ਨੇ। ਇਸ ਢਾਂਚੇ ਜਿਹੇ ਨੂੰ ਲੈਣ ਲਈ ਵੀ ਰਿਸ਼ਵਤ ਦੇਣੀ ਪੈ ਰਹੀ ਏ।"

ਇਹ ਗੱਲ ਸੁਣ ਕੇ ਮੈਨੂੰ ਰਿਪੋਰਟ ਲਿਖਵਾਣ ਦੀ ਹਿੰਮਤ ਨਾ ਪਈ।

ਮੈਂ ਨਿਰਾਸ ਹੋ ਕੇ ਘਰ ਪਰਤ ਆਇਆ।

'ਸਾਈਕਲ ਕਿੱਥੇ ਜੇ?' ਪਤਨੀ ਨੇ ਮੈਨੂੰ ਵੇਖਦੇ ਸਾਰ ਘਬਰਾ ਕੇ ਪੁੱਛਿਆ।

ਇਹ ਵੇਖ। ਮੈਂ ਆਪਣੀ ਪਤਨੀ ਨੂੰ ਚਾਬੀ ਵਿਖਾਂਦੇ ਹੋਏ ਕਿਹਾ, "ਪਰ ਸਾਈਕਲ ਸੁੰਗੜ ਕੇ ਬੱਸ ਇਤਨੀ ਜਿਹੀ ਰਹਿ ਗਈ ਏ।" ਤੇ ਮੇਰਾ ਹਾਸਾ ਨਿਕਲ ਗਿਆ। ਇਹ ਹਾਸਾ ਤਾਂ ਪਤਾ ਨਹੀਂ ਮੈਨੂੰ ਆਪਣੀ ਤਕਦੀਰ 'ਤੇ ਆਇਆ, ਪਤਾ ਨਹੀਂ ਅਜ਼ਾਦ ਭਾਰਤ ਦੀ ਅਜ਼ਾਦ ਪੁਲਿਸ 'ਤੇ।

ਮੇਰੀ ਪਤਨੀ ਦੀਆ ਅੱਖਾ 'ਚ ਅੱਥਰੂ ਛਲਕ ਆਏ....।

ਮੇਰੀ ਪਤਨੀ ਕਾਫ਼ੀ ਦੇਰ ਤੱਕ ਨਿੰਮੋਝੂਣ ਤੇ ਬਿਖਰੀ ਹੋਈ ਬੈਠੀ ਰਹੀ—ਅਹਿੱਲ, ਅਜੰਤਾ ਦੀ ਕੋਈ ਮੂਰਤੀ। ਫਿਰ ਉੱਠ ਕੇ ਦੂਜੇ ਕਮਰੇ ਵਿੱਚ ਗਈ। ਵੱਡਾ ਟ੍ਰੰਕ ਖੋਲ੍ਹ ਕੇ ਸੋਨੇ ਦਾ ਹਾਰ ਕੱਢ ਲਿਆਈ। ਇਸ ਦੀ ਇੱਕ ਜ਼ੰਜੀਰੀ ਟੁੱਟੀ ਪਈ ਸੀ। ਕੁਝ ਦਿਨ ਪਹਿਲਾਂ ਉਸ ਨੇ ਮੁਰੰਮਤ ਕਰਵਾ ਲਿਆਣ ਵਾਸਤੇ ਕਿਹਾ ਸੀ ਪਰ ਰੁਪਏ ਨਾ ਹੋਣ ਕਾਰਨ ਮੈਂ ਅਸਮਰਥ ਸਾਂ।

"ਇਹ ਲਓ, ਲੈ ਜਾਓ", ਹਾਰ ਹੱਥਾ ਵਿੱਚ ਫੜਾਂਦੇ ਹੋਏ ਉਸ ਨੇ ਕਿਹਾ।

ਮੈਨੂੰ ਕੁਝ ਸਮਝ ਨਾ ਆਈ ਕਿ ਉਹ ਗੁੱਸੇ ਨਾਲ ਹਾਰ ਦੇ ਰਹੀ ਏ ਜਾਂ ਪਿਆਰ ਨਾਲ਼। ਲੰਮੇ ਘਰੋਗੀ ਦਲਿੱਦਰ ਕਾਰਨ ਅਸੀਂ ਇੱਕ-ਦੂਜੇ ਤੋਂ ਅੱਕੇ-ਥੱਕੇ ਰਹਿੰਦੇ ਸਾਂ।

"ਕੀ ਕਰਾਂ, ਇਹਨੂੰ?" ਮੈਂ ਸਮਝਿਆ ਉਹ ਮੁਰੰਮਤ ਕਰਵਾਉਣ ਲਈ ਦੇ ਰਹੀ ਏ। "ਇਹਨੂੰ ਵੇਚ ਕੇ ਸਾਈਕਲ ਲੈ ਆਓ।" ਉਸ ਨੇ ਇਉਂ ਕਿਹਾ ਜਿਵੇਂ ਮੇਰੇ ਮੂੰਹ 'ਤੇ ਵੱਟਾ ਮਾਰ ਰਹੀ ਹੋਵੇ।

"ਨਹੀਂ, ਇਹ ਨਹੀਂ ਹੋ ਸਕਦਾ।" ਮੇਰੇ ਅੰਦਰੋਂ ਵੀ ਪਿਆਰ ਫੁੱਟ ਪਿਆ। ਕੁਝ ਦਿਨ ਪਹਿਲਾਂ ਹੀ ਤਾਂ ਘਰ ਦਾ ਖ਼ਰਚ ਚਲਾਣ ਵਾਸਤੇ ਮੈਂ ਉਹਦਾ ਸੁਨਹਿਰੀ ਤਾਰਾਂ ਵਾਲ਼ਾ ਵਰੀ ਵਿੱਚ ਢੋਇਆ ਦੁਪੱਟਾ ਵੇਚਿਆ ਸੀ ਤੇ ਉਸ ਤੋਂ ਕੁਝ ਦਿਨ ਪਹਿਲਾਂ ਤਿੱਲੇਦਾਰ ਸੁਨਹਿਰੀ ਸੂਟ।

"ਜਦੋਂ ਜੁੜਿਆ ਬਣਾ ਦੇਣਾ" ਤੇ ਉਹ ਕੰਮ ਵਿੱਚ ਜੁਟ ਪਈ, ਜਿਵੇਂ ਹੋਇਆ ਹੀ ਕੁਝ ਨਹੀਂ ਹੁੰਦਾ।

ਉਸੇ ਵੇਲ਼ੇ ਮੈਂ ਚਾਂਦਨੀ-ਚੌਕ ਵਿੱਚ ਸੁਨਿਆਰੇ ਕੋਲ਼ ਗਿਆ। ਗਰਜ਼ਵੰਦ ਸਾਂ, ਜੋ ਵੱਟਿਆ ਸੋ ਖੱਟਿਆ। ਫਿਰ ਪਲਈਅਰ ਗਾਰਡਨ ਤੋਂ ਸਾਈਕਲ ਖ਼ਰੀਦੀ। ਵੀਹ ਕੁ ਰੁਪਏ ਬਚ ਗਏ। ਇਸ ਰਕਮ ਨਾਲ਼ ਦਸ-ਪੰਦਰਾਂ ਦਿਨ ਸੁਖਾਲ਼ੇ ਲੰਘ ਜਾਣਗੇ। ਮੈਂ 'ਸਾਈਕਲ' ਭੁੜਕਾਂਦਾ ਘਰ ਆ ਗਿਆ, ਜਿਵੇਂ ਮਾਲੀ ਜਿੱਤੀ ਹੋਵੇ। ਸਾਈਕਲ ਵੇਖ ਕੇ ਮੇਰੀ ਪਤਨੀ ਹੱਸ ਪਈ ਪਰ ਜਦੋਂ ਮੈਂ ਬਾਕੀ ਦੇ ਰੁਪਏ ਉਸ ਦੀ ਤਲ਼ੀ 'ਤੇ ਰੱਖੇ ਤਾਂ ਉਸ ਦੀਆਂ ਅੱਖਾਂ ਭਰ ਆਈਆਂ। ਸੋਚਦੀ ਹੋਵੇਗੀ ਕਿ ਮੈਂ ਲੈ ਕੇ ਕੀ ਗਿਆ ਸਾਂ ਤੇ ਮੋੜ ਕੇ ਕੀ ਦੇ ਰਿਹਾ ਹਾਂ।

ਪਰ ਮੈਂ ਉੱਥੇ ਦਾ ਉੱਥੇ ਹੀ ਖੜ੍ਹਾ ਸੀ। ਪਹਿਲੇ ਪਰਛਾਂਵਿਆਂ ਵਿੱਚ ਘਿਰਿਆ, ਕੰਮ- ਧੰਦੇ ਤੋਂ ਬੇਨਿਆਜ਼। ਸਾਈਕਲ ਮਿਲ਼ ਗਈ, ਖੰਭ ਫਿਰ ਉੱਗ ਪਏ ਸਨ। ਪੜ੍ਹਨ ਦਾ ਸ਼ੌਕ ਫਿਰ ਜਾਗ ਉੱਠਿਆ।ਅਗਲੇ ਦਿਨ ਤੋਂ ਮੈਂ ਆਰਕੀਓਲੋਜੀਕਲ ਲਾਇਬ੍ਰੇਰੀ ਜਾਣਾ ਸ਼ੁਰੂ ਕਰ ਦਿੱਤਾ।

ਇਸ ਲਾਇਬ੍ਰੇਰੀ ਵਿੱਚ ਮੈਂ 'ਫਤਿਹ ਪ੍ਰੀਤਮ' ਦੀ ਨੌਕਰੀ ਦੇ ਦੌਰਾਨ ਕਦੇ-ਕਦੇ ਜਾਇਆ ਕਰਦਾ ਸਾਂ। ਇੱਥੇ ਭਾਰਤੀ ਸੱਭਿਆਚਾਰ, ਧਰਮ-ਇਤਿਹਾਸ ਤੇ ਲੋਕ-ਧਾਰਾ ਬਾਰੇ ਅਣਮੋਲ ਪੁਸਤਕਾਂ ਦਾ ਅਮੁੱਕ ਖ਼ਜ਼ਾਨਾ ਹੈ। ਕੁਝ ਪੁਰਾਣੇ ਮਾਸਿਕ ਪੱਤਰ-ਇੰਡੀਅਨ ਐਂਟੀਕੁਏਰੀ, ਪੰਜਾਬ ਨੋਟਸ ਐਂਡ ਕੁਐਰੀ, ਰਾਇਲ ਏਸ਼ਿਆਟਿਕ ਜਨਰਲ, ਫ਼ੋਕਲੋਰ ਜਨਰਲ ਤੇ ਪੰਜਾਬ ਦੇ ਹਰ ਜ਼ਿਲ੍ਹੇ ਦੀ ਗਜ਼ਟੀਅਰ ਜੋ ਹੋਰ ਕਿਧਰੇ ਵੇਖਣ ਨੂੰ ਨਹੀਂ ਸਨ ਮਿਲਦੇ, ਇੱਥੇ ਸੰਭਾਲ਼ੇ ਪਏ ਸਨ। ਇਹਨਾਂ ਰਿਸਾਲਿਆਂ ਵਿੱਚ ਪੰਜਾਬ ਦੀ ਲੋਕ-ਧਾਰਾ ਨਾਲ਼ ਸੰਬੰਧਿਤ ਢੇਰ ਸਾਰੀ ਸਮਗਰੀ ਬਿਖਰੀ ਪਈ ਹੈ। ਇੱਥੇ ਆ ਕੇ ਮੈਨੂੰ ਪ੍ਰਤੀਤ ਹੋਇਆ, ਜਿਵੇਂ ਮੇਰੇ ਸਾਮ੍ਹਣੇ ਸੁੱਚੇ ਮੋਤੀਆ ਤੇ ਹੀਰੇ-ਲਾਲਾ ਦਾ ਅੰਬਾਰ ਲੱਗਾ ਹੋਵੇ ਤੇ ਮੈਂ ਇਹ ਮੋਤੀ ਪਰਖਣ ਲਈ ਚੁਗਣ ਲੱਗਾ।

ਮੈਂ ਇਹ ਪਾਤਸ਼ਾਹੀ ਗੁਆਉਣਾ ਨਹੀਂ ਸੀ ਚਾਹੁੰਦਾ। ਇਸ ਲਈ ਬਿਨਾਂ ਨਾਗਾ ਸਵੇਰੇ ਲਾਇਬ੍ਰੇਰੀ ਖੁੱਲ੍ਹਦੇਸਾਰ ਆ ਧਮਕਦਾ ਤੇ ਬੰਦ ਹੋਣ ਵੇਲੇ ਬਾਹਰ ਨਿਕਲਦਾ। ਘਰ ਦੀ ਭੁੱਖ- ਨੰਗ ਤੋਂ ਬੇਨਿਆਜ਼। ਸਾਰਾ ਦਿਨ ਬਿਨਾਂ ਕੁਝ ਖਾਧੇ-ਪੀਤੇ ਪੜ੍ਹਦਾ ਜਾਂ ਲਿਖਦਾ ਰਹਿੰਦਾ। ਵੱਧ ਤੋਂ ਵੱਧ ਪਾਣੀ ਮੇਰਾ ਆਧਾਰ ਸੀ। ਘਰੋਂ ਮੈਂ ਹਮੇਸ਼ਾਂ ਇਹ ਕਹਿ ਕੇ ਨਿਕਲਦਾ ਕਿ ਮੈਂ ਇੰਮਪਲਾਇਮੈਂਟ ਐਕਸਚੇਂਜ ਨੌਕਰੀ ਲੱਭਣ ਚੱਲਿਆ ਹਾਂ। ਸਾਰਾ ਦਿਨ ਰੁੱਝਿਆ ਰਹਿਣ ਕਰਕੇ, ਘਰ ਥੱਕ ਕੇ ਚੂਰ ਪਰਤਦਾ। ਪਤਨੀ ਇਹੋ ਸਮਝਦੀ ਕਿ ਮੈਂ ਨੌਕਰੀ ਲੱਭਣ ਵਾਸਤੇ ਭਟਕਦਾ ਰਿਹਾ ਹਾਂ। ਉਹਨੂੰ ਮੇਰੇ 'ਤੇ ਤਰਸ ਆਉਂਦਾ।

ਘਰ ਭੁੱਖ-ਨੰਗ ਵਰਤੀ ਸੀ—ਕਦੇ ਕੋਈ ਟਿਊਸ਼ਨ ਮਿਲ ਜਾਂਦੀ ਤਾਂ ਪੜ੍ਹਾ ਲੈਂਦਾ। ਕਦੇ ਕਿਸੇ ਰਿਸਾਲੇ—ਜਾਗ੍ਰਤੀ, ਸੈਨਿਕ ਸਮਾਚਾਰ ਜਾਂ ਪੰਜਾਬੀ ਦੁਨੀਆ ਵਿੱਚ ਕੋਈ ਲੇਖ ਛਪ ਜਾਂਦਾ ਤਾਂ ਚਾਰ ਪੈਸੇ ਆ ਜਾਂਦੇ। ਕਦੇ ਕਰਜ਼ਾ ਲੈ ਕੇ ਘਰ ਚਲਾਂਦਾ ਤੇ ਕਦੇ ਘਰ ਦਾ ਕੋਈ ਲੁੜੀਂਦਾ ਸਮਾਨ ਵੇਚ ਕੇ। ਜੇ ਚਾਰੇ ਬੰਨੇ ਕੋਈ ਚਾਰਾ ਨਾ ਚੱਲਦਾ ਤਾਂ ਪਤਨੀ ਨੂੰ ਕੁਝ ਦਿਨਾਂ ਲਈ ਬੱਚਿਆਂ ਸਮੇਤ ਪੇਕੇ ਭੇਜ ਦਿੰਦਾ।

ਆਰਕੀਲੌਜੀਕਲ ਲਾਇਬ੍ਰੇਰੀ ਵਿੱਚ ਮੈਂ ਕਈ ਮਹੀਨੇ ਜਾਂਦਾ ਰਿਹਾ। ਇੱਥੇ ਹੀ ਮੈਂ ਲੋਕ-ਧਾਰਾ ਬਾਰੇ ਬਹੁਤ ਕੁਝ ਪੜ੍ਹਿਆ, ਸਮਝਿਆ ਤੇ ਅੰਦਰ ਰਚਾਇਆ ਜੋ ਮੇਰੀ ਮਾਨਸਿਕਤਾ ਵਿੱਚ ਰਚ ਕੇ ਮੇਰੀ ਸੋਚ-ਪ੍ਰਵਾਹ ਦਾ ਹਿੱਸਾ ਬਣ ਗਿਆ। ਮੇਰਾ ਅੰਦਰ ਭਰਿਆ-ਭਰਿਆ ਰਹਿੰਦਾ। ਖਾਣ-ਪੀਣ ਵੱਲ ਧਿਆਨ ਨਹੀਂ ਸੀ ਜਾਂਦਾ। ਜਿਸਮ ਕਈ ਵਾਰ ਲਿਖਦਿਆਂ-ਪੜ੍ਹਦਿਆਂ ਥੱਕ ਜਾਂਦਾ ਪਰ ਮਨ ਕਦੇ ਨਹੀਂ ਸੀ ਅੱਕਿਆ। ਇੱਕ ਨਸ਼ਾ ਜਿਹਾ ਰਹਿੰਦਾ। ਇੱਥੇ ਮੇਰਾ ਕਈ ਵਿਦਵਾਨਾਂ ਨਾਲ ਮੇਲ ਹੋਇਆ। ਇੱਥੇ ਹੀ ਮੈਂ ਡਾ. ਅੰਬੇਦਕਰ ਨੂੰ ਪਹਿਲੀ ਵਾਰ ਮਿਲਿਆ। ਉਸ ਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ, ਗਿਆਨ ਨਾਲ ਛਲਕਦੀਆਂ ਤੇ ਸੋਚ ਨੂੰ ਟੁੰਬਦੀਆਂ। ਇੱਥੇ ਹੀ ਪ੍ਰੋ. ਪ੍ਰੀਤਮ ਸਿੰਘ ਨੂੰ ਪਹਿਲੀ ਵਾਰ ਵੇਖਿਆ, ਪੜ੍ਹਨ ਵਿੱਚ ਲੀਨ, ਪਰ ਅਸੀਂ ਇੱਕ-ਦੂਜੇ ਨੂੰ ਉਦੋਂ ਜਾਣਦੇ ਨਹੀਂ ਸਾਂ। ਇੱਥੇ ਹੀ ਕਦੇ-ਕਦੇ ਦੇਵਰਾਜ ਚਾਨਣਾ ਵੀ ਮਿਲਦੇ, ਮੋਹ ਭਿੱਜੇ, ਜੋ ਹੁਣ ਨਹੀਂ ਰਹੇ...।

ਫਿਰ ਮੈਨੂੰ ਇੱਕ ਹੋਰ ਲਾਇਬ੍ਰੇਰੀ ਬਾਰੇ ਪਤਾ ਚੱਲਿਆ—ਸੈਂਟਰਲ ਸਕੱਤ੍ਰੇਤ ਲਾਇਬ੍ਰੇਰੀ ਜੋ ਉਦੋਂ ਨਾਰਥ ਬਲਾਕ ਵਿੱਚ ਸਥਿਤ ਸੀ। ਪਾਸ ਬਣਵਾ ਕੇ ਅੰਦਰ ਜਾਣਾ ਪੈਂਦਾ। ਮੈਂ ਨੇਮ ਨਾਲ ਜਾਣਾ ਸ਼ੁਰੂ ਕੀਤਾ। ਸਵੇਰੇ ਆ ਜਾਂਦਾ ਤੇ ਪੰਜ ਵਜੇ ਤੱਕ ਬੈਠਾ ਪੜ੍ਹਦਾ ਤੇ ਲਿਖਦਾ ਰਹਿੰਦਾ। ਇੱਥੇ ਵੀ ਦੁਰਲੱਭ ਕਿਤਾਬਾਂ ਦਾ ਖ਼ਜ਼ਾਨਾ ਸੀ। ਰੋਜ਼ ਆਉਣ ਕਰਕੇ ਮੈਨੂੰ ਸਭ ਪਛਾਣਨ ਲੱਗ ਪਏ। ਫਿਰ ਮੈਂ ਪਾਸ ਬਣਵਾਏ ਬਗ਼ੈਰ ਹੀ ਅੰਦਰ ਚਲਾ ਜਾਂਦਾ।

ਇੱਕ ਦਿਨ ਮੈਂ ਕਿਤਾਬਾਂ ਦੇ ਸੈਲਫ ਫਰੋਲਦਾ ਲਾਇਬ੍ਰੇਰੀ ਦੇ ਪਿਛਲੇ ਪਾਸੇ ਵੱਲ ਨਿਕਲ ਗਿਆ। ਉੱਥੇ ਇੱਕ ਵੱਡੇ ਮੇਜ਼ ਦੁਆਲੇ ਕੁਝ ਅਰਾਮਦੇਹ ਕੁਰਸੀਆਂ ਵਿਛੀਆਂ ਹੋਈਆਂ ਸਨ। ਇੱਕ ਪਾਸੇ ਇੱਕ ਸੋਫਾ-ਸੈੱਟ ਪਿਆ ਸੀ। ਉੱਪਰ ਚਾਰ-ਚੁਫੇਰੇ ਪੰਜ-ਛੇ ਪੱਖੇ ਚੱਲ ਰਹੇ ਸਨ। ਕਮਰੇ 'ਚ ਕੁਝ ਹਨੇਰਾ ਸੀ ਪਰ ਜੇ ਚਾਰੇ ਪਾਸੇ ਫੈਲੀਆਂ ਬੱਤੀਆਂ ਜਗਾ ਦਿੱਤੀਆਂ ਜਾਣ ਤਾਂ ਸੂਰਜ ਉਗਮ ਪੈਂਦਾ ਸੀ।

ਕਮਰਾ ਠੰਢਾ ਸੀ, ਮੈਂ ਇੱਥੇ ਹੀ ਕਿਤਾਬਾਂ ਰੱਖ ਕੇ ਬੈਠ ਗਿਆ ਤੇ ਪੜ੍ਹਨ-ਲਿਖਣ ਲੱਗਾ। ਨਵੇਕਲੀ ਤੇ ਅਰਾਮਦੇਹ ਥਾਂ, ਬੜਾ ਮਜ਼ਾ ਆਇਆ। ਅਗਲੇ ਦਿਨ ਮੈਨੂੰ ਇੱਥੇ ਬੈਠੇ ਨੂੰ ਕਿਸੇ ਨਾ ਗੌਲ਼ਿਆ। ਤੇ ਫਿਰ ਜਿਵੇਂ ਮੈਂ ਇਸ ਕਮਰੇ 'ਤੇ ਕਬਜ਼ਾ ਹੀ ਕਰ ਲਿਆ। ਹਰ ਰੋਜ਼ ਲਾਇਬ੍ਰੇਰੀ ਖੁੱਲ੍ਹਦੇਸਾਰ, ਮੈਂ ਇੱਥੇ ਆ ਬਿਰਾਜਦਾ ਤੇ ਸ਼ਾਮੀਂ ਪੰਜ ਵਜੇ ਉੱਠਦਾ। ਲਾਇਬ੍ਰੇਰੀ ਦੇ ਬਹੁਤੇ ਮੁਲਾਜ਼ਮ ਮੈਨੂੰ ਲਾਇਬ੍ਰੇਰੀ ਦੇ ਅਮਲੇ ਦਾ ਹੀ ਹਿੱਸਾ ਸਮਝਣ ਲੱਗੇ। ਕਈ ਵਾਰ ਲਾਇਬ੍ਰੇਰੀਅਨ ਵੀ ਗੇੜਾ ਕੱਢਦਾ ਹੋਇਆ ਆਉਂਦਾ ਤੇ ਮੈਨੂੰ ਕੰਮ ਵਿੱਚ ਰੁੱਝਾ ਵੇਖ, ਮੁਸਕਰਾ ਕੇ ਚਲਾ ਜਾਂਦਾ।

ਇੱਕ ਮਹੀਨਾ ਬੀਤ ਗਿਆ। ਦੂਜਾ ਵੀ, ਤੀਜਾ ਮਹੀਨਾ, ਆਖ਼ਰੀ ਸਾਹਾਂ 'ਤੇ ਸੀ। ਅਚਾਨਕ ਲਾਇਬ੍ਰੇਰੀਅਨ ਨੂੰ ਇੱਕ ਕਮਰੇ ਦੀ ਸਖ਼ਤ ਲੋੜ ਪਈ। ਫ਼ੋਕ-ਲਿਟਰੇਚਰ ਦੇ ਇੱਕ ਵਿਭਾਗ ਨੇ ਬੈਠਣਾ ਸੀ। ਸਭਨਾਂ ਨੇ ਸਮਝਿਆ, ਮੈਂ ਇੱਥੇ ਕਿਸੇ ਡੈਪੂਟੇਸ਼ਨ 'ਤੇ ਆਇਆ ਹੋਇਆਂ, ਇਸ ਵਾਸਤੇ ਉਹਨਾਂ ਮੈਨੂੰ ਉੱਥੋਂ ਉਠਾਣਾ ਠੀਕ ਨਾ ਸਮਝਿਆ। ਅਖ਼ੀਰ ਜਦੋਂ ਮੇਰੇ ਵਾਲੀ ਥਾਂ ਦੀ ਸਖ਼ਤ ਲੋੜ ਮਹਿਸੂਸ ਹੋਈ ਤਾਂ ਉਹਨਾਂ ਮੇਰਾ ਕਿਧਰੇ ਹੋਰ ਪ੍ਰਬੰਧ ਕਰਨ ਦੇ ਵਿਚਾਰ ਨਾਲ ਮੇਰੇ ਅਹੁਦੇ ਬਾਰੇ ਵੇਰਵੇ ਨਾਲ ਪੁੱਛਿਆ ਤਾਂ ਪ੍ਰਬੰਧਕਾਂ ਨੂੰ ਪਤਾ ਲੱਗਾ ਕਿ ਮੈਂ ਤਾਂ ਇੱਕ ਵਿਹਲਾ ਪੜ੍ਹਾਕੂ ਹਾਂ, ਕੋਈ ਕੰਮ-ਧੰਦਾ ਹੀ ਨਹੀਂ ਕਰਦਾ। ਗੱਲ ਲਾਇਬ੍ਰੇਰੀਅਨ ਤੱਕ ਪੁੱਜੀ। ਉਹ ਗ਼ੁੱਸੇ ਨਾਲ ਭੂਤਰਿਆ ਹੋਇਆ ਮੇਰੇ 'ਤੇ ਵਰ੍ਹਨ ਲੱਗਾ, ਸਾਹੋ-ਸਾਹ ਹੋਇਆ, ਉਹ ਅੰਗਰੇਜ਼ੀ ਵਿੱਚ ਅਬਾ-ਤਬਾ ਬੋਲਦਾ ਗਿਆ, "ਤੂੰ ਕਿਸ ਦੀ ਇਜਾਜ਼ਤ ਨਾਲ ਇੱਥੇ ਬੈਠੈਂ, ਮੈਂ ਤੈਨੂੰ ਪੁਲਿਸ ਦੇ ਹਵਾਲੇ ਕਰਦਾ ਆਂ।" ਗੱਲ ਵੀ ਠੀਕ ਸੀ, ਮੇਰੇ ਕੋਲ ਤਾਂ ਅੰਦਰ ਆਉਣ ਵਾਸਤੇ ਆਗਿਆ-ਪੱਤਰ ਵੀ ਨਹੀਂ ਸੀ।

ਪੂਰੇ ਦਸ ਮਿੰਟ ਉਹ ਲਾਇਬ੍ਰੇਰੀਅਨ, ਝੱਗੋ-ਝੱਗ ਹੋਇਆ ਭੌਂਕਦਾ ਰਿਹਾ। ਮੇਰਾ ਇਤਨਾ ਅਪਮਾਨ ਪਹਿਲਾਂ ਕਦੇ ਨਹੀਂ ਸੀ ਹੋਇਆ ਤੇ ਇਤਨੀ ਸ਼ਾਂਤੀ ਨਾਲ ਮੈਂ ਇਹੋ- ਜਿਹੀਆਂ ਗੱਲਾਂ ਪਹਿਲਾਂ ਕਦੇ ਨਹੀਂ ਸਨ ਸੁਣੀਆਂ। ਮੈਂ ਚੁੱਪ-ਚਾਪ ਕਾਗ਼ਜ਼ ਸਮੇਟਦਾ ਰਿਹਾ ਤੇ ਦੁੰਮ ਦਬਾ ਕੇ ਅਜਿਹਾ ਨੱਸਿਆ ਕਿ ਮੁੜ ਕਦੇ ਉਧਰ ਮੂੰਹ ਨਾ ਕੀਤਾ।

ਚਾਰ-ਪੰਜ ਦਿਨ ਮੈਂ ਘਰ ਹੀ ਛਹਿਕਿਆ ਬੈਠਾ ਰਿਹਾ। ਉਦਾਸ ਤੇ ਬਿਖਰਿਆ ਹੋਇਆ। ਪਰ ਨਿੱਤ-ਨਵੀਆਂ ਕਿਤਾਬਾਂ ਪੜ੍ਹਨ ਦਾ ਚਸਕਾ ਇਤਨਾ ਸੀ ਕਿ ਫਿਰ ਲਾਲਸਾ ਭੜਕ ਉੱਠੀ। ਲੱਗਦਾ, ਜਿਵੇਂ ਕਿਤਾਬਾਂ ਮੈਨੂੰ ਅਵਾਜ਼ਾਂ ਮਾਰ ਰਹੀਆਂ ਹੋਣ। ਸ਼ਬਦ ਮੇਰਾ ਨਾਂ ਲੈ-ਲੈ ਕੇ ਬੁਲਾ ਰਹੇ ਹੋਣ। ਤੇ ਅਗਲੇ ਦਿਨ ਮੈਂ ਸਾਈਕਲ 'ਤੇ ਲੱਤ ਧਰ ਆਰਕੀਲੌਜੀਕਲ ਲਾਇਬ੍ਰੇਰੀ ਵੱਲ ਤੁਰ ਪਿਆ।

ਮੈਂ ਬਰਾਂਡੇ ਵਿੱਚ ਸਾਈਕਲ ਰੱਖ ਕੇ ਜੰਦਰਾ ਮਾਰਿਆ ਤੇ ਲਾਇਬ੍ਰੇਰੀ ਅੰਦਰ ਜਾ ਕੇ ਕਿਤਾਬਾਂ ਦੀਆਂ ਸ਼ੈਲਫਾਂ ਫਰੋਲਣ ਲੱਗਾ। ਇਤਨੀ ਦੇਰ ਤੱਕ ਚਪੜਾਸੀ ਦੌੜਦਾ ਆਇਆ ਤੇ ਕਹਿਣ ਲੱਗਾ, "ਬਾਹਰ ਸਾਈਕਲ ਆਪ ਦੀ ਹੈ ?"

"ਜੀ ਹਾਂ, ਕਿਉਂ ?"

"ਇੱਥੇ ਸਾਈਕਲ ਰੱਖਣੀ ਮਨ੍ਹਾ ਏ, ਉੱਧਰ ਕੰਟੀਨ ਕੋਲ਼ ਸਾਈਕਲ-ਸਟੈਂਡ ਬਣਿਆ ਹੋਇਐ, ਉੱਥੇ ਰੱਖੋ। ਲਾਇਬ੍ਰੇਰੀਅਨ ਸਾਹਿਬ ਦਾ ਹੁਕਮ ਏ।"

ਮੈਂ ਉੱਥੋਂ ਸਾਈਕਲ ਚੁੱਕ ਲਈ ਤੇ ਸਾਈਕਲ-ਸਟੈਂਡ 'ਤੇ ਜਾ ਰੱਖੀ। ਠੇਕੇਦਾਰ ਦਾ ਨੌਕਰ ਦੌੜਦਾ ਆਇਆ ਤੇ ਪਰਚੀ ਕੱਟਦਾ ਹੋਇਆ ਕਹਿਣ ਲੱਗਾ, "ਇੱਕ ਆਨਾ ਦੇ ਦਿਓ।"

"ਇਹ ਸਾਈਕਲ-ਸਟੈਂਡ ਠੇਕੇ 'ਤੇ ਏ ?" ਮੈਂ ਹੈਰਾਨ ਹੋ ਕੇ ਕਿਹਾ, "ਪਰ ਮੇਰੇ ਕੋਲ਼ ਤਾਂ ਆਨਾ ਨਹੀਂ।" ਮੈਂ ਸਾਰੀਆਂ ਜੇਬਾਂ ਫਰੋਲਦੇ ਹੋਏ ਕਿਹਾ।

"ਆਨਾ ਵੀ ਨਹੀਂ!" ਠੇਕੇਦਾਰ ਦੇ ਨੌਕਰ ਨੇ ਘੂਰੀ ਵੱਟ ਕੇ ਸਿਰ ਤੋਂ ਪੈਰਾਂ ਤੱਕ ਮੇਰੇ ਵੱਲ ਵੇਖਿਆ।

"ਕੱਲ੍ਹ ਦੇ ਦਿਆਂਗਾ," ਮੈਂ ਕਹਿ ਤਾਂ ਗਿਆ ਪਰ ਕੱਲ੍ਹ ਆਨਾ ਕਿੱਥੋਂ ਆਏਗਾ ਘਰ 'ਚ ਤਾਂ ਕੱਚੀ ਕੌਡੀ ਵੀ ਨਹੀਂ ਸੀ।

"ਇੱਥੇ ਹੁਧਾਰ ਨਹੀਂ ਚੱਲਦਾ।"

ਮੇਰੇ ਮਨ ਨੂੰ ਸਖ਼ਤ ਧੱਕਾ ਵਜਾ। ਮੈਂ ਤਾਂ ਰੁਪਏ-ਪੈਸੇ ਤੋਂ ਮੁਕਤ ਹੋ ਕੇ ਜੀਣਾ ਚਾਹੁੰਦਾ ਸਾਂ। ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਪੈਸਾ ਹੀ ਸੰਸਾਰ ਦਾ ਗੁਰੂ-ਪੀਰ ਏ। ਪੈਸੇ ਦੀ ਪੂਜਾ ਦੇ ਬਾਅਦ ਹੀ ਹੋਰ ਕੋਈ ਪੂਜਾ ਹੋ ਸਕਦੀ ਹੈ। ਇੱਕ ਆਨਾ ਰੱਬ ਬਣ ਕੇ ਮੇਰੀਆਂ ਅੱਖਾਂ ਅੱਗੇ ਤੈਰਨ ਲੱਗਾ। ਇੱਕ ਆਨਾ ਜੋ ਮੇਰੀ ਜੇਬ ਵਿੱਚ ਨਹੀਂ ਸੀ, ਮੇਰਿਆਂ ਕੰਨਾਂ ਵਿੱਚ ਜ਼ੋਰ ਨਾਲ਼ ਗੂੰਜਣ ਲੱਗਾ।

"ਇੱਕ ਆਨਾ ਵੀ ਨਹੀਂ!" ਜਿਵੇਂ ਕੋਈ ਬਹੁਮੁਖਾ ਤੀਰ ਹੋਵੇ, ਜੋ ਮੇਰੇ ਅੰਦਰ ਦੀ ਹਰ ਨਾੜੀ ਨੂੰ ਵਿੰਨ੍ਹ ਗਿਆ। ਮੈਨੂੰ ਆਪਣੇ-ਆਪ 'ਤੇ ਤਰਸ ਆਉਣ ਲੱਗਾ। ਆਪਣੀ ਗਰੀਬੀ ਤੇ ਲਾਚਾਰੀ 'ਤੇ। ਆਪਣੇ-ਆਪ ਤੋਂ ਘਿਰਣਾ ਜਿਹੀ ਹੋਣ ਲੱਗੀ। ਦਲਿੱਦਰੀ ਬਣ ਕੇ ਜੀਣ ਦਾ ਕੀ ਫ਼ਾਇਦਾ! ਹੱਥਾਂ ਵਿੱਚ ਫੜੀ ਫ਼ਾਈਲ ਜਿਸ 'ਤੇ ਮੈਂ ਨੋਟ ਲੈਂਦਾ ਸਾਂ, ਮੈਨੂੰ ਫਨੀਅਰ ਸੱਪ ਵਾਂਗ ਡੰਗ ਮਾਰਨ ਲੱਗੀ।

"ਮੈਂ ਹੁਣ ਪੈਸਾ ਕਮਾਵਾਂਗਾ।" ਘਰ ਪਹੁੰਚ ਕੇ ਪਤਨੀ ਨੂੰ ਕਿਹਾ, "ਮੈਂ ਅਮੀਰ ਬਣਾਂਗਾ।"

ਉਹ ਹੱਸ ਪਈ ਤੇ ਵਿਅੰਗ ਨਾਲ਼ ਕਹਿਣ ਲੱਗੀ, "ਤੁਸੀਂ ਪੈਸਾ ਕਮਾਓਗੇ ?" ਜਿਵੇਂ ਉਹਨੂੰ ਮੇਰੀ ਗੱਲ 'ਤੇ ਵਿਸ਼ਵਾਸ ਈ ਨਾ ਰਿਹਾ ਹੋਵੇ, "ਤੁਸੀਂ ਕਲਮ ਘਿਸਾ ਸਕਦੇ ਹੋ ਬੱਸ, ਘਿਸਾਈ ਜਾਓ।"

'ਮੈਂ ਰੁਪਏ ਕਮਾਵਾਂਗਾ, ਢੇਰ, ਝੱਲੀਏ, ਮੈਂ ਜਿੱਧਰ ਵਗਿਆ ਹਾਂ, ਦਰਿਆ ਵਾਂਗ ਫੈਲਿਆ ਆਂ।' ਫਿਰ ਮੈਂ ਆਪਣੀ ਪਤਨੀ ਨੂੰ ਆਨੇ ਵਾਲ਼ੀ ਗੱਲ ਦੱਸੀ। ਪਤਨੀ ਨੂੰ ਮੇਰੇ 'ਤੇ ਬੜਾ ਤਰਸ ਆਇਆ।

ਝੱਟ ਕੁ ਅਰਾਮ ਕਰਕੇ, ਮੈਂ ਖੋਜ ਨਾਲ ਸੰਬੰਧਿਤ ਸਭ ਫ਼ਾਈਲਾਂ ਇਕੱਠੀਆਂ ਕਰ ਕੇ ਬੰਨ੍ਹੀਆਂ ਤੇ ਇੱਕ ਬਕਸੇ ਵਿੱਚ ਸੁੱਟ ਦਿੱਤੀਆਂ, ਦਿਲ ਵਿੱਚ ਆਇਆ, ਰੱਦੀ ਵੇਚ ਦਿਆਂ। ਇਸ ਖ਼ਿਆਲ ਨਾਲ਼ ਦਿਲ ਨੂੰ ਇੱਕ ਝਟਕਾ ਜਿਹਾ ਲੱਗਾ। ਸੰਸਕਾਰ ਇਤਨੇ ਛੇਤੀ ਨਹੀਂ ਮਰਦੇ। ਲੱਗਦਾ, ਜਿਵੇਂ ਫ਼ਾਈਲਾਂ ਵਿੱਚ ਕੈਦ ਸਮਗਰੀ ਜੀਣ ਲਈ ਦੁਹਾਈ ਪਾ ਰਹੀ ਹੋਵੇ।

"ਹੁਣ ਪੈਸਾ ਕਮਾਣੈ, ਘਰ ਬੰਨ੍ਹਣੈ, ਮਕਾਨ ਉਸਾਰਨੈ—ਮੈਂ ਬੋਲਦਾ ਜਾ ਰਿਹਾ ਸੀ।"

"ਸ਼ੇਖ਼ਚਿੱਲੀ ਨਾ ਹੋਣ ਤਾਂ," ਮੇਰੀ ਪਤਨੀ ਨਿਹੋਰੇ ਨਾਲ਼ ਕਹਿਣ ਲੱਗੀ, "ਘਰ ਆਟਾ ਨਹੀਂ, ਅੰਮਾਂ ਪੀਹਣ ਚੱਲੀ !" ਉਸ ਨੂੰ ਅਖਾਣ ਕਹਿਣ ਦੀ ਬੜੀ ਆਦਤ ਸੀ।

**ਔਖੇ ਸ਼ਬਦ :** **ਕਹਿਣਾ**-ਇੱਕ ਨਿੱਕਾ ਪਰ ਲੰਮੀਆਂ ਲੱਤਾਂ ਵਾਲਾ ਮੱਕੜ ਜੋ ਘਰਾਂ ਦੇ ਅੰਦਰ ਜਾਲਾ ਤਣਦਾ ਹੈ, ਕਨ੍ਹਾ। **ਮਰਤਬਾ**-ਪਦ, ਰੁਤਬਾ, ਦਰਜਾ। **ਫ਼ਿਜ਼ਾਅ**-ਖੁੱਲ੍ਹਾ ਮੈਦਾਨ। **ਸਵਾਬ**-ਪੁੰਨ, ਭਲਾਈ। **ਨਦਾਰਦ**-ਗ਼ਾਇਬ। **ਬੇਨਿਆਜ਼**-ਹਰ ਪ੍ਰਕਾਰ ਦੀਆਂ ਲੋੜਾਂ ਅਤੇ ਬੰਧਨਾ ਤੋਂ ਮੁਕਤ, ਲਾਪਰਵਾਹ। **ਸਿਕਲ**-ਭਾਰ

# ਅਭਿਆਸ

(ੳ) ਵਸਤੂਨਿਸ਼ਠ ਪ੍ਰਸ਼ਨ :–

1. 'ਆਪਣੀ ਸੋਚ ਦੇ ਗਹਿਰੇ ਸਾਏ' ਸੰਜੀਵਨੀ-ਅੰਸ਼ ਕਿਸ ਦੀ ਰਚਨਾ ਹੈ ?
2. ਕਾਲਜ ਵਿੱਚ ਪੜ੍ਹਦਿਆਂ ਵਣਜਾਰਾ ਬੇਦੀ ਕਿਸ ਪ੍ਰੋਫ਼ੈਸਰ ਤੋਂ ਪ੍ਰਭਾਵਿਤ ਹੋਇਆ ?
3. ਲੇਖਕ ਕੋਲ ਸਾਈਕਲ-ਸਟੈਂਡ ਵਾਲ਼ੇ ਨੂੰ ਦੇਣ ਲਈ ਕਿੰਨੇ ਪੈਸੇ ਨਹੀਂ ਸਨ ?
4. ਲੇਖਕ ਨੇ ਫ਼ਸਟ ਡਿਵੀਜ਼ਨ ਵਿੱਚ ਐੱਮ.ਏ. ਪਾਸ ਕੀਤੀ। (ਸਹੀ/ਗਲਤ)
5. ਪਿਤਾ ਦੀ ਬੇਵਕਤੀ ਮੌਤ ਕਾਰਨ ਵਣਜਾਰਾ ਬੇਦੀ ਨੂੰ ਪੜ੍ਹਾਈ ਵਿਚਾਲ਼ੇ ਛੱਡ ਕੇ ਨੌਕਰੀ ਕਰਨੀ ਪਈ। (ਸਹੀ/ਗਲਤ)
6. ਲੋਕਧਾਰਾ ਨੂੰ ਇਕੱਤਰ ਕਰਨ ਵਿੱਚ ਲੇਖਕ ਨੂੰ ਬਹੁਤੀ ਸਮਗਰੀ ਸਰਨਾਰਥੀਆਂ ਤੋਂ ਮਿਲੀ। (ਸਹੀ/ਗਲਤ)
7. "ਉੱਚੀਆਂ-ਲੰਮੀਆਂ ਟਾਹਲੀਆਂ : ..........." ਗੀਤ ਲੇਖਕ ਦੀ ਗੁਆਂਢਣ ਕੁੜੀ __________ ਗਾ ਰਹੀ ਸੀ। (ਖ਼ਾਲੀ ਸਥਾਨ ਭਰੋ)
8. ਨਵਾਂ ਸਾਈਕਲ ਖ਼ਰੀਦਣ ਲਈ ਵਣਜਾਰਾ ਬੇਦੀ ਨੂੰ ਆਪਣੀ ਪਤਨੀ ਦਾ __________ ਵੇਚਣਾ ਪਿਆ। (ਖ਼ਾਲੀ ਸਥਾਨ ਭਰੋ)
9. ਵਣਜਾਰਾ ਬੇਦੀ ਨੇ ਆਪਣੀ ਸੱਸ ਨੂੰ ਕੀ ਲਿਖਵਾਉਣ ਲਈ ਕਿਹਾ —

   (ੳ) ਸੁਹਾਗ (ਅ) ਘੋੜੀਆਂ

   (ੲ) ਅਲਾਹੁਣੀਆਂ (ਸ) ਬੋਲੀਆਂ
10. ਡਾ. ਵਣਜਾਰਾ ਬੇਦੀ ਨੇ ਕਿਸ ਵਿਸ਼ੇ 'ਤੇ ਪੀ-ਐਚ.ਡੀ. ਕਰਨੀ ਸ਼ੁਰੂ ਕੀਤੀ —

    (ੳ) ਪੰਜਾਬ ਦਾ ਲੋਕ-ਸਾਹਿਤ (ਅ) ਪੰਜਾਬੀ ਨਾਵਲ

    (ੲ) ਪੰਜਾਬੀ ਕਵਿਤਾ (ਸ) ਪੰਜਾਬੀ ਨਾਟਕ

(ਅ) ਦੱਸੋ :–

1. ਲੇਖਕ ਨੇ ਸਮੇਂ-ਸਮੇਂ ਆਪਣਾ ਜੀਵਨ-ਮਨੋਰਥ ਕੀ ਮਿਥਿਆ ਤੇ ਕਿਉਂ ?
2. ਲੋਕ-ਸਾਹਿਤ ਇਕੱਤਰ ਕਰਨ ਲਈ ਵਣਜਾਰਾ ਬੇਦੀ ਨੂੰ ਕਿਸ-ਕਿਸ ਤਰ੍ਹਾਂ ਦੇ ਯਤਨ ਕਰਨੇ ਪਏ ? ਇਸ ਪਾਠ ਦੇ ਆਧਾਰ 'ਤੇ ਦੱਸੋ।
3. ਲੇਖਕ ਨੇ ਵਿੱਦਿਆ-ਪ੍ਰਾਪਤੀ ਅਤੇ ਖੋਜ ਦਾ ਕੰਮ ਅੰਤਾਂ ਦੀਆਂ ਆਰਥਿਕ ਤੰਗੀਆਂ ਦੇ ਬਾਵਜੂਦ ਕੀਤਾ। ਇਸ ਸੰਬੰਧੀ ਇੱਕ ਨੋਟ ਲਿਖੋ।
4. ਲੇਖਕ ਦੀ ਉਸ ਦੇ ਗੁਆਂਢ ਵਿੱਚ ਰਹਿੰਦੇ ਮੁਲਤਾਨੀ ਬਜ਼ੁਰਗ ਨਾਲ਼ ਜੋ ਗੱਲ-ਬਾਤ ਹੋਈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।
5. ਇਸ ਪਾਠ ਨੂੰ ਪੜ੍ਹ ਕੇ ਡਾ. ਵਣਜਾਰਾ ਬੇਦੀ ਦੀ ਸ਼ਖ਼ਸੀਅਤ ਬਾਰੇ ਤੁਹਾਨੂੰ ਜੋ ਜਾਣਕਾਰੀ ਮਿਲਦੀ ਹੈ, ਉਸ ਬਾਰੇ ਨੋਟ ਲਿਖੋ।

❋❋❋❋❋

# 11

# ਡਾ. ਜਸਵੰਤ ਸਿੰਘ ਨੇਕੀ

## (1925-2015)

| | | |
|---|---|---|
| ਪਿਤਾ | : | ਸ. ਹਰੀ ਗੁਲਾਬ ਸਿੰਘ |
| ਮਾਤਾ | : | ਸ੍ਰੀਮਤੀ ਸੀਤਾਵੰਤੀ |
| ਵਿੱਦਿਆ | : | ਐੱਮ. ਬੀ. ਬੀ. ਐੱਸ, ਐੱਮ. ਏ. (ਮਨੋਵਿਗਿਆਨ), ਡੀ. ਪੀ. ਐੱਸ, ਐੱਫ. ਆਰ. ਸੀ. ਸਾਈਕ |
| ਕਿੱਤਾ | : | ਮਨੋਚਿਕਿਤਸਕ, ਪੀ. ਜੀ. ਆਈ. ਚੰਡੀਗੜ੍ਹ ਦੇ ਡਾਇਰੈਕਟਰ ਦੇ ਅਹੁਦੇ 'ਤੇ ਬਿਰਾਜਮਾਨ ਰਹੇ ਹਨ। |
| ਮੁੱਖ ਰਚਨਾਵਾਂ | : | **ਕਾਵਿ-ਸੰਗ੍ਰਹਿ :** ਅਸਲੇ ਤੇ ਉਹਲੇ, ਇਹ ਮੇਰੇ ਸੰਸੇ ਇਹ ਮੇਰੇ ਗੀਤ, ਸਿਮਰਿਤੀ ਦੇ ਕਿਰਨ ਤੋਂ ਪਹਿਲਾਂ, ਕਰੁਣਾ ਦੀ ਛੁਹ ਤੋਂ ਮਗਰੋਂ, ਪ੍ਰਤਿਬਿੰਬਾਂ ਦੇ ਸਰੋਵਰ 'ਚੋਂ, ਨਾ ਇਹ ਗੀਤ ਨਾ ਬਿਰਹੜਾ, ਬਿਰਖੈ ਹੇਠ ਸਭ ਜੰਤ, ਗੀਤ ਮੇਰਾ ਸੋਹਿਲਾ ਤੇਰਾ |
| ਹੋਰ ਰਚਨਾਵਾਂ | : | ਪਾਣੀ ਵਿੱਚ ਪਤਾਸੇ (ਬਾਲ-ਸਾਹਿਤ), ਮੇਰੀ ਸਾਹਿਤਿਕ ਸ੍ਵੈਜੀਵਨੀ, ਸੁਗੰਧ ਆਬਨੂਸ (ਅਫਰੀਕਨ ਲੋਕ-ਗੀਤ), ਇਸ ਤੋਂ ਇਲਾਵਾ ਧਰਮ-ਵਿਗਿਆਨ ਨਾਲ ਸੰਬੰਧਿਤ ਪੁਸਤਕਾਂ ਵੀ ਲਿਖੀਆਂ ਹਨ। |

ਡਾ. ਨੇਕੀ ਦੀ ਕਵਿਤਾ ਵਿੱਚ ਧਰਮ, ਦਰਸ਼ਨ, ਮਨੋਵਿਗਿਆਨ, ਰਹੱਸ, ਰਾਜਨੀਤੀ, ਪੱਤਰਕਾਰੀ ਅਤੇ ਅਧਿਆਤਮਵਾਦ ਦੇ ਵਿਸ਼ੇਸ਼ ਗੁਣ ਝਲਕਦੇ ਹਨ। ਡਾ. ਨੇਕੀ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਸ ਨੇ ਆਪਣੀ ਸ੍ਵੈਜੀਵਨੀ "ਕੋਈ ਨਾਉਂ ਨਾ ਜਾਣੈ ਮੇਰਾ" ਵੀ ਕਵਿਤਾ ਰੂਪ ਵਿੱਚ ਲਿਖੀ ਹੈ। ਹਥਲੀ ਪਾਠ-ਪੁਸਤਕ ਲਈ ਇਸੇ ਪੁਸਤਕ ਵਿੱਚੋਂ "ਚੰਡੀਗੜ੍ਹ ਵਿੱਚ ਨਿਯੁਕਤੀ" ਸ੍ਵੈਜੀਵਨੀ-ਅੰਸ਼ ਲਿਆ ਗਿਆ ਹੈ। ਇਸ ਵਿੱਚ ਡਾ. ਨੇਕੀ ਨੇ ਪੀ. ਜੀ. ਆਈ. ਦੇ ਡਾਇਰੈਕਟਰ ਵਜੋਂ ਨਿਯੁਕਤੀ ਉਪਰੰਤ ਆਪਣੀ ਘਾਲਣਾ ਦਾ ਵਰਨਣ ਕੀਤਾ ਹੈ ਅਤੇ ਨਾਲ਼ ਹੀ ਜ਼ਿੰਦਗੀ ਦਾ ਮੁੱਖ ਤੱਤ ਘਾਲਣਾ ਕਰਨ ਨੂੰ ਹੀ ਦੱਸਿਆ ਹੈ। ਘਾਲਣਾ ਕਰਕੇ ਹੀ ਰੱਬ ਨੇੜੇ ਢੁਕਦਾ ਹੈ। ਘਾਲਣਾ ਕਰਨ ਨਾਲ਼ ਬੇਲੋੜੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

*****

# ਚੰਡੀਗੜ੍ਹ ਵਿੱਚ ਨਿਯੁਕਤੀ

1.

ਕਦੇ ਚਿੱਤ ਚੇਤੇ ਨਾ ਸੀ ਦਿੱਲੀ ਕਦੇ ਛੋੜਾਂਗੇ ਵੀ,
ਦਿੱਲੀ ਨਾਲ਼ ਜਾਣੇ ਕਿਉਂ ਪਿਆਰ ਸੀ।
ਥਾਂਵਾਂ, ਪਰ, ਕੌਈ ਕਦੋਂ ਕਿਸੇ ਨਾਲ਼ ਨਿਭਦੀਆਂ ਨੇ,
ਸਾਡਾ ਇੰਞ ਬੱਝਣਾ ਬੇਕਾਰ ਸੀ।
ਜਦੋਂ ਤੀਕ ਕਾਲ ਦੇਂਦਾ ਪੱਕਾ ਨ ਬਿਠਾਲ ਕਿਤੇ,
ਓਦੋਂ ਤੀਕ ਦਾਅਵਾ ਕਿਹਾ ਥਾਨ ਦਾ?
ਕਿਹੜੇ ਦੇਸ਼ ਜਾਣਾ, ਕਿਹੜਾ ਆਗਨਾ ਵਸਾਣਾ ਅਸਾ
ਇਹਦਾ ਭੇਤ ਕੋਈ ਵੀ ਨ ਜਾਣਦਾ।
ਹੁਕਮ ਸਾਨੂੰ ਹੋਇਆ ਅਸੀਂ ਚੰਡੀਗੜ੍ਹ ਜਾਵੀਏ,
ਡਾਕਟਰੀ ਦੇ ਵੱਡੇ ਸੰਸਥਾਨ ਨੂੰ ਚਲਾਵੀਏ।
ਅਸਾਂ ਓਥੇ ਜਾਣ ਦਾ ਨ ਲਿਆ ਕਦੇ ਖ਼੍ਵਾਬ ਸੀ,
ਇਹ ਤਾਂ ਸੁਧਾ ਮਿਥੇ ਹੋਏ ਕਾਲ ਦਾ ਹਿਸਾਬ ਸੀ।
ਕਾਲ ਨਾਲ਼ ਨਿਭਣਾ ਨ ਦੁਨੀ ਉੱਤੇ ਸਹਿਲ ਜੇ।
ਕਾਲ ਦੇ ਤਾਂ ਥੇਹਾਂ ਤੇ ਅਨੰਤਤਾ ਦੇ ਮਹਿਲ ਜੇ।
ਕਾਲ ਤੋਂ ਹੀ ਮੇਲੇ ਹੋਣ, ਕਾਲ ਤੋਂ ਹੀ ਪਿਰਹੜੇ,
ਕਾਲ ਹੀ ਤੋਂ ਗੀਤ ਬਣਨ, ਕਾਲ ਹੀ ਤੋਂ ਬਿਰਹੜੇ।
ਕਾਲ ਦੇ ਘਲਾਏ ਅਸੀਂ ਓਥੇ ਚਲੇ ਗਏ ਫਿਰ,
ਸੱਜਰੀ ਜਵਾਬਦੇਹੀ ਨਾਲ਼ ਜੁਝ ਪਏ ਫਿਰ।
ਤਿੰਨ ਸਾਲ ਓਥੇ ਅਸਾਂ ਕੱਟੇ ਭਾਣੇ ਰੱਬ ਦੇ,
ਓਡੇ ਕਰਮਸ਼ੀਲ ਵਰ੍ਹੇ ਭਾਗਾਂ ਨਾਲ਼ ਲੱਭਦੇ।

2.

ਘਾਲਣਾ ਹੀ ਘਾਲਣਾ ਸੀ ਓਥੇ ਸਾਡੇ ਭਾਗਾਂ ਵਿੱਚ,
ਘਾਲਣਾ ਹੀ ਜਾਗੇ ਵਿੱਚ, ਘਾਲਣਾ ਹੀ ਖ਼੍ਵਾਬਾਂ ਵਿੱਚ।
ਵਿਹਲ ਨਾ ਸੀ ਸੁਪਨੇ ਭਵਿਖ ਜੋਗੇ ਲੈਣ ਦੀ,
ਵਿਹਲ ਨਾ ਸੀ ਆਪਣੇ ਕੁਟੰਬ ਪਾਸ ਬਹਿਣ ਦੀ,
ਜਿਵੇਂ ਕਦੇ ਲਹਿਰਾਂ ਨਾ ਸਮੁੰਦ ਦੀਆਂ ਸੌਂਦੀਆਂ,
ਬੰਦ ਕਦੇ ਧਰਾ ਦੀਆਂ ਗਰਦਸ਼ਾ ਨ ਹੋਂਦੀਆਂ,
ਬੀਜ ਜਿਵੇਂ ਡਿਗੀ ਜਾਂਦੇ, ਜੰਗਲ਼ ਉਗਾਂਵਦੇ,
ਮੇਘ ਜਿਵੇਂ ਝੜੀ ਲਾ ਕੇ ਬਰਖਾ ਵਸਾਂਵਦੇ,
ਤਿਵੇਂ ਰੁੱਝਾ ਰਹਾ ਮੈਂ ਵੀ ਆਪਣੇ ਵਿਹਾਰ ਵਿੱਚ।
ਹੱਥ ਰੱਖਾਂ ਕਾਰਜਾਂ 'ਚ, ਚਿੱਤ ਕਰਤਾਰ ਵਿੱਚ।

'ਘਾਲਣਾ ਹੀ ਪੂਜਾ ਹੈ' ਅਵਾਜ਼ ਮੈਨੂੰ ਆਂਵਦੀ,
ਜਦੋਂ ਮਧੂ-ਮੱਖੀ ਲੰਘੇ ਲਾਗੋਂ ਗੁਣਗੁਣਾਂਵਦੀ।
ਉੱਦਮ ਹੀ ਜ਼ਿੰਦਗੀ ਹੈ, ਉੱਦਮ ਹੀ ਸਾਨ ਹੈ,
ਉੱਦਮ ਬਗੈਰ ਜ਼ਿੰਦਗਾਨੀ ਸੁੰਨਸਾਨ ਹੈ।
ਪੰਛੀ ਖੰਭ ਮਾਰਦੇ ਤਾਂ ਅੰਬਰਾਂ ਨੂੰ ਗਾਹੁੰਦੇ,
ਸੁਸਤ ਮਨਾਂ ਤਾਈਂ ਤਾਂ ਵਿਚਾਰ ਵੀ ਡਰਾਂਵਦੇ।
ਘਾਲਣਾ 'ਚ ਲੱਗਿਆਂ ਨੂੰ ਚਿੰਤਾ ਜੋਗੀ ਵਿਹਲ ਨਾ।
ਆਲ਼ਸ ਤਾਂ ਜ਼ਿੰਦਗੀ ਦੀ ਕਰੇ ਅਵਹੇਲਨਾ।
ਮੈਨੂੰ ਲੱਗੇ, ਘਾਲਣਾ ਹੀ ਅਸਲੋਂ ਪਵਿੱਤ ਹੈ,
ਘਾਲਣਾ 'ਚ ਲੱਗੀਏ ਤਾਂ ਰੱਬ ਹੋਂਦਾ ਮਿੱਤ ਹੈ।
ਘਾਲਣਾ ਅਵਿਰਲ ਭਾਵੇਂ ਕਿੱਤੇ ਦੀ ਨਸੀਬ ਸੀ,
ਕਾਵਿ 'ਚ ਵੀ ਕਾਰਜ ਕਮਾਵਾਂ, ਇਹ ਵੀ ਰੀਝ ਸੀ।
ਸ਼ੁਰੂ ਓਦੋਂ ਏਹੋ ਨਿੱਜ-ਬੀਤੀ ਕਰ ਲੀਤੀ ਮੈਂ,
ਪੂਰੀ ਭਾਵੇਂ ਮਗਰਲੇ ਦਹਾਕਿਆਂ 'ਚ ਕੀਤੀ ਮੈਂ।

**ਔਖੇ ਸ਼ਬਦ :** **ਸੰਸਥਾਨ**-ਸੰਸਥਾ। **ਦੁਨੀ**-ਦੁਨੀਆ। **ਅਨੰਤਤਾ**-ਅੰਤਹੀਣ, ਬੇਅੰਤ, ਅਨੇਕ। **ਥੇਹ**-ਸਥਾਨ, ਟਿਕਾਣਾ। **ਪਿਰਹੜੇ**-ਪਿਆਰੇ। **ਬਿਰਹੜੇ**-ਵਿਛੋੜੇ। **ਘਾਲਣਾ**-ਮਿਹਨਤ। **ਕਰਮਸ਼ੀਲ**-ਕੰਮ ਵਿੱਚ ਲੱਗੇ ਰਹਿਣ ਵਾਲ਼ਾ, ਕਾਮਾ। **ਖ਼੍ਵਾਬ**-ਸੁਫ਼ਨਾ। **ਕੁਟੰਬ**-ਟੱਬਰ, ਪਰਿਵਾਰ। **ਗਰਦਸ਼ਾਂ**-ਚੱਕਰਾਂ ਵਿੱਚ ਰਹਿਣਾ, ਗੇੜਿਆਂ, ਘੁੰਮਣਾ। **ਅਵਹੇਲਨਾ**-ਧਿਆਨ ਨਾ ਦੇਣਾ, ਅੱਖੋਂ ਪਰੋਖੇ ਕਰਨਾ।

## ਅਭਿਆਸ

### (ੳ) ਵਸਤੂਨਿਸ਼ਠ ਪ੍ਰਸ਼ਨ :-

1. 'ਆਪ-ਬੀਤੀਆਂ' ਪੁਸਤਕ ਵਿੱਚ ਦਰਜ ਡਾ. ਜਸਵੰਤ ਸਿੰਘ ਨੇਕੀ ਦੁਆਰਾ ਰਚਿਤ ਸ੍ਵੈਜੀਵਨੀ-ਅੰਸ਼ ਦਾ ਨਾਂ ਦੱਸੋ।
2. ਲੇਖਕ ਨੂੰ ਕਿਸ ਸ਼ਹਿਰ ਨਾਲ਼ ਪਿਆਰ ਸੀ ?
3. 'ਡਾਕਟਰੀ ਦਾ ਵੱਡਾ ਸੰਸਥਾਨ' ਚਲਾਉਣ ਲਈ ਲੇਖਕ ਦੀ ਨਿਯੁਕਤੀ 'ਚੰਡੀਗੜ੍ਹ' ਵਿਖੇ ਹੋ ਗਈ। (ਸਹੀ/ਗਲਤ)
4. ਚੰਡੀਗੜ੍ਹ ਵਿੱਚ ਰਹਿੰਦਿਆਂ ਡਾ. ਨੇਕੀ ਕੋਲ਼ ਬਹੁਤ ਵਿਹਲ ਹੁੰਦੀ ਸੀ। (ਸਹੀ/ਗਲਤ)

### ਖ਼ਾਲੀ ਸਥਾਨ ਭਰੋ :-

5. ____________ ਤੋਂ ਬਿਨਾਂ ਜ਼ਿੰਦਗਾਨੀ ਸੁੰਨਸਾਨ ਹੈ।
6. ਲੇਖਕ ਨੇ ਆਪਣੀ ਸ੍ਵੈਜੀਵਨੀ ____________ ਰੂਪ ਵਿੱਚ ਲਿਖੀ ਹੈ।
7. ਲੇਖਕ ਅਨੁਸਾਰ ਰੱਬ ਮਿੱਤ ਹੁੰਦਾ ਹੈ ____________
   (ੳ) ਘਾਲਣਾ ਵਿੱਚ ਲੱਗਣ ਨਾਲ਼
   (ਅ) ਪਾਠ-ਪੂਜਾ ਕਰਨ ਨਾਲ਼
   (ੲ) ਦਾਨ-ਪੁੰਨ ਕਰਨ ਨਾਲ਼
   (ਸ) ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਨਾਲ਼

(ਅ) ਦੱਸੋ :-

1. ਡਾ. ਜਸਵੰਤ ਸਿੰਘ ਨੇਕੀ ਨੇ ਚੰਡੀਗੜ੍ਹ ਕਿੰਨੇ ਸਾਲ ਕੰਮ ਕੀਤਾ ? ਇੱਥੇ ਰਹਿੰਦਿਆਂ ਉਸ ਦੀ ਜ਼ਿੰਦਗੀ ਕਿਹੋ-ਜਿਹੀ ਸੀ ?
2. 'ਚੰਡੀਗੜ੍ਹ' ਵਿੱਚ ਨਿਯੁਕਤੀ ਉਪਰੰਤ ਲੇਖਕ ਨੇ ਆਪਣੇ ਰੁਝੇਵਿਆਂ ਬਾਰੇ ਕੀ ਦੱਸਿਆ ਹੈ ?
3. ਇਸ ਸ੍ਵੈਜੀਵਨੀ-ਅੰਸ਼ ਵਿੱਚ ਲੇਖਕ ਨੇ ਉੱਦਮ ਦੀ ਪ੍ਰਸੰਸਾ ਕਿਵੇਂ ਕੀਤੀ ਹੈ ?
4. 'ਚੰਡੀਗੜ੍ਹ ਵਿੱਚ ਨਿਯੁਕਤੀ' ਸ੍ਵੈਜੀਵਨੀ-ਅੰਸ਼ ਵਿੱਚ ਲੇਖਕ ਨੇ 'ਕਾਲ' ਦੇ ਮਹੱਤਵ ਬਾਰੇ ਜੋ ਕੁਝ ਕਿਹਾ ਹੈ, ਉਹ ਆਪਣੇ ਸ਼ਬਦਾ ਵਿੱਚ ਲਿਖੋ।
5. ਇਸ ਸ੍ਵੈਜੀਵਨੀ-ਅੰਸ ਵਿਚੋਂ ਲੇਖਕ ਦੀ ਕਿਹੋ-ਜਿਹੀ ਸ਼ਖ਼ਸੀਅਤ ਉੱਭਰਦੀ ਹੈ ?

❋❋❋❋❋

# 12 ਡਾ. ਸਰਦਾਰਾ ਸਿੰਘ ਜੌਹਲ

(24-02-1928)

| | | |
|---|---|---|
| ਮਾਤਾ ਦਾ ਨਾਂ | : | ਸ੍ਰੀਮਤੀ ਸ਼ਾਮ ਕੌਰ |
| ਪਿਤਾ ਦਾ ਨਾਂ | : | ਸ. ਬੂਟਾ ਸਿੰਘ |
| ਜਨਮ-ਮਿਤੀ | : | 24-02-1928 |
| ਵਿੱਦਿਆ | : | ਬੀ. ਐੱਸ-ਸੀ., ਐੱਮ. ਐੱਸ-ਸੀ. (ਖੇਤੀ-ਬਾੜੀ) ਅਤੇ ਐੱਮ. ਏ, ਪੀ-ਐਚ. ਡੀ. (ਅਰਥ-ਸ਼ਾਸਤਰ) ਡੀ.ਲਿਟ, ਡੀ.ਐੱਸ.-ਸੀ. |
| ਕਿੱਤਾ | : | ਅਧਿਆਪਨ, ਖੋਜ, ਲੇਖਨ |
| ਸਨਮਾਨ | : | ਪਦਮ-ਭੂਸ਼ਨ ਅਵਾਰਡ, ਵਿਭਿੰਨ ਰਾਸ਼ਟਰੀ ਤੇ (ਅੰਤਰਰਾਸ਼ਟਰੀ) ਸੰਸਥਾਵਾਂ ਵੱਲੋਂ ਫ਼ੈਲੋਸ਼ਿਪ। |

ਡਾ. ਸ. ਸ. ਜੌਹਲ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਖੇਤੀ ਅਰਥ-ਸ਼ਾਸਤਰੀ ਵਜੋਂ ਨਾ ਕਮਾਇਆ ਅਤੇ ਅਨੇਕਾ ਮਾਣਮੱਤੀਆਂ ਪਦਵੀਆਂ 'ਤੇ ਕਾਰਜਸ਼ੀਲ ਰਹੇ ਹਨ। ਖੋਜ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਸਦਕਾ ਆਪ ਨੇ ਭਾਰਤ ਦੇ ਚਾਰ ਪ੍ਰਧਾਨ-ਮੰਤਰੀਆਂ ਨਾਲ ਅਹਿਮ ਅਹੁਦਿਆਂ 'ਤੇ ਕੰਮ ਕੀਤਾ। ਆਪ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਵਜੋਂ ਵੀ ਸੁਚੱਜੀ ਸੇਵਾ ਨਿਭਾਈ ਹੈ। ਅੱਜ-ਕੱਲ੍ਹ 'ਦੀ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ', ਬਠਿੰਡਾ ਦੇ ਚਾਂਸਲਰ ਵਜੋਂ ਸੇਵਾ ਨਿਭਾ ਰਹੇ ਹਨ। ਹਥਲੀ ਪੁਸਤਕ ਵਿੱਚ ਆਪ ਦੀ ਸ੍ਵੈਜੀਵਨੀ 'ਰੰਗਾਂ ਦੀ ਗਾਗਰ' ਵਿੱਚੋਂ 'ਮੁੜ੍ਹਕੇ ਦੀ ਖ਼ੁਸ਼ਬੋ' ਸ੍ਵੈਜੀਵਨੀ-ਅੰਸ਼ ਦਰਜ ਕੀਤਾ ਗਿਆ ਹੈ। ਇਸ ਵਿੱਚ ਲੇਖਕ ਨੇ ਆਪਣੇ ਬਚਪਨ ਬਾਰੇ, ਪਰਿਵਾਰਿਕ ਮਾਹੌਲ ਬਾਰੇ ਅਤੇ ਬਚਪਨ ਵਿੱਚ ਹੀ ਸਖ਼ਤ ਮਿਹਨਤ ਕਰਨ ਦੀ ਪਈ ਆਦਤ ਬਾਰੇ ਵੇਰਵੇ ਦਿੱਤੇ ਹਨ।

# ਮੁੜ੍ਹਕੇ ਦੀ ਖ਼ੁਸ਼ਬੋ

ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ ਨੂੰ ਘੜਨ ਵਿੱਚ ਤਿੰਨ ਇਕਾਈਆਂ ਪ੍ਰਬਲ ਹੁੰਦੀਆਂ ਹਨ। ਪਹਿਲਾ, ਮਾਂ-ਪਿਓ ਅਤੇ ਘਰ ਦਾ ਮਾਹੌਲ, ਦੂਜਾ, ਸਕੂਲ ਅਤੇ ਖ਼ਾਸ ਕਰਕੇ ਅਧਿਆਪਕਾਂ ਦਾ ਵਤੀਰਾ ਅਤੇ ਤੀਸਰਾ, ਆਲਾ-ਦੁਆਲਾ ਅਤੇ ਦੋਸਤ-ਮਿੱਤਰ ਜਿਨ੍ਹਾਂ ਦੇ ਦਰਮਿਆਨ ਬਚਪਨ ਪੁੰਗਰਦਾ ਅਤੇ ਪਲਦਾ ਹੈ। ਆਪਣੀ ਜ਼ਿੰਦਗੀ 'ਚੋਂ ਉਦਾਹਰਨਾਂ ਦੇਂਦਾ ਹਾਂ। ਮੇਰੇ ਪਿਤਾ ਜੀ ਦੇ ਤਿੰਨ ਭਰਾ ਸਨ। ਦੋ ਵੱਡੇ, ਜਿਹੜੇ ਹੁਣ ਅਕਾਲ-ਚਲਾਣਾ ਕਰ ਚੁੱਕੇ ਹਨ ਅਤੇ ਇੱਕ ਛੋਟਾ, ਜੋ ਇਸ ਵਕਤ ਕੋਈ 93-94 ਸਾਲ ਦਾ ਹੈ। ਮੇਰਾ ਬਾਪ 99 ਵੇਂ ਸਾਲ ਵਿੱਚ ਅੱਛੀ ਸਿਹਤ ਨਾਲ ਜ਼ਿੰਦਗੀ ਮਾਣ ਰਿਹਾ ਹੈ। ਜਦ ਪੰਜਾਬ ਵਿੱਚ ਵੱਡੀ ਪਲੇਗ ਪਈ ਤਾ ਸਾਡੇ ਸਾਰੇ ਟੱਬਰ 'ਚੋਂ, ਜੋ ਕਾਫ਼ੀ ਵੱਡਾ ਸੀ, ਸਿਰਫ਼ ਇਹ ਚਾਰ ਭਰਾ ਤੇ ਇੱਕ ਲੜਕੀ ਬਚੀ ਸੀ ਜੋ ਇਹਨਾਂ ਦੀ ਭਤੀਜੀ ਲਗਦੀ ਸੀ। ਇਸ ਨੂੰ ਇਹਨਾਂ ਚਹੁੰਆਂ ਭਰਾਵਾਂ ਨੇ ਧੀ ਜਾਣ ਕੇ ਪਾਲਿਆ ਅਤੇ ਵਿਆਹਿਆ/ਵਰਿਆ। ਇਹ ਚਾਰੇ ਭਰਾ ਇਕੱਲੇ ਸਨ ਅਤੇ ਹਾਲਾਂ ਛੋਟੀ ਉਮਰ ਦੇ ਸਨ। ਜੋ ਦੋ ਮੁਰੱਬੇ ਨੀਲੀਬਾਰ ਵਿੱਚ ਉਹਨਾਂ ਦੇ ਬਾਪ ਨੂੰ ਅਲਾਟ ਹੋਏ ਸਨ, ਹੱਥੋਂ ਜਾਂਦੇ ਲੱਗੇ। ਜੱਦੀ ਜ਼ਮੀਨ ਬਹੁਤ ਘੱਟ ਹੋਣ ਕਾਰਨ, ਜਦ ਤੱਕ ਇਹ ਨੀਲੀਬਾਰ ਵਿੱਚ ਪਹੁੰਚੇ ਤਾ ਮੁਰੱਬਿਆ ਦੀ ਜ਼ਮੀਨ ਵੀ ਹੱਥੋਂ ਜਾ ਚੁੱਕੀ ਸੀ। ਨਤੀਜੇ ਵਜੋਂ ਜ਼ਮੀਨ ਮਾਮਲੇ-ਠੇਕੇ 'ਤੇ ਲੈ ਕੇ ਖੇਤੀ ਕਰਦੇ ਰਹੇ। ਇੱਕ ਤਾਇਆ ਅਤੇ ਚਾਚਾ ਤਾਂ ਫ਼ੌਜ ਵਿੱਚ ਭਰਤੀ ਹੋ ਗਏ ਅਤੇ ਮੇਰਾ ਬਾਪ ਅਤੇ ਵੱਡੇ ਤਾਇਆ ਜੀ ਪਿੰਡ ਖੇਤੀ ਕਰਦੇ ਰਹੇ। ਮੈਨੂੰ ਸੁਰਤ ਹੈ ਕਿ ਦੋ ਜੋਗਾਂ ਨਾਲ ਤਕਰੀਬਨ ਡੇਢ ਮੁਰੱਬੇ (37 ਏਕੜ) ਦੀ ਖੇਤੀ ਸੀ ਸਾਡੀ ਜੋ ਮੇਰੇ ਪਿਤਾ ਜੀ ਤਕਰੀਬਨ ਇਕੱਲੇ ਹੀ ਸੰਭਾਲਦੇ ਸਨ। ਸਵੇਰੇ ਤੜਕੇ ਉੱਠ ਦੋਵੇਂ ਭਰਾ ਦੁਪਹਿਰ ਤੱਕ ਦੋ ਏਕੜ ਜ਼ਮੀਨ ਦੀ ਵਹਾਈ ਕਰਦੇ ਸਨ। ਪਿਤਾ ਜੀ ਦੁਪਹਿਰ ਨੂੰ ਹੋਰ ਕੰਮ ਕਰ, ਲੌਢੇ ਵੇਲੇ ਫੇਰ ਹਲ ਜੋੜ ਲੈਂਦੇ ਸਨ। ਕਈ ਵਾਰ ਤਾਂ ਅੱਧੀ ਰਾਤ ਤੋਂ ਪਹਿਲੋਂ ਇੱਕ ਜੋਗ ਦਾ ਜੋਤਾ ਲਾ, ਤੜਕਸਾਰ ਬਾਕੀ ਲੋਕਾਂ ਵਾਂਗ ਦੂਜੀ ਜੋਗ ਜੋੜ ਲੈਂਦੇ ਸਨ। ਏਨੀ ਮਿਹਨਤ ਦੇ ਬਾਵਜੂਦ ਵੀ ਸ਼ਾਮ ਨੂੰ ਘੋਲ-ਕੁਸ਼ਤੀ ਕਰਦੇ ਸਨ। ਦੋ ਫ਼ੌਜੀ ਭਰਾਵਾ ਦੇ ਪੈਸੇ ਬਾਹਰੋਂ ਵੀ ਆ ਜਾਂਦੇ ਸਨ। ਇਸ ਕਰਕੇ ਪਿੰਡ ਵਿੱਚ ਆਪਣੀ ਜ਼ਮੀਨ ਨਾ ਹੋਣ ਦੇ ਬਾਵਜੂਦ ਵੀ ਚੰਗੀ ਪ੍ਰਤੀਤ ਸੀ। ਔਖੀ ਘੜੀ ਨੂੰ ਮਿਲ ਕੇ ਕੱਟਣ ਦਾ ਹੀ ਨਤੀਜਾ ਹੈ ਕਿ ਅੱਜ ਤੀਜੀ ਪੁਸ਼ਤ ਤੱਕ ਵੀ ਸਾਡਾ ਸਾਂਝਾ ਟੱਬਰ ਹੈ। ਭਾਵੇਂ ਮੈਂ ਅਤੇ ਮੇਰੇ ਬੱਚੇ ਜੁਦਾ ਕਮਾਉਂਦੇ -ਖਾਂਦੇ ਹਾਂ ਅਤੇ ਮੇਰੇ ਚਾਚਾ ਜੀ ਦੇ ਲੜਕੇ ਇੰਗਲੈਂਡ ਵਿੱਚ ਆਪਣਾ ਘਰ ਚਲਾਉਂਦੇ ਹਨ ਪਰ ਸਾਡੀ ਜਾਇਦਾਦ ਹਾਲਾਂ ਤੱਕ ਵੰਡੀ ਹੋਈ ਨਹੀਂ। ਜ਼ਮੀਨ ਅਤੇ ਪਿੰਡ ਦਾ ਘਰ-ਬਾਰ ਮੇਰੇ ਤਾਇਆ ਜੀ ਦੇ ਪੁੱਤਰ ਦੇ ਹਵਾਲੇ ਹੈ ਅਤੇ ਮੇਰੇ ਪਿਤਾ ਜੀ ਉਸ ਦੇ ਟੱਬਰ ਨਾਲ ਹੀ ਰਹਿੰਦੇ ਹਨ। ਸਾਡੇ ਪਾਸ ਤਾਂ ਕਦੀਂ-ਕਦਾਈਂ ਹੀ ਆਉਂਦੇ ਹਨ ਕਿਉਂਕਿ ਸ਼ਹਿਰ ਵਿੱਚ ਉਹਨਾਂ ਦਾ ਦਿਲ ਨਹੀਂ ਲੱਗਦਾ। ਇਹ ਬਚਪਨ ਵਿੱਚ ਸਾਡੇ ਮਾਂ-ਬਾਪ ਦਾ ਆਪਸ ਵਿੱਚ ਮਿਲ ਕੇ ਰਹਿਣ ਦਾ ਹੀ ਅਸਰ ਹੈ ਕਿ ਸਾਡੇ ਲੜਕੇ ਵਿਆਹੇ ਹੋਏ ਅਤੇ ਬੱਚਿਆ ਵਾਲੇ ਹਨ ਪਰ ਅਸੀਂ ਪਰਿਵਾਰ ਦੇ ਤੌਰ 'ਤੇ ਇਕੱਠੇ ਹੀ ਹਾਂ। ਰਿਸ਼ਤੇ ਵਿੱਚ ਤਾਂ ਭਾਵੇਂ ਚਾਚੇ-ਤਾਏ ਦੇ ਪੁੱਤਰ ਹਾਂ ਪਰ ਵਰਤਾਰੇ ਅਤੇ ਅਹਿਸਾਸ ਵਿੱਚ ਸਕੇ ਭਰਾ ਹੀ ਹਾਂ। ਲੜਦੇ ਵੀ ਹਾਂ ਤਾਂ ਸਕੇ ਭਰਾਵਾਂ ਵਾਂਗ। ਇੱਕ- ਦੂਜੇ ਵਾਸਤੇ ਜਾਂ ਬੱਚਿਆਂ ਵਾਸਤੇ ਪੈਸਾ ਖ਼ਰਚ ਕੇ ਕਦੀ ਇਹ ਮਹਿਸੂਸ ਨਹੀਂ ਕੀਤਾ ਕਿ ਕਿਸੇ ਬੇਗਾਨੇ ਵਾਸਤੇ ਕੀਤਾ ਹੈ ਜਾ ਵਾਪਸ ਲੈਣ ਦੀ ਆਸ ਨਾਲ। ਵਿਆਹ-ਸ਼ਾਦੀਆ ਦੇ ਲੈਣ-ਦੇਣ ਵੀ ਸਾਝੇ ਤੌਰ 'ਤੇ ਹੀ ਕਰਦੇ ਹਾ।

ਦੂਸਰੀ, ਬਚਪਨ ਦੀ ਇੱਕ ਬਹੁਤ ਬੜੀ ਦੇਣ ਹੈ। 'ਮਿਹਨਤ' ਅਤੇ ਅਣਥੱਕ ਮਿਹਨਤ। ਮੈਂ ਜਦ ਅੱਠਵੀਂ ਜਮਾਤ (ਵਰਨੈਕੁਲਰ ਫ਼ਾਈਨਲ) ਪਾਸ ਕੀਤੀ ਤਾਂ ਮੈਨੂੰ ਦਸ ਰੁਪਏ ਮਹੀਨਾ ਦੋ ਸਾਲ ਵਾਸਤੇ ਵਜ਼ੀਫ਼ਾ ਮਿਲਣ ਦੇ ਬਾਵਜੂਦ ਮੈਨੂੰ ਪੜ੍ਹਨੋਂ ਹਟਾ ਲਿਆ ਗਿਆ। ਉਹਨਾਂ ਦਿਨਾਂ ਵਿੱਚ ਦਸ ਰੁਪਏ ਥੋੜ੍ਹੀ ਰਕਮ ਨਹੀਂ ਸੀ ਹੁੰਦੀ। ਇਸ ਵਿੱਚ ਸਕੂਲ ਦੀਆਂ ਫ਼ੀਸਾਂ ਅਤੇ ਹੋਸਟਲ ਵਿੱਚ ਖਾਣ-ਪੀਣ ਅਤੇ ਸਾਰੇ ਖ਼ਰਚੇ ਕਰ ਕੇ ਵੀ ਰੁਪਇਆ- ਦੋ ਰੁਪਏ ਬਚ ਜਾਂਦੇ ਸਨ। ਖ਼ੈਰ ਮੈਨੂੰ ਪੜ੍ਹਨੋਂ ਹਟਾ ਲਿਆ ਕਿ 'ਪੜ੍ਹ ਕੇ ਕਿਹੜਾ ਪਟਵਾਰੀ ਬਣ ਜਾਣੈਂ'। ਸਾਡੇ ਪਿੰਡ ਵਿੱਚ ਪੜ੍ਹਾਈ ਦਾ ਰਿਵਾਜ ਹੀ ਨਹੀਂ ਸੀ। ਸਕੂਲੋਂ ਹਟਾ ਕੇ ਮੈਨੂੰ ਖੇਤੀ ਵਿੱਚ ਦਬੱਲਿਆ ਗਿਆ। ਮੈਂ ਆਪਣੇ ਪਿਤਾ ਜੀ ਨਾਲ ਪੂਰਾ-ਪੂਰਾ ਜੋਤਾ ਹਲਾਂ ਦਾ ਲਾਉਂਦਾ ਸਾਂ। ਅਸੀਂ ਤੜਕੇ ਦੋ ਵਜੇ ਉੱਠ ਕੇ , ਉਹ ਅਗਲੇ ਹਲ ਤੇ ਮੈਂ ਪਿਛਲੇ ਹਲ, ਦੋ ਏਕੜ ਜ਼ਮੀਨ ਦੁਪਹਿਰ ਤੋਂ ਪਹਿਲੋਂ ਵਾਹ ਕੇ ਹੀ ਸਾਹ ਲੈਂਦੇ ਸਾਂ। ਜਵਾਨ ਸਾਂ ਪਰ ਸਾਂ ਤਾਂ ਅਜੇ ਅਲੂਆਂ ਹੀ। ਕੋਈ ਤਰਸ ਨਹੀਂ ਸੀ ਕੀਤਾ ਜਾਂਦਾ। ਜਿਸ ਦਿਨ ਹਲ ਵਾਹੁਣ ਨਹੀਂ ਸੀ ਜਾਂਦਾ, ਉਸ ਦਿਨ ਸਾਰੇ ਡੰਗਰ-ਮਾਲ ਲਈ ਚਾਰਾ ਕੱਟ ਕੇ ਕੁਤਰੇ ਵਾਲੀ ਮਸ਼ੀਨ ਤਾਈਂ ਲਿਆਉਣਾ ਮੇਰੀ ਡਿਊਟੀ ਹੁੰਦੀ ਸੀ। ਮੈਨੂੰ ਯਾਦ ਹੈ, ਗਰਮੀਆਂ ਵਿੱਚ ਪਲੀ ਹੋਈ ਚਰ੍ਹੀ -ਜੁਆਰ ਦੀਆਂ ਤਿੰਨ-ਤਿੰਨ ਭਰੀਆਂ ਵੱਢ ਕੇ ਮਸ਼ੀਨ 'ਤੇ ਤਿਆਰ ਰੱਖਣੀਆਂ ਪੈਂਦੀਆਂ ਸਨ। ਹਲ ਛੱਡ ਕੇ ਤਾਇਆ ਜੀ ਮਸ਼ੀਨ ਵਿੱਚ ਚਰ੍ਹੀ ਦੇ ਰੁੱਗ ਦਿਆ ਕਰਦੇ ਸਨ ਅਤੇ ਮੈਂ ਹੱਥ ਵਾਲੀ ਕੁਤਰੇ ਦੀ ਮਸ਼ੀਨ ਗੇੜਦਾ ਹੁੰਦਾ ਸਾਂ। ਤਾਇਆ ਜੀ ਕਾਫ਼ੀ ਸਖ਼ਤ ਤਬੀਅਤ ਦੇ ਸਨ। ਉਹਨਾਂ ਦਾ ਹੁਕਮ ਹੁੰਦਾ ਸੀ ਕਿ ਜੇ ਤਿੰਨੇ ਭਰੀਆਂ ਕੁਤਰੇ ਬਗ਼ੈਰ ਮਸ਼ੀਨ ਖੜ੍ਹੀ ਕੀਤੀ ਤਾਂ ਡੰਡਾ ਖੜਕੇਗਾ। ਖੜਕਦਾ ਤਾਂ ਕਦੇ ਨਹੀਂ ਸੀ ਪਰ ਹੁਕਮ-ਅਦੂਲੀ ਦੀ ਹਿੰਮਤ ਨਹੀ ਸੀ ਹੁੰਦੀ। ਚਰ੍ਹੀ ਵਿੱਚ ਰਸ ਬਹੁਤ ਹੁੰਦਾ ਸੀ। ਚਰ੍ਹੀ ਦਾ ਰਸ ਹੇਠਾਂ ਡਿਗਣ ਨਾਲ ਮਸ਼ੀਨ ਦੀ ਅਗਲੀ ਥਾ ਕੱਚੀ ਰਹਿਣ ਦੇ ਬਾਵਜੂਦ ਵੀ ਸੀਮਿੰਟ ਨਾਲੋਂ ਵੱਧ ਪੱਕੀ, ਚੀਕਣੀ ਅਤੇ ਸਾਫ਼ ਹੁੰਦੀ ਸੀ। ਕੱਪੜੇ ਲਾਹ ਕੇ, ਸਿਰਫ਼ ਕੱਛਾ ਪਾ ਕੇ ਮਸ਼ੀਨ ਗੇੜੀਦੀ ਸੀ। ਮੇਰੀਆਂ ਅੱਖਾਂ ਅੱਗੇ ਹਾਲਾਂ ਵੀ ਉਹ ਤਸਵੀਰ ਸਾਫ਼ ਦਿਖਾਈ ਪੈਂਦੀ ਹੈ ਕਿ ਪਸੀਨਾ ਚੋ ਕੇ ਪੈਰਾਂ ਦੇ ਅੰਗੂਠਿਆਂ ਦੇ ਨਹੁੰਆਂ ਤੋਂ ਅੱਗੇ ਪੈਰਾਂ ਥੱਲਿਓਂ, ਪਸੀਨੇ ਦੀ ਘਰਾਲ ਵਗਣ ਲੱਗਦੀ ਸੀ। ਮਿਹਨਤ ਤਾਂ ਬਹੁਤ ਸੀ ਅਤੇ ਕੰਮ ਵੀ ਔਖਾ ਸੀ ਪਰ ਇਹ ਪਸੀਨੇ ਦੀ ਘਰਾਲ ਵੇਖ ਕੇ ਮਨ ਨੂੰ ਇੱਕ ਅਜੀਬ ਕਿਸਮ ਦਾ ਅਨੰਦ ਮਿਲਦਾ ਸੀ। ਇਹ ਅਨੰਦ ਅਤੇ ਤਸੱਲੀ ਸਿਰਫ਼ ਮਹਿਸੂਸ ਹੀ ਕੀਤੀ ਜਾ ਸਕਦੀ

ਹੈ। ਇਸ ਨੂੰ ਬਿਆਨ ਕਰਨਾ ਮੁਮਕਿਨ ਨਹੀਂ। ਸਾਰੇ ਚਾਰੇ ਨੂੰ ਕੁਤਰਾ ਕਰਨ ਤੋਂ ਬਾਅਦ ਇੰਵ ਮਹਿਸੂਸ ਹੁੰਦਾ ਸੀ ਜਿਵੇਂ ਕਿਸੇ ਅਖਾੜੇ ਵਿੱਚ ਬਹੁਤ ਬੜੇ ਪਹਿਲਵਾਨ ਨੂੰ ਢਾਹ ਕੇ ਮੱਲ ਮਾਰੀ ਹੋਵੇ। ਤਾਇਆ ਜੀ ਦਾ ਖ਼ੁਸ਼ ਚਿਹਰਾ ਦੇਖ ਕੇ ਅਤੇ ਉਹਨਾਂ ਤੋਂ ਥਾਪੀ ਲੈ ਕੇ ਇੰਵ ਮਹਿਸੂਸ ਹੁੰਦਾ ਸੀ, ਜਿਵੇਂ ਕਿਸੇ ਤ੍ਰਿਲੋਕੀ ਉੱਤੇ ਫ਼ਤਿਹ ਹਾਸਲ ਕੀਤੀ ਹੋਵੇ। ਮੈਂ ਆਪਣੇ ਪਿਤਾ ਜੀ ਨਾਲ ਸਾਰਾ- ਸਾਰਾ ਦਿਨ ਤਪਦੀਆਂ ਧੁੱਪਾਂ ਵਿੱਚ ਕਣਕ ਦੀ ਵਾਢੀ ਕੀਤੀ। ਅਸੀਂ ਬਰਾਬਰ ਬੈਠ ਕੇ ਨਾਲ- ਨਾਲ ਪਰਾਤਾਂ ਧਰਦੇ ਹੁੰਦੇ ਸਾਂ। ਅਸੀਂ ਸਾਰਿਆਂ ਵਾਢਿਆਂ ਨਾਲੋਂ ਪਹਿਲੋਂ ਅਤੇ ਸੁਥਰੀ ਵਾਢੀ ਕਰਦੇ ਸਾਂ। ਕੰਮ ਸਫ਼ਾਈ ਨਾਲ ਨਾ ਕੀਤਾ ਹੋਵੇ, ਪਿਤਾ ਜੀ ਨੂੰ ਪਸੰਦ ਨਹੀਂ ਸੀ ਆਉਂਦਾ। ਇਸ ਪੱਖੋਂ ਮੈਨੂੰ ਕਦੀ ਉਹਨਾਂ ਬਖ਼ਸ਼ਿਆ ਹੀ ਨਹੀਂ ਸੀ। ਸ਼ਾਮ ਨੂੰ ਖੜ੍ਹੇ ਹੋ ਕੇ ਖੇਤਾਂ ਵਿੱਚ ਅਸੀਂ ਆਪਣੀਆਂ ਪਰਾਤਾਂ ਲਾਈਆਂ ਵੇਖਦੇ ਅਤੇ ਗਿਣਦੇ ਹੁੰਦੇ ਸਾਂ ਕਿਉਂਕਿ ਸਾਡੀ ਕੀਤੀ ਵਾਢੀ ਜੁਦੀ ਦਿਸਦੀ ਹੁੰਦੀ ਸੀ।

ਉਸ ਵਕਤ ਤਾਂ ਇਹ ਸਮਝ ਨਹੀ ਪੈਂਦੀ ਸੀ ਕਿ ਏਨੀ ਸਖ਼ਤੀ ਕਿਉਂ ਹੈ ਪਰ ਬਾਅਦ ਵਿੱਚ ਜੋ ਇਸ ਮਿਹਨਤ ਦੇ ਨਤੀਜੇ ਨਿਕਲੇ, ਉਸ ਨਾਲ ਮਨ ਨੂੰ ਬੜੀ ਤਸੱਲੀ ਹੋਈ। ਸਾਉਣ-ਭਾਦੋਂ ਦੀ ਗਰਮੀ ਵਿੱਚ ਹਲ ਵਾਹਿਆ। ਪੰਜ-ਪੰਜ ਪੰਡਾਂ ਕਪਾਹ 'ਚੋ ਮਧਾਣੇ ਘਾਹ ਦੀਆਂ ਵੀ ਖੋਤੀਆਂ। ਗਰਮੀਆਂ ਵਿੱਚ ਮੱਕੀ ਵੀ ਗੁੱਡੀ ਜਿਸ ਦੇ ਪੱਛ ਲੱਗ ਕੇ ਜਿਸਮ 'ਤੇ ਲਕੀਰਾਂ ਪੈ ਜਾਂਦੀਆਂ ਸਨ। ਕਮਾਦ ਦੇ ਮੂਸਲ (ਮੂੲੇ) ਬੰਨ੍ਹਣਾ ਵੀ ਕੋਈ ਸੌਖਾ ਕੰਮ ਨਹੀ ਸੀ ਪਰ ਇਹ ਸਾਰੇ ਕੰਮ ਮੈਥੋਂ ਡਟ ਕੇ ਕਰਵਾਏ ਗਏ। ਸਭ ਤੋਂ ਔਖੀ ਫਲ੍ਹਿਆਂ ਨਾਲ ਕਣਕ ਦੀ ਗਹਾਈ ਹੁੰਦੀ ਸੀ। ਕੰਡ ਬਹੁਤ ਲੜਿਆ ਕਰਦੀ ਸੀ। ਦਿਲੋਂ ਇਹ ਅਰਦਾਸ ਕਰੀਦੀ ਸੀ ਕਿ ਕਣਕ ਥੋੜ੍ਹੀ ਹੋਵੇ ਤਾਂ ਚੰਗਾ। ਇਹ ਬਿਲਕੁਲ ਉਂਵ ਹੀ ਸੀ, ਜਿਵੇਂ ਕੋਈ ਅਰਦਾਸ ਕਰਦਾ ਹੋਵੇ, "ਰੱਬਾ-ਰੱਬਾ, ਰਿਜ਼ਕ ਨਾ ਦੇਵੀਂ, ਮਾਂ ਲੱਕੜੀਆਂ ਲਿਆਉਣ ਲਈ ਆਖੇਗੀ।"

ਸੋਚਦਾ ਹਾਂ ਕਿ ਜੇ ਉਹ ਬਚਪਨ ਦੀ ਦੁਆ ਪੂਰੀ ਹੁੰਦੀ ਤਾਂ ਭੁੱਖੇ ਮਰਦੇ ਹੁੰਦੇ। ਪਰ ਜਦ ਕਣਕ ਦੀ ਗਹਾਈ ਖ਼ਤਮ ਹੋ ਜਾਂਦੀ ਸੀ ਤਾਂ ਬਾਹਰ ਮੁਰੱਬੇ ਤੂਤਾ ਦੀ ਛਾ ਹੇਠ ਛੱਪੜੀ ਦੇ ਕੰਢੇ ਲੱਕੜੀ ਦੇ ਨੰਗੇ ਤਖ਼ਤਪੋਸ਼ 'ਤੇ ਜੋ ਦੁਪਹਿਰ ਨੂੰ ਨੀਂਦ ਆਉਂਦੀ ਸੀ, ਉਹ ਇੱਕ ਬਹਿਸ਼ਤਾ ਦਾ ਹੁਲਾਰਾ ਸੀ। ਉਹ ਮਿੱਠੀ ਅਤੇ ਬੇਸ਼ਰਤ ਨੀਂਦ ਮੈਂ ਸ਼ਾਇਦ ਕਿਸੇ ਗਦੇਲਿਆਂ ਵਾਲੇ ਪਲੰਘ ਉੱਤੇ ਵੀ ਨਾ ਮਾਣੀ ਹੋਵੇ। ਵੈਸੇ ਤਾਂ ਮੈਂ ਸੌਣ ਨੂੰ ਕਾਫ਼ੀ ਤਗੜਾ ਹਾਂ। ਲੰਮਾਂ ਪਵਾਂ ਤਾਂ ਪੰਜ ਮਿੰਟਾਂ ਦੇ ਅੰਦਰ-ਅੰਦਰ ਸੌਂ ਜਾਂਦਾ ਹਾਂ ਪਰ ਉਹ ਤਖ਼ਤਪੋਸ਼ ਵਾਲੀ ਨੀਂਦ ਮੈਨੂੰ ਨਹੀਂ ਭੁੱਲਦੀ।

ਸਕੂਲੋਂ ਹਟਾ ਲੈਣ ਤੋਂ ਪਿੱਛੋਂ ਪੂਰੇ ਦੋ ਸਾਲ ਮੈਂ ਇਸ ਤਰ੍ਹਾਂ ਖੇਤੀ ਦੇ ਕੰਮ ਵਿੱਚ ਜੁਟਿਆ ਰਿਹਾ। ਖੇਤੀ ਦੇ ਹਰ ਕੰਮ ਨੂੰ ਮੈਥੋਂ ਪੂਰਾ ਕਰਵਾਇਆ ਗਿਆ। ਕੋਈ ਕੰਮ ਐਸਾ ਨਹੀਂ ਜੋ ਮੈਂ ਨਹੀਂ ਕੀਤਾ। ਖਾਣ-ਪੀਣ ਦੀ ਕਦੀ ਕਿਸੇ ਤਰ੍ਹਾਂ ਦੀ ਰੋਕ ਨਹੀਂ ਸੀ ਸਗੋਂ ਤੂੰਨ- ਤੂੰਨ ਮੈਨੂੰ ਖੁਆਇਆ-ਪਿਆਇਆ ਗਿਆ। ਇਸ ਕਰਕੇ ਸਖ਼ਤ ਕੰਮ ਕਰਨ ਕਰਕੇ ਕਾਫ਼ੀ ਖੁੱਲ੍ਹਾ ਖਾਣ- ਪੀਣ ਨਾਲ ਮੈਂ ਜਿਸਮ ਦਾ ਕਰੜਾ ਤਾਂ ਬਹੁਤਾ ਸੀ ਪਰ ਮੋਟਾ ਨਹੀਂ ਸੀ। ਜਦੋਂ ਬਟਵਾਰੇ ਮਗਰੋਂ ਅਸੀਂ ਜਲੰਧਰ ਜ਼ਿਲ੍ਹੇ ਵਿੱਚ ਪਿੰਡ "ਚੂਹੇਕੀ" ਵਿੱਚ ਆ ਕੇ ਮੁੜ-ਵਸੇਬਾ ਕੀਤਾ ਤਾਂ ਉਸ ਪਿੰਡ ਵਿੱਚ ਖੂਹਾਂ ਦਾ ਪਾਣੀ ਬਹੁਤ ਡੂੰਘਾ ਸੀ। ਜੇ ਕੋਈ ਭਰੀਆਂ ਟਿੰਡਾਂ ਦੇ ਹਲਟ ਦਾ ਇੱਕ ਕੁੱਤਾ ਵੀ ਟਪਾ ਦੇਵੇ ਤਾਂ ਕਹਿੰਦੇ ਸਨ, ਮੁੰਡਾ ਜੁਆਨ ਹੋ ਗਿਆ। ਮੈਂ ਭਰੀਆਂ ਟਿੰਡਾਂ ਨਾਲ ਹਲਟ ਦਾ ਡੇਢ ਗੇੜਾ ਦੇ ਦਿੰਦਾ ਸਾਂ।

ਦੋ ਸਾਲ ਦੀ ਖੇਤੀ ਕਰਨ ਪਿੱਛੋਂ ਪਤਾ ਨਹੀਂ ਕਿਵੇਂ ਸਾਡੇ ਬਜ਼ੁਰਗਾਂ ਦੇ ਮਨ-ਸੁਮੱਤ ਪੈ ਗਈ। ਮੈਨੂੰ ਮੁੜ ਸਕੂਲ ਦਾਖ਼ਲ ਕਰਵਾ ਦਿੱਤਾ। ਵਰਨੈਕੂਲਰ ਤੋਂ ਬਾਅਦ ਉਹਨਾ ਦਿਨਾ ਵਿੱਚ ਦੋ ਅੰਗਰੇਜ਼ੀ ਦੀਆਂ ਜਮਾਤਾਂ "ਜੂਨੀਅਰ ਅਤੇ ਸੀਨੀਅਰ" ਦੋ ਸਾਲਾਂ ਵਿੱਚ ਪਾਸ ਕਰਨੀਆ ਪੈਂਦੀਆਂ ਸਨ। ਸਾਡੇ ਪਿੰਡੋਂ ਕੋਈ ਵੀਹ-ਪੰਝੀ ਮੀਲ ਦੂਰ ਨਨਕਾਣਾ ਸਾਹਿਬ ਵਿਖੇ ਇੱਕ ਬਜ਼ੁਰਗ ਮਾਸਟਰ ਪ੍ਰਾਈਵੇਟ ਤੌਰ 'ਤੇ ਇਹ ਦੋਵੇਂ ਜਮਾਤਾਂ ਇੱਕ ਸਾਲ ਵਿੱਚ ਹੀ ਕਰਵਾ ਦਿੰਦਾ ਹੁੰਦਾ ਸੀ। ਮੈਨੂੰ ਨਨਕਾਣੇ ਸਾਹਿਬ ਉਸ ਪਾਸ ਦਾਖ਼ਲ ਕਰਵਾ ਦਿੱਤਾ ਗਿਆ। ਇਸ ਤਰ੍ਹਾਂ ਇੱਕ ਸਾਲ ਫ਼ੇਲ੍ਹ ਹੋ ਕੇ ਅਤੇ ਦੋ ਸਾਲ ਖੇਤੀ ਵਿੱਚ ਰਹਿ ਕੇ ਮੈਂ ਉਮਰ ਵਿੱਚ ਤਿੰਨ ਸਾਲ ਪੜ੍ਹਾਈ ਪੱਖੋਂ ਪਿੱਛੇ ਪੈ ਚੁੱਕਾ ਸਾ ਅਤੇ ਇੱਕ ਸਾਲ ਜੂਨੀਅਰ-ਸੀਨੀਅਰ ਪਾਸ ਕਰਨ ਵਿੱਚ ਫ਼ਾਲਤੂ ਲੱਗ ਗਿਆ। ਕੁੱਲ ਚਾਰ ਸਾਲ ਮੈਂ ਆਪਣੇ ਹਮਉਮਰਾਂ ਨਾਲੋਂ ਪੜ੍ਹਾਈ ਵਿੱਚ ਪਿੱਛੇ ਰਹਿ ਗਿਆ ਸਾਂ ਪਰ ਜੋ ਇਸ ਤਜਰਬੇ ਤੋਂ ਮੈਨੂੰ ਇਸ ਤੋਂ ਬਾਅਦ ਦੀ ਪੜ੍ਹਾਈ ਅਤੇ ਕੰਮ-ਕਾਜ ਵਿੱਚ ਫ਼ਾਇਦਾ ਹੋਇਆ, ਉਹ ਅਨੋਖਾ ਹੀ ਸੀ। ਨਨਕਾਣਾ ਸਾਹਿਬ ਦੇ ਖ਼ਾਲਸਾ ਸਕੂਲ ਵਿੱਚ ਪ੍ਰਾਈਵੇਟ ਕਲਾਸ ਵਿੱਚ ਇੱਕ ਸਾਲ ਲਾਇਆ। ਇਹ ਬਹੁਤ ਵੱਡਾ ਤਜਰਬਾ ਸੀ। ਭਾਵੇਂ ਸਾਡੀ ਕਲਾਸ ਤਾ ਬਾਕੀ ਦੇ ਸਕੂਲ ਤੋਂ ਵੱਖਰੀ ਸੀ ਪਰ ਕਿਸੇ ਤਰ੍ਹਾਂ ਵੀ ਵੱਖਰੀ ਗਿਣੀ ਨਹੀਂ ਸੀ ਜਾਂਦੀ। ਅੰਗਰੇਜ਼ੀ ਅਤੇ ਸਿਰਫ਼ ਅੰਗਰੇਜ਼ੀ ਦੀ ਦਿਨ-ਰਾਤ, ਸਾਲ ਭਰ ਪੜ੍ਹਾਈ ਨੇ ਮੈਨੂੰ ਅੰਗਰੇਜ਼ੀ ਲਿਖਣ-ਪੜ੍ਹਨ ਵਿੱਚ ਜੋ ਗ੍ਰੈਮਰ ਅਤੇ ਹੋਰਨਾਂ ਪੱਖਾਂ ਤੋਂ ਮੁਹਾਰਤ ਦਿੱਤੀ, ਉਸ ਨਾਲ ਮੈਂ ਫੇਰ ਕਿਤੇ ਮਾਰ ਨਹੀ ਖਾਧੀ। ਇਸ ਸਕੂਲ ਦੀ ਸਵੇਰ ਦੀ ਸਕੂਲ- ਪ੍ਰੇਅਰ, "ਮਿੱਤਰ ਪਿਆਰੇ ਨੂੰ — ਹਾਲ ਮੁਰੀਦਾਂ ਦਾ ਕਹਿਣਾ", ਅੱਜ ਤੱਕ ਮਨ ਵਿੱਚ ਵੱਸੀ ਹੋਈ ਹੈ। ਇਸ ਸਕੂਲ ਵਿੱਚ ਇੱਕ ਬਹੁਤ ਹੀ ਲਗਨ ਵਾਲੇ ਖੇਡਾ ਦੇ ਇਨਚਾਰਜ ਪਾਸ ਫ਼ੁਟਬਾਲ ਖੇਡਣਾ ਸ਼ੁਰੂ ਕੀਤਾ। ਇਸ ਮਾਸਟਰ ਜੀ ਦੇ ਸਿਖਾਏ ਕਾਫ਼ੀ ਸਿਰਕੱਢਵੇਂ ਫ਼ੁਟਬਾਲ ਦੇ ਖਿਡਾਰੀ ਹੋਏ ਹਨ। ਯਾਦ ਹੈ, ਇੱਕ ਵਾਰ ਮੈਚ ਹੁੰਦਾ ਸੀ। ਸਿਆਲ ਦੇ ਦਿਨ ਸਨ। ਮਾਸਟਰ ਜੀ ਨੇ ਓਵਰਕੋਟ ਪਾਇਆ ਹੋਇਆ ਸੀ। ਜੇਬਾਂ ਵਿੱਚ ਹੱਥ ਸਨ। ਸਾਡੀ ਟੀਮ ਗੋਲ ਕਰਨ 'ਤੇ ਆਈ ਤਾਂ ਐਨ ਮੌਕੇ 'ਤੇ ਮਾਸਟਰ ਜੀ ਨੇ "ਗੋਲ, ਗੋਲ.......ਗੋਲ" ਕਹਿੰਦਿਆ ਉਕਸਾਹਟ ਵਿੱਚ ਸੁਤੇਸਿਧ ਹੀ ਜੇਬਾਂ ਵਿੱਚੋਂ ਮੀਟੀਆ ਮੁੱਠੀਆ ਪਾਰ ਕਰ ਦਿੱਤੀਆਂ! ਇਸ ਸਕੂਲ ਵਿੱਚ ਜੋ ਹੋਸਟਲ ਦੀ ਜ਼ਿੰਦਗੀ ਮਾਣੀ, ਉਸ ਨੇ ਹਮੇਸ਼ਾਂ ਮੈਨੂੰ ਹੋਸਟਲ ਵਿੱਚ ਰਹਿਣ ਲਈ ਪ੍ਰੇਰਿਆ। ਇਥੋਂ ਤੱਕ ਵੀ ਕਿ ਨੌਂਵੀਂ ਜਮਾਤ ਵਿੱਚ ਜਦ ਮੈਂ ਜੜ੍ਹਾਂਵਾਲਾ ਗੌਰਮਿੰਟ ਸਕੂਲ ਵਿੱਚ ਦਾਖ਼ਲ ਹੋਇਆ ਜੋ ਮੇਰੇ ਪਿੰਡੋਂ ਸਿਰਫ਼ 7 ਮੀਲ ਦੀ ਦੂਰੀ 'ਤੇ ਸੀ, ਮੈਂ ਹੋਸਟਲ ਦਾ ਕਮਰਾ ਲੈ ਲਿਆ। ਭਾਵੇਂ ਆਮ ਤੌਰ 'ਤੇ ਸਾਈਕਲ ਉੱਤੇ

ਪਿੰਡੋਂ ਹੀ ਆਉਂਦਾ-ਜਾਂਦਾ ਸਾਂ। ਛੇ ਮਹੀਨਿਆਂ ਪਿੱਛੋਂ ਤਾਂ ਹੋਸਟਲ ਵਿੱਚ ਰਹਿਣ ਲੱਗ ਪਿਆ ਅਤੇ ਸਿਰਫ਼ ਐਤਵਾਰ ਜਾਂ ਛੁੱਟੀ ਵਾਲੇ ਦਿਨ ਹੀ ਪਿੰਡ ਆਉਂਦਾ ਸਾਂ। ਨਨਕਾਣਾ ਸਾਹਿਬ ਦੇ ਸਕੂਲ ਅਤੇ ਹੋਸਟਲ ਦਾ ਵਾਤਾਵਰਨ ਬਹੁਤ ਰੋਚਕ ਸੀ। ਹੋਸਟਲ ਦੀ ਦਿਵਾਰ ਨਾਲ਼ ਜੋ ਕੱਚੀ ਮਿੱਟੀ ਦੀ ਬਣੀ ਹੁੰਦੀ ਸੀ, ਇੱਕ ਬਹੁਤ ਬੜਾ ਬਾਗ਼ ਸੀ, ਸੰਗਤਰਿਆਂ-ਮਾਲਟਿਆਂ ਦਾ। ਕੱਚੀ ਮਿੱਟੀ ਦੀਆਂ ਕੰਧਾਂ ਅਫ਼ਗਾਨੀ "ਰਾਜ਼ੇ" ਬਣਾਇਆ ਕਰਦੇ ਸਨ ਜੋ ਇਸ ਕੰਮ ਵਿੱਚ ਖ਼ਾਸ ਮੁਹਾਰਤ ਰੱਖਦੇ ਸਨ। ਅਸੀਂ ਕੰਧ ਟੱਪ ਕੇ ਸੰਗਤਰਿਆਂ-ਮਾਲਟਿਆਂ ਦਾ ਬੋਰਾ ਭਰ ਲਿਆਂਦੇ ਸਾਂ। ਸੀ ਤਾਂ ਚੋਰੀ ਹੀ ਪਰ ਇਹ ਮੁਹਿੰਮ ਮਨ ਨੂੰ ਬੜੀ ਭਾਉਂਦੀ ਸੀ ਅਤੇ ਸੰਗਤਰੇ-ਮਾਲਟੇ ਵੀ ਅੱਤ ਦੇ ਮਿੱਠੇ ਅਤੇ ਸੁਆਦਲੇ ਹੁੰਦੇ ਸਨ।

**ਔਖੇ ਸ਼ਬਦਾਂ ਦੇ ਅਰਥ :** **ਲੌਢੇ ਵੇਲੇ** - ਸ਼ਾਮ ਵੇਲੇ, ਆਥਣ; **ਜੋਗ** - ਬਲਦਾਂ ਦੀ ਜੋੜੀ, **ਜੋਤਾ** - ਹਲ਼ ਵਾਹੁਣ 'ਤੇ ਲਾਇਆ ਸਮਾਂ; **ਸੁਮੱਤ** - ਚੰਗੀ ਮੱਤ, ਬੁੱਧੀ, ਅਕਲ

## ਅਭਿਆਸ

**(ੳ) ਵਸਤੂਨਿਸ਼ਠ ਪ੍ਰਸ਼ਨ :**

1. ਸ. ਸ. ਜੌਹਲ ਰਚਿਤ ਕਿਹੜਾ ਸ੍ਵੈਜੀਵਨੀ-ਅੰਸ਼ 'ਆਪ-ਬੀਤੀਆਂ' ਪੁਸਤਕ ਵਿੱਚ ਦਰਜ ਹੈ?
2. ਲੇਖਕ ਬਚਪਨ ਦੀ ਸਭ ਤੋਂ ਵੱਡੀ ਦੇਣ ਕਿਸ ਨੂੰ ਮੰਨਦਾ ਹੈ?
3. ਲੇਖਕ ਨੂੰ ਕਿਸ ਜਮਾਤ ਤੋਂ ਬਾਅਦ ਸਕੂਲੋਂ ਹਟਾ ਲਿਆ ਗਿਆ?
4. ਸ. ਸ. ਜੌਹਲ ਨੇ ਬਚਪਨ ਸਾਂਝੇ ਪਰਿਵਾਰ ਵਿੱਚ ਰਹਿੰਦਿਆਂ ਗੁਜ਼ਾਰਿਆ। (ਸਹੀ/ਗਲਤ)
5. ਲੇਖਕ ਦੇ ਤਾਇਆ ਜੀ ਸਖ਼ਤ ਤਬੀਅਤ ਦੇ ਸਨ। (ਸਹੀ/ਗਲਤ)
6. ਸ. ਸ. ਜੌਹਲ ਨੂੰ ਪੜ੍ਹਾਈ ਤੋਂ ਬਿਨਾਂ ਕੋਈ ਹੋਰ ਕੰਮ ਨਹੀਂ ਸੀ ਕਰਨਾ ਪੈਂਦਾ। (ਸਹੀ/ਗਲਤ)
7. ਲੇਖਕ ਨੂੰ ਪੜ੍ਹਨੋਂ ਇਸ ਲਈ ਹਟਾ ਲਿਆ ਗਿਆ ਕਿਉਂਕਿ ਲੇਖਕ ਦੇ ਘਰ ਦੇ ਸਮਝਦੇ ਸਨ ਕਿ ਪੜ੍ਹ ਕੇ ਕਿਹੜਾ ਉਸ ਨੇ ...........ਬਣ ਜਾਣਾ ਹੈ।

**(ਖ਼ਾਲੀ ਥਾਂ ਭਰੋ)**

8. ਰੱਬਾ-ਰੱਬਾ, ਰਿਜ਼ਕ ਨਾ ਦੇਵੀਂ, ਮਾਂ .......... ਲਿਆਉਣ ਲਈ ਆਖੇਗੀ।
9. ਲੇਖਕ ਦੇ ਪਰਿਵਾਰ ਦੇ ਦੋ ਮੈਂਬਰ ਫ਼ੌਜ ਵਿੱਚ ਭਰਤੀ ਹੋਏ। ਉਹ ਸਨ.......
   (i) ਲੇਖਕ ਦੇ ਦੋ ਤਾਏ (ii) ਲੇਖਕ ਦੇ ਦੋ ਚਾਚੇ
   (iii) ਲੇਖਕ ਦਾ ਪਿਤਾ ਅਤੇ ਚਾਚਾ (iv) ਲੇਖਕ ਦਾ ਇੱਕ ਤਾਇਆ ਤੇ ਇੱਕ ਚਾਚਾ।
10. ਬਟਵਾਰੇ ਤੋਂ ਬਾਅਦ ਲੇਖਕ ਦੇ ਪਰਿਵਾਰ ਨੇ ਪੰਜਾਬ ਦੇ ਜ਼ਿਲ੍ਹੇ ਵਿੱਚ ਵਸੇਬਾ ਕੀਤਾ .........
   (i) ਪਟਿਆਲ਼ਾ ਜ਼ਿਲ੍ਹੇ ਵਿੱਚ (ii) ਅੰਮ੍ਰਿਤਸਰ ਜ਼ਿਲ੍ਹੇ ਵਿੱਚ
   (iii) ਜਲੰਧਰ ਜ਼ਿਲ੍ਹੇ ਵਿੱਚ (iv) ਸੰਗਰੂਰ ਜ਼ਿਲ੍ਹੇ ਵਿੱਚ

**(ਅ) ਦੱਸੋ —**

1. 'ਮੁੜ੍ਹਕੇ ਦੀ ਖ਼ੁਸ਼ਬੋ' ਸ੍ਵੈਜੀਵਨੀ-ਅੰਸ਼ ਵਿੱਚ ਲੇਖਕ ਨੇ ਆਪਣੇ ਪਰਿਵਾਰਿਕ ਪਿਛੋਕੜ ਬਾਰੇ ਕੀ ਦੱਸਿਆ ਹੈ? ਆਪਣੇ ਸ਼ਬਦਾਂ ਵਿੱਚ ਲਿਖੋ।
2. "ਬਚਪਨ ਵਿੱਚ ਹੀ ਲੇਖਕ ਦੀ ਸ਼ਖ਼ਸੀਅਤ 'ਤੇ ਮਿਹਨਤ ਦਾ ਰੰਗ ਚੜ੍ਹ ਗਿਆ ਸੀ।" ਕੀ ਤੁਸੀ ਇਸ ਕਥਨ ਨਾਲ਼ ਸਹਿਮਤ ਹੋ?
3. ਲੇਖਕ ਨੂੰ ਸਭ ਤੋਂ ਔਖਾ ਕੰਮ ਕਿਹੜਾ ਲੱਗਦਾ ਸੀ ਅਤੇ ਇਸ ਤੋਂ ਬਚਣ ਲਈ ਉਹ ਕੀ ਅਰਦਾਸ ਕਰਦਾ ਸੀ?
4. ਲੇਖਕ ਦੇ ਮੁੜ ਪੜ੍ਹਾਈ ਸ਼ੁਰੂ ਕਰਨ ਦੇ ਤਜਰਬੇ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
5. 'ਮੁੜ੍ਹਕੇ ਦੀ ਖ਼ੁਸ਼ਬੋ' ਸ੍ਵੈਜੀਵਨੀ-ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਅਤੇ ਪ੍ਰੇਰਨਾ ਮਿਲ਼ਦੀ ਹੈ?

13

# ਦਾਰਾ ਸਿੰਘ

**(1928-2012)**

| | | |
|---|---|---|
| ਪਿਤਾ ਦਾ ਨਾਂ | : | ਸ. ਸੂਰਤ ਸਿੰਘ |
| ਮਾਤਾ ਦਾ ਨਾਂ | : | ਸ੍ਰੀਮਤੀ ਬਲਵੰਤ ਕੌਰ |
| ਜਨਮ-ਸਥਾਨ | : | ਧਰਮੂਚੱਕ (ਅੰਮ੍ਰਿਤਸਰ) |
| ਕਿੱਤਾ | : | ਕੁਸ਼ਤੀਆਂ ਲੜਨੀਆਂ ਅਤੇ ਫ਼ਿਲਮਾਂ ਵਿੱਚ ਅਦਾਕਾਰੀ। |

ਦਾਰਾ ਸਿੰਘ ਮੂਲ ਰੂਪ ਵਿੱਚ ਕੁਸ਼ਤੀਆਂ ਲੜਨ ਵਾਲਾ ਆਪਣੇ ਸਮੇਂ ਦਾ ਪ੍ਰਮੁੱਖ ਪਹਿਲਵਾਨ ਸੀ। ਉਹ ਬਹੁਤ ਹੀ ਦਿਲਕਸ਼ ਮਰਦਾਵੀਂ ਸਰੀਰਿਕ ਖ਼ੂਬਸੂਰਤੀ ਦਾ ਮਾਲਕ ਸੀ। ਕੁਸ਼ਤੀਆਂ ਕਰਕੇ ਉਸ ਨੂੰ ਰੁਸਤਮੇ-ਹਿੰਦ ਦਾ ਖ਼ਿਤਾਬ ਦਿੱਤਾ ਗਿਆ। ਉਸ ਦੀ ਸਰਲਤਾ ਅਤੇ ਨਿਮਰਤਾ ਤੋਂ ਲੋਕ ਬਹੁਤ ਪ੍ਰਭਾਵਿਤ ਹੁੰਦੇ ਸਨ। ਕੁਸ਼ਤੀ-ਜਗਤ ਤੋਂ ਬਿਨਾਂ ਉਸ ਨੇ ਫ਼ਿਲਮ-ਜਗਤ ਵਿੱਚ ਵੀ ਨਾਮ ਕਮਾਇਆ। ਆਪਣੇ ਸਮੇਂ ਦੀਆਂ ਪ੍ਰਸਿੱਧ ਸਟੰਟ ਅਤੇ ਇਤਿਹਾਸਿਕ ਫ਼ਿਲਮਾਂ ਵਿੱਚ ਅਦਾਕਾਰੀ ਕਰ ਕੇ ਨਾਂ ਖੱਟਿਆ। ਪ੍ਰਸਿੱਧ ਟੀ.ਵੀ ਸ਼ੋਅ 'ਰਾਮਾਇਣ' ਵਿੱਚ ਹਨੂੰਮਾਨ ਦੇ ਕਿਰਦਾਰ ਦੀ ਉਸ ਦੀ ਭੂਮਿਕਾ ਬਹੁਤ ਹਰਮਨ-ਪਿਆਰੀ ਹੋਈ। ਹਥਲੀ ਪਾਠ-ਪੁਸਤਕ ਵਿੱਚ ਉਸ ਦੀ ਆਤਮ-ਕਥਾ ਵਿੱਚੋਂ "ਮੇਰਾ ਫ਼ਿਲਮਾ ਵਿੱਚ ਪ੍ਰਵੇਸ਼" ਨਾਮੀ ਪਾਠ ਲਿਆ ਗਿਆ ਹੈ ਜਿਸ ਵਿੱਚ ਉਸ ਨੇ ਆਪਣੇ ਫ਼ਿਲਮਾਂ ਵਿੱਚ ਕੰਮ ਬਾਰੇ ਬੜੀ ਰੋਚਕਤਾ ਅਤੇ ਵਿਸਤਾਰ ਨਾਲ਼ ਜ਼ਿਕਰ ਕੀਤਾ ਹੈ ਅਤੇ ਫ਼ਿਲਮ-ਜਗਤ ਨਾਲ਼ ਜੁੜੀਆਂ ਘਟਨਾਵਾਂ ਨੂੰ ਦਰਸਾਇਆ ਹੈ ਅਤੇ ਦੱਸਿਆ ਹੈ ਕਿ ਕਿਵੇਂ ਉਸ ਦੇ ਹਮੇਸ਼ਾਂ ਲਈ ਬੰਬਈ (ਮੁੰਬਈ) ਵਿੱਚ ਹੀ ਡੇਰੇ ਲੱਗ ਗਏ।

❋❋❋❋❋

# ਫ਼ਿਲਮਾਂ ਵਿੱਚ ਪ੍ਰਵੇਸ਼

ਵੈਸੇ ਤਾਂ ਮੈਂ 1952 ਈਸਵੀ ਵਿੱਚ ਮਦਰਾਸ ਵਿੱਚ ਇੱਕ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ ਜਿਸ ਦਾ ਨਾਂ ਸੀ The World, ਇਸ ਤੋਂ ਬਾਅਦ 1954 ਈਸਵੀ ਵਿੱਚ 'ਝਲਕ' ਨਾਂ ਦੀ ਪਹਿਲੀ ਫ਼ਿਲਮ ਵਿੱਚ ਹਾਸ-ਰਸ ਕਲਾਕਾਰ ਓਮ ਪ੍ਰਕਾਸ਼ ਨਾਲ਼ ਕੁਸ਼ਤੀ ਲੜੀ ਸੀ। ਓਮ ਪ੍ਰਕਾਸ਼ ਦਾ ਡੁਪਲੀਕੇਟ ਸੌਦਾਗਰ ਪਹਿਲਵਾਨ ਨੇ ਕੀਤਾ ਸੀ। ਮਤਲਬ ਦਾਅ-ਪੇਚ ਤੇ ਲੜਨ ਦਾ ਸਾਰਾ ਕੰਮ ਓਮ ਜੀ ਦੀ ਥਾਂ ਸੌਦਾਗਰ ਸਿੰਘ ਨੇ ਕੀਤਾ ਤੇ ਚਿਹਰਾ ਦਿਖਾਇਆ ਗਿਆ ਸੀ, ਓਮ ਜੀ ਦਾ। ਇਸ ਫ਼ਿਲਮ ਦਾ ਹੀਰੋ ਸੀ ਕਿਸ਼ੋਰ ਕੁਮਾਰ ਤੇ ਹੀਰੋਇਨ ਸੀ ਵੈਜੰਤੀ ਮਾਲਾ। 1956 ਵਿੱਚ ਇੱਕ ਹੋਰ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ, ਹਾਸ-ਰਸ ਕਲਾਕਾਰ ਭਗਵਾਨ ਦਾਦਾ ਨਾਲ਼ ਤੇ ਭਗਵਾਨ ਦਾਦਾ ਦਾ ਡੁਪਲੀਕੇਟ ਕੀਤਾ ਸੀ, ਅਜੀਤ ਸਿੰਘ ਨੇ। ਇਸ ਫ਼ਿਲਮ ਵਿੱਚ ਮੈਨੂੰ ਕੁਸ਼ਤੀ ਤੋਂ ਪਹਿਲਾਂ ਕੁਝ ਸ਼ਬਦ ਬੋਲਣ ਲਈ ਕਿਹਾ ਗਿਆ । ਰਿਹਰਸਲ ਵਿੱਚ ਮੈਂ ਉਹ ਸ਼ਬਦ ਕਦੇ ਗ਼ਲਤ ਤੇ ਕਦੇ ਠੀਕ ਵੀ ਬੋਲ ਜਾਂਦਾ ਸੀ। ਡਾਇਰੈਕਟਰ ਨੇ ਸੱਤ-ਅੱਠ ਵਾਰ ਕੋਸ਼ਸ਼ ਕਰਨ ਦੇ ਬਾਅਦ ਇਹ ਕਹਿ ਕੇ ਸ਼ਾਟ 'ਓ.ਕੇ.' ਕਰ ਦਿੱਤਾ ਕਿ ਇਸ ਨੂੰ ਡੱਬ ਕਰ ਲਵਾਂਗੇ।

ਅਸੀਂ ਘੋਲ਼ ਵਾਲ਼ਾ ਕੰਮ ਤਾਂ ਇੱਕ ਦਿਨ ਵਿੱਚ ਖ਼ਤਮ ਕਰ ਦਿੱਤਾ ਪਰ ਰਾਤ ਨੂੰ ਹੋਟਲ ਅਸਟੋਰੀਆ, ਚਰਚ ਗੇਟ ਵਿੱਚ ਮੈਨੂੰ ਰਾਤ ਭਰ ਨੀਂਦ ਨਾ ਆਈ। ਅਜੀਤ ਦੇ ਪੁੱਛਣ 'ਤੇ ਮੈਂ ਕਿਹਾ ਕਿ ਭਈ, ਮੈਂ ਬੋਲ ਤਾਂ ਠੀਕ ਰਿਹਾ ਸੀ, ਫਿਰ ਉਹਨਾਂ ਨੂੰ ਮੇਰੇ ਲਫ਼ਜ਼ ਪਸੰਦ ਕਿਉਂ ਨਹੀਂ ਆਏ ਤੇ ਕਈ ਵਾਰ ਉਹ ਵਿੱਚੋਂ ਕਹਿ ਵੀ ਦਿੰਦੇ ਸਨ, 'ਯੇ ਠੀਕ ਹੈ।' ਅਜੀਤ ਨੇ ਕਿਹਾ, 'ਜਿਹੜੀ ਗੱਲ ਖ਼ਤਮ ਹੋ ਗਈ, ਉਸ 'ਤੇ ਮਿੱਟੀ ਪਾ ਤੇ ਅਰਾਮ ਨਾਲ਼ ਸੌਂ ਜਾ ਪਰ ਉਸ ਦੇ ਇਸ ਮਿੱਟੀ ਪਾਉਣ ਵਾਲ਼ੇ ਫ਼ੈਸਲੇ ਨਾਲ਼ ਮੇਰੀ ਤਸੱਲੀ ਨਹੀਂ ਸੀ ਹੋਈ। ਪ੍ਰੋਡਿਊਸਰ -ਡਾਇਰੈਕਟਰ ਵੀ ਐਨਾ ਹੀ ਜਾਣਦੇ ਸਨ ਕਿ ਇਹ ਠੀਕ ਹੈ ਤੇ ਇਹ ਗ਼ਲਤ। ਗ਼ਲਤੀ ਕਿੱਥੇ ਹੈ, ਇਹ ਉਹ ਵੀ ਮੈਨੂੰ ਸਮਝਾ ਨਹੀਂ ਸਨ ਸਕੇ। ਇਸ ਗ਼ਲਤੀ ਦਾ ਮੈਨੂੰ ਉਦੋਂ ਪਤਾ ਲੱਗਾ ਜਦੋਂ ਮੈਂ ਉਰਦੂ ਜ਼ੁਬਾਨ ਪੜ੍ਹੀ ਤੇ ਬੋਲਣੀ ਸਿੱਖੀ। ਉਸਤਾਦ ਹਸਨ ਨੇ ਮੈਨੂੰ ਬੋਲਣ ਦੇ ਲਹਿਜੇ ਸਮਝਾਏ ਤਾਂ ਜਾ ਕੇ ਮੇਰੇ ਪੱਲੇ ਗੱਲ ਪਈ। ਭਗਵਾਨ ਦਾਦਾ ਵਾਲ਼ੀ ਫ਼ਿਲਮ ਵਿੱਚ ਅਲਫ਼ਾਜ਼ ਇੰਞ ਸਨ, 'ਛੋੜ ਦੇ, ਯੇ ਤੁਮ ਕਿਆ ਕਰ ਰਹੇ ਹੋ' ਸ਼ਬਦਾਂ ਦੀ ਪੂਰੀ ਕਤਾਰ ਮੈਂ ਠੀਕ ਬੋਲ ਜਾਂਦਾ ਸੀ ਪਰ ਮੈਨੂੰ ਉਸ ਵਕਤ ਯੇ, ਜੇ ਤੇ ਜ਼ੇ ਦੇ ਫ਼ਰਕ ਦਾ ਅਹਿਸਾਸ ਨਹੀਂ ਸੀ, ਇਸ ਲਈ ਜੇ ਜ਼ੋਰ ਲਾ ਕੇ ਬੋਲਦਾ ਤਾਂ ਜ਼ੇ ਕਿਆ ਕਰ ਰਹੇ ਹੋ, ਬੋਲ ਜਾਂਦਾ ਸੀ ਤੇ ਜੇ ਅਸਾਨੀ ਨਾਲ਼ ਬੋਲਦਾ ਤਾਂ ਜੇ ਕਿਆ ਕਰ ਰਹੇ ਹੋ, ਬੋਲ ਜਾਂਦਾ ਸੀ। ਕਦੇ-ਕਦੇ ਰਿਹਰਸਲ ਵਿੱਚ ਯੇ ਕਿਆ ਕਰ ਰਹੇ ਹੋ ਨਿਕਲਦਾ ਤਾਂ ਸਾਰੇ ਕਹਿ ਉੱਠਦੇ, 'ਹਾਂ ਇਹ ਠੀਕ ਹੈ', ਇੰਞ ਹੀ ਬੋਲ ਦਿਓ ਪਰ ਕੈਮਰਾ ਸ਼ੁਰੂ ਹੁੰਦਿਆਂ ਹੀ ਜੇ ਜਾਂ ਜ਼ੇ ਹੋ ਜਾਂਦਾ ਸੀ। ਖ਼ੈਰ, ਇਸ ਫ਼ਿਕਰ ਨੂੰ ਇਹ ਸੋਚ ਕੇ ਮਗਰੋਂ ਲਾਹਿਆ ਕਿ ਆਪਾਂ ਕਿਹੜਾ ਐਕਟਰ ਬਣਨਾ ਹੈ। ਉੱਪਰਲੀਆਂ ਤਿੰਨ ਫ਼ਿਲਮਾਂ ਤੋਂ ਇਲਾਵਾ ਤਾਮਿਲ ਫ਼ਿਲਮ 'ਪੂਨੀ' ਵਿੱਚ ਵੀ ਮੈਂ ਕੁਸ਼ਤੀ ਲੜੀ ਸੀ। ਇਹ ਕੁਸ਼ਤੀ ਕਿੰਗਕਾਂਗ ਨਾਲ਼ ਹੋਈ ਸੀ ਤੇ ਇੱਕ ਹੋਰ ਤਾਮਿਲ ਫ਼ਿਲਮ ਵਿੱਚ ਮਜ਼ਾਹੀਆ ਐਕਟਰ ਬਲਰੀਆ ਨਾਲ਼ ਵੀ ਕੁਸ਼ਤੀ ਲੜੀ ਸੀ।

1960 ਈਸਵੀ ਵਿੱਚ ਮੈਨੂੰ ਫ਼ਿਲਮ ਵਿੱਚ ਪੂਰਨ ਤੌਰ 'ਤੇ ਕੰਮ ਕਰਨ ਦੀ ਦਾਅਵਤ ਮਿਲੀ। ਇਹਨੀਂ ਦਿਨੀਂ ਬੰਬਈ, ਹੁਣ ਮੁੰਬਈ ਤੇ ਅਹਿਮਦਾਬਾਦ ਵਿੱਚ ਦੰਗਲ਼ ਹੋ ਰਹੇ ਸਨ। ਬੰਬਈ ਵਿੱਚ ਵੀ ਮਦਰਾਸ ਦੀ ਤਰ੍ਹਾਂ ਫ਼ਿਲਮੀ ਕਲਾਕਾਰ ਕੁਸ਼ਤੀਆਂ ਵੇਖਣ ਆਉਂਦੇ ਸਨ। ਸ਼ੰਮੀ ਕਪੂਰ, ਨਰਗਿਸ, ਪ੍ਰੇਮ ਨਾਥ ਤੇ ਹੋਰ ਵੀ ਕਈ ਕਲਾਕਾਰ। ਇੱਕ ਦੰਗਲ਼ ਵਿੱਚ ਦਲੀਪ ਕੁਮਾਰ ਦਾ ਭਾਸ਼ਣ ਵੀ ਹੋਇਆ ਸੀ। ਸ਼ਾਇਦ ਦੰਗਲ਼ ਕਿਸੇ ਚੈਰਿਟੀ ਫ਼ੰਡ ਵਾਸਤੇ ਸੀ। ਦੰਗਲ਼ ਤੋਂ ਬਾਅਦ ਮੈਂ ਤੇ ਪਹਿਲਵਾਨ ਹਰਬੰਸ ਸਿੰਘ ਇਕੱਠੇ ਸਫ਼ਰ ਕਰ ਰਹੇ ਸੀ। ਏਅਰਪੋਰਟ 'ਤੇ ਬੈਠਿਆਂ, ਦਲੀਪ ਕੁਮਾਰ ਦੇ ਭਾਸ਼ਣ ਦੀ ਚਰਚਾ ਕਰਦਿਆਂ ਹਰਬੰਸ ਸਿੰਘ ਨੇ ਮੈਨੂੰ ਕਿਹਾ ਕਿ ਫ਼ਿਲਮਾਂ ਵਿੱਚ ਕੰਮ ਕਰਨ ਬਾਰੇ ਤੇਰਾ ਕੀ ਖ਼ਿਆਲ ਹੈ ? ਤਾਂ ਮੈਂ ਉਹਨਾਂ ਨੂੰ ਆਪਣੇ ਕੌੜੇ ਤਜਰਬੇ ਵਾਲ਼ੀ ਗੱਲ ਦੱਸੀ ਕਿ ਮੈਥੋਂ ਤਾਂ ਲਫ਼ਜ਼ਾਂ ਦੀ ਇੱਕ ਕਤਾਰ ਵੀ ਨਹੀਂ ਸੀ ਬੋਲੀ ਗਈ। ਕਹਿਣ ਲੱਗੇ, ਸਿੱਖਣ ਨਾਲ਼ ਸਭ ਕੁਝ ਆ ਜਾਂਦਾ ਹੈ, ਵੈਸੇ ਤੇਰਾ ਚਿਹਰਾ ਫ਼ਿਲਮਾਂ ਵਾਸਤੇ ਬਹੁਤ ਯੋਗ ਹੈ। ਮੈਂ ਕਿਹਾ, "ਕਰ ਲਓ ਮਖੌਲ, ਕੋਈ ਗੱਲ ਨਹੀਂ।" ਕਹਿਣ ਲੱਗੇ, " ਮੈਂ ਮਜ਼ਾਕ ਨਹੀਂ ਕਰਦਾ, ਸੱਚ ਕਹਿ ਰਿਹਾਂ।" ਜੇ ਤੈਨੂੰ ਮੌਕਾ ਮਿਲੇ ਤਾਂ ਜ਼ਰੂਰ ਕੋਸ਼ਸ਼ ਕਰੀਂ।" ਇਹ ਗੱਲ ਤਾਂ ਮੈਂ ਉਸ ਵਕਤ ਭੁੱਲ-ਭੁਲਾ ਗਿਆ ਸੀ ਕਿਉਂਕਿ ਅਸੀਂ ਤਾਂ ਆਪਣੇ ਸਾਰੇ ਗਰੁੱਪ ਵਿੱਚੋਂ ਸੌਦਾਗਰ ਨੂੰ ਖ਼ੂਬਸੂਰਤ ਮੰਨਦੇ ਸੀ। ਪਰ ਜਦੋਂ ਮੈਨੂੰ ਐਕਟਿੰਗ ਕਰਨ ਦਾ ਸੱਦਾ ਆਇਆ ਤਾਂ ਮੈਨੂੰ ਹਰਬੰਸ ਸਿੰਘ ਜੀ ਦੀ ਗੱਲ ਯਾਦ ਆਈ ਤੇ ਮੈਂ ਸੋਚਣ ਲੱਗਾ ਕਿ ਵਾਕਿਆ ਹੀ ਮੇਰਾ ਚਿਹਰਾ ਫ਼ਿਲਮਾਂ ਵਿੱਚ ਕੰਮ ਕਰਨ ਦੇ ਯੋਗ ਹੋਵੇਗਾ, ਤਾਂ ਹੀ ਤਾਂ ਪ੍ਰੋਡਿਊਸਰ ਮੇਰੇ ਕੋਲ਼ ਆਇਆ ਹੈ।

ਮੈਂ ਅਹਿਮਦਾਬਾਦ ਤੋਂ ਕੁਸ਼ਤੀ ਘੁਲ਼ ਕੇ ਆਇਆ ਸੀ। ਦਲਜੀਤ ਰਾਓ ਤੇ ਮੈਂ ਬੰਬਈ ਹੋਟਲ ਦੇ ਇੱਕੋ ਕਮਰੇ ਵਿੱਚ ਠਹਿਰੇ ਹੋਏ ਸੀ। ਮੇਰੇ ਆਉਣ 'ਤੇ ਉਸ ਨੇ ਦੱਸਿਆ ਕਿ ਇੱਕ ਫ਼ਿਲਮ-ਨਿਰਮਾਤਾ ਜਿਹੜਾ ਆਪਣਾ ਟੈਲੀਫ਼ੂਨ ਨੰਬਰ ਤੇ ਪਤਾ ਛੱਡ ਗਿਆ ਹੈ, ਤੈਨੂੰ ਆਪਣੀ ਫ਼ਿਲਮ ਵਿੱਚ ਲੈਣਾ ਚਾਹੁੰਦਾ ਹੈ। ਉਸ ਨੂੰ ਫ਼ੋਨ ਕਰ ਲਵੋ। ਮੈਂ ਕਿਹਾ; ਨਹੀਂ, ਇਹ ਪ੍ਰੋਡਿਊਸਰ ਐਵੇਂ ਗੱਪਾਂ-ਸ਼ੱਪਾਂ ਮਾਰਦੇ ਰਹਿੰਦੇ ਨੇ। ਇੱਕ ਪ੍ਰੋਡਿਊਸਰ ਨੇ ਮੇਰੇ ਨਾਲ਼ ਮਦਰਾਸ ਵੀ ਗੱਲ ਕੀਤੀ ਸੀ। ਦਰਅਸਲ ਮੈਂ ਆਪਣਾ ਮਨ ਮੁਕੰਮਲ ਤੌਰ 'ਤੇ ਤਿਆਰ ਨਹੀਂ ਸਾਂ ਕਰ ਸਕਿਆ ਕਿ ਕੰਮ

ਕਰਨਾ ਹੈ ਜਾਂ ਨਹੀਂ। ਜੇ ਕੰਮ ਕਰਨ ਦੀ ਜਾਚ ਨਾ ਆਈ ਤਾਂ ਐਵੇਂ ਬਦਨਾਮੀ ਹੋਵੇਗੀ ਤੇ ਕੁਸਤੀ ਵਿੱਚ ਜਿਹੜਾ ਨਾਮਣਾ ਖੱਟਿਆ ਹੈ, ਉਹ ਵੀ ਜਾਂਦਾ ਰਹੇਗਾ। ਦੂਸਰੇ ਪਾਸੇ ਜੀਅ ਵੀ ਕਰਦਾ ਸੀ ਤੇ ਮਨ ਕਹਿੰਦਾ ਸੀ ਕਿ ਜੇ ਫਿਲਮਾਂ ਵਿੱਚ ਕਾਮਯਾਬੀ ਮਿਲ ਗਈ ਤਾਂ ਬੁਢਾਪੇ ਦਾ ਸਹਾਰਾ, ਇੱਕ ਕੰਮ ਮਿਲ ਜਾਵੇਗਾ ਕਿਉਂਕਿ ਕੁਸ਼ਤੀਆਂ ਤਾਂ ਜਵਾਨੀ ਨਾਲ ਹੀ ਖ਼ਤਮ ਹੋ ਜਾਣਗੀਆਂ ਤੇ ਫਿਰ ਕਿਧਰੇ ਗਾਮੇ ਪਹਿਲਵਾਨ ਵਾਲਾ ਜਾਂ ਜੋ ਆਮ ਬੁੱਢਿਆਂ ਪਹਿਲਵਾਨਾਂ ਦਾ ਹਾਲ ਹੁੰਦਾ ਹੈ, ਮੇਰਾ ਵੀ ਨਾ ਹੋਵੇ। ਆਖ਼ਰ ਸੋਚ-ਵਿਚਾਰ ਕੇ ਨਿਰਨਾ ਕੀਤਾ ਕਿ ਕੁਸ਼ਤੀਆਂ ਵੀ ਨਾ ਛੱਡੋ ਤੇ ਫ਼ਿਲਮਾਂ ਵਿੱਚ ਵੀ ਕੋਸਸ਼ ਕਰ ਲਓ।

ਦੂਸਰੇ ਦਿਨ ਦੁਪਹਿਰ ਨੂੰ ਨਿਰਮਾਤਾ ਦੇਵੀ ਸਰਮਾ ਮੇਰੇ ਕਮਰੇ ਵਿੱਚ ਆਇਆ। ਮੁਲਾਕਾਤ ਹੋਈ ਤਾਂ ਕਹਿਣ ਲੱਗਾ, 'ਭਈ ਵਾਹ! ਲੋਗ ਤੋ ਹਮਾਰੇ ਪੀਛੇ ਘੁੰਮ ਰਹੇ ਹੈਂ ਕਿ ਹਮ ਉਨ੍ਹੇਂ ਫ਼ਿਲਮ ਮੇਂ ਕਾਮ ਦੇਂ, ਔਰ ਹਮ ਆਪ ਕੇ ਪੀਛੇ ਘੁੰਮ ਰਹੇ ਹੈਂ ਔਰ ਆਪ ਹਮਾਰੀ ਪਰਵਾਹ ਹੀ ਨਹੀਂ ਕਰਤੇ।" ਮੈਂ ਕਿਹਾ, 'ਆਪ ਵਾਕਿਆ ਹੀ ਫ਼ਿਲਮ ਬਨਾਨਾ ਚਾਹਤੇ ਹੈਂ ਯਾ ਫ਼ਿਲਮ ਬਨਾਨੇ ਕਾ ਖ਼ਿਆਲ ਰਖਤੇ ਹੈਂ।' ਕਹਿਣ ਲੱਗੇ, 'ਭਾਈ ਮੈਂ ਇੱਕ ਐਸਟੈਬਲਿਸਡ ਪ੍ਰੋਡਿਊਸਰ ਹੂੰ ਔਰ ਕਈ ਫ਼ਿਲਮੇਂ ਬਨਾ ਚੁਕਾ ਹੂੰ। ਅਬ ਮੈਂ ਏਕ ਐਸੀ ਫ਼ਿਲਮ ਬਨਾਨਾ ਚਾਹਤਾ ਹੂੰ ਜੈਸੀ ਇੰਗਲਿਸ ਜ਼ੁਬਾਨ ਮੇਂ ਬਨੀ ਹੈ. "ਹਰਕਿਊਲੀਸ ਇਨ ਚੇਨਜ।" ਮੈਂ ਕਿਹਾ, 'ਮੁਝੇ ਐਕਟਿੰਗ ਤੋ ਆਤੀ ਨਹੀਂ, ਉਸ ਕਾ ਕਿਆ ਕਰੇਂਗੇ ? ' ਕਹਿਣ ਲੱਗੇ, 'ਹਮਾਰੇ ਡਾਇਰੈਕਟਰ 'ਬਾਬੂ ਭਾਈ ਮਿਸਤਰੀ' ਨੇ ਆਪ ਕੀ ਕੁਸ਼ਤੀਆਂ ਦੇਖੀ ਹੈਂ, ਉਨਕਾ ਕਹਿਨਾ ਹੈ ਕਿ ਐਕਟਿੰਗ ਕੀ ਜ਼ਿੰਮੇਵਾਰੀ ਉਨ ਪਰ ਛੋੜ ਦੀ ਜਾਏ।' ਮੈਂ ਕਿਹਾ, 'ਫਿਰ ਮੁਝੇ ਕਾਮ ਕਰਨੇ ਮੇਂ ਕੋਈ ਸੰਕੋਚ ਨਹੀਂ। ਕਹਿਣ ਲੱਗੇ, 'ਤੋ ਫਿਰ ਲੇਨੇ -ਦੇਨੇ ਕੀ ਬਾਤ ਕਰ ਲੀ ਜਾਏ। ਮੈਂ ਸਾਈਨਿੰਗ ਅਮਾਊਂਟ ਸਾਥ ਲੇ ਕਰ ਆਇਆ ਹੂੰ। ਮੈਂ ਕਿਹਾ, 'ਆਪ ਕੋ ਯੇ ਕੈਸੇ ਯਕੀਨ ਥਾ ਕਿ ਮੈਂ ਕਾਮ ਕਰਨੇ ਕੇ ਲੀਏ ਰਾਜ਼ੀ ਹੋ ਜਾਊਂਗਾ ?' ਕਹਿਣ ਲੱਗੇ, 'ਜਬ ਤੁਮਨੇ ਮੁਝਸੇ ਕਾਂਟੈਕਟ ਨਹੀਂ ਕੀਆ ਤੋ ਥੋੜ੍ਹਾ ਮਾਯੂਸ ਹੁਆ ਥਾ ਪਰ ਨਾ ਜਾਨੇ ਕਿਉਂ ਮੁਝੇ ਵਿਸਵਾਸ ਥਾ ਕਿ ਤੁਮ ਮੇਰੀ ਫ਼ਿਲਮ ਮੇਂ ਜ਼ਰੂਰ ਕਾਮ ਕਰੋਗੇ। ਅਬ ਆਖ਼ਿਰੀ ਬਾਤ ਤੈਅ ਕਰ ਲੋ ਤੋ ਇਤਮੀਨਾਨ ਹੋ ਜਾਏ।' ਮੈਂ ਕਿਹਾ, 'ਮੈਂਨੇ, ਕਾਮ ਕਰਨੇ ਕੀ ਹਾ ਕਰ ਦੀ ਹੈ, ਅਬ ਲੇਨ-ਦੇਨ ਕੀ ਬਾਤ ਬਾਅਦ ਮੇਂ ਕਰ ਲੇਂਗੇ।' ਪਰ ਦੇਵੀ ਜੀ ਤਾਂ ਤੁਰੰਤ ਫ਼ੈਸਲਾ ਕਰਨ ਲਈ ਕਾਹਲ਼ੇ ਸਨ। ਮੈਂ ਕਿਹਾ, 'ਠੀਕ ਹੈ, ਫ਼ੈਸਲਾ ਅਭੀ ਕੀਏ ਦੇਤੇ ਹੈਂ। ਆਪ ਕੀ ਫ਼ਿਲਮ ਮੇਂ ਮੁਝੇ ਕਿਤਨੇ ਦਿਨ ਕਾਮ ਕਰਨਾ ਹੋਗਾ ?' ਸੋਚ ਕੇ ਕਹਿਣ ਲੱਗੇ, 'ਸਾਠ ਦਿਨ ਤੋ ਲਗ ਹੀ ਜਾਏਂਗੇ।' ਮੈਂ ਕਿਹਾ, 'ਫਿਰ ਆਪ ਮੁਝੇ ਸਾਠ ਹਜ਼ਾਰ ਰੁਪਿਆ ਦੇ ਦੇਨਾ।' ਦੇਵੀ ਸ਼ਰਮਾ ਬੜੇ ਚਤਰ ਸਨ, ਭਾਂਪ ਗਏ ਕਿ ਮੈਂ ਤਾਂ ਸਿੱਧਾ ਦਿਨ ਦਾ ਇੱਕ ਹਜ਼ਾਰ ਦੇ ਹਿਸਾਬ ਨਾਲ਼ ਪੈਸੇ ਮੰਗੇ ਹਨ। ਕਹਿਣ ਲੱਗੇ, 'ਅਗਰ ਕਾਮ ਕਮ ਦਿਨ ਕਾ ਹੋ ਤੋ ?' ਮੈਂ ਕਿਹਾ, 'ਕਿਤਨੇ ਦਿਨ ਕਾ ਹੋ ਸਕਤਾ ਹੈ ? ' ਕਹਿਣ ਲੱਗੇ, 'ਅਗਰ ਕਾਮ ਪਚਾਸ ਦਿਨ ਕਾ ਹੋ ਤੋ ? ਮੈਂ ਕਿਹਾ, 'ਠੀਕ ਹੈ, ਆਪ ਪਚਾਸ ਹਜਾਰ ਦੇ ਦੇਨਾ।' ਉਹ ਫਿਰ ਕਹਿਣ ਲੱਗੇ, 'ਅਗਰ ਕਾਮ ਚਾਲੀਸ ਦਿਨ ਕਾ ਹੋ ਤੋ ?' ਮੈਂ ਕਿਹਾ, 'ਤੋ ਚਾਲੀਸ ਹਜ਼ਾਰ ਦੇ ਦੇਨਾ, ਮਗਰ ਇਸ ਸੇ ਕਮ ਨਹੀਂ ਲੂੰਗਾ, ਕਾਮ ਚਾਹੇ 30 ਦਿਨ ਕਾ ਹੋ।' ਬੜੇ ਚਲਾਕ ਨਿਕਲ਼ੇ ਉਹ, ਕਹਿਣ ਲੱਗੇ, 'ਪਾਂਚ ਹਜਾਰ ਆਪ ਯੇ ਪਕੜੀਏ ਜੋ ਮੈਂ ਲੇ ਕਰ ਆਇਆ ਹੂੰ। ਹਜਾਰ ਰੁਪਏ ਹਰ ਰੋਜ਼ ਕੀ ਸੂਟਿੰਗ ਪਰ ਲੇਤੇ ਜਾਨਾ। ਅਗਰ ਤੋ ਕਾਮ 30 ਦਿਨ ਮੇਂ ਖ਼ਤਮ ਹੋ ਗਿਆ ਤੋ ਆਪ ਕੋ ਮਿਲ ਗਏ 35 ਹਜ਼ਾਰ ਔਰ ਅਗਰ ਕਾਮ ਚਾਲੀਸ ਦਿਨੋਂ ਮੇਂ ਖ਼ਤਮ ਹੁਆ ਤੋ ਆਪ ਕੋ ਮਿਲ ਗਏ 45 ਹਜਾਰ।' ਉਸ ਨੇ ਇਸ ਢੰਗ ਨਾਲ਼ ਸਮਝਾਇਆ ਕਿ ਮੈਂ ਮੰਨ ਗਿਆ। ਫ਼ੈਸਲਾ ਇਹ ਹੋਇਆ ਕਿ ਜੇ ਮੈਨੂੰ ਕਿਸੇ ਦੂਸਰੇ ਸ਼ਹਿਰ ਵਿੱਚੋਂ ਕੁਸਤੀਆਂ ਕਰਦੇ ਨੂੰ ਸੱਦਣਗੇ ਤਾ ਆਉਣ-ਜਾਣ ਦਾ ਹਵਾਈ ਜਹਾਜ ਦਾ ਕਿਰਾਇਆ ਤੇ ਹੋਟਲ ਦਾ ਰਹਿਣ-ਸਹਿਣ ਆਦਿ ਦਾ ਖ਼ਰਚਾ ਵੀ ਇਹ ਦੇਣਗੇ ਕਿਉਂਕਿ ਬੰਬਈ ਕੁਸਤੀਆਂ ਦਾ ਟੂਰਨਾਮੈਂਟ ਤਾਂ ਖ਼ਤਮ ਹੋਣ ਵਾਲਾ ਸੀ।

ਦੇਵੀ ਸ਼ਰਮਾ ਦੀ ਫ਼ਿਲਮ ਦਾ ਨਾਂ ਸੀ 'ਕਿੰਗਕਾਂਗ'। ਇਹ ਨਾਂ ਇਹਨਾਂ ਨੇ ਇੰਗਲਿਸ਼ ਫ਼ਿਲਮ 'ਕਿੰਗਕਾਂਗ' ਵੇਖ ਕੇ ਰੱਖਿਆ ਸੀ। ਦਰਅਸਲ ਪਹਿਲਵਾਨ ਕਿੰਗਕਾਗ ਦਾ ਨਾਂ ਵੀ ਇਸ ਇੰਗਲਿਸ ਫਿਲਮ ਦੀ ਮਸ਼ਹੂਰੀ ਤੇ ਕਿੰਗਕਾਗ ਦੀ ਤਾਕਤ ਦੇ ਕ੍ਰਿਸ਼ਮੇ ਵੇਖ ਕੇ ਹੀ ਪਿਆ ਸੀ। ਕਿੰਗਕਾਂਗ ਦਾ ਅਸਲੀ ਨਾਂ 'ਐਮਲ ਜਾਇਆ' ਸੀ। ਮੈਂ ਦੇਵੀ ਸਰਮਾ ਨੂੰ ਕਿਹਾ ਕਿ ਜੇ ਫਿਲਮ ਦਾ ਨਾਂ ਕਿੰਗਕਾਂਗ ਰੱਖਿਆ ਹੈ ਤਾਂ ਪਹਿਲਵਾਨ ਕਿੰਗਕਾਂਗ ਨੂੰ ਵੀ ਲੈ ਲਓ ਕਿਉਂਕਿ ਉਹਨਾਂ ਨੂੰ ਮੇਰੇ ਨਾਲ ਲੜਨ ਵਾਸਤੇ ਕੋਈ ਪਹਿਲਵਾਨ ਚਾਹੀਦਾ ਸੀ। ਮੇਰੀ ਗੱਲ ਦੇਵੀ ਸ਼ਰਮਾ ਦੇ ਪਸੰਦ ਆਈ ਤੇ ਉਹਨਾਂ ਜਾ ਕਿੰਗਕਾਂਗ ਨੂੰ ਸਾਈਨ ਕੀਤਾ।

ਫ਼ਿਲਮਾਂ ਦੀ ਅੱਧੀ ਸੂਟਿੰਗ ਤਾਂ ਸਾਡੇ ਬੰਬਈ ਦੇ ਦੰਗਲਾਂ ਦੇ ਨਾਲ-ਨਾਲ ਹੋ ਗਈ। ਪਰ ਇੱਕ ਵਾਰ ਦੇਵੀ ਸ਼ਰਮਾ ਦਾ ਖ਼ਾਹ-ਮਖ਼ਾਹ ਨੁਕਸਾਨ ਹੋ ਗਿਆ। ਮੈਂ ਈਸਟ ਅਫ਼ਰੀਕਾ ਵਿੱਚ ਕੁਸਤੀਆਂ ਲੜ ਰਿਹਾ ਸੀ ਕਿ ਇਸ ਨੇ ਸੂਟਿੰਗ ਦਾ ਸ਼ਡਿਊਲ ਫ਼ਿਕਸ ਕਰ ਦਿੱਤਾ। ਮੈਂ ਨੈਰੋਬੀ ਤੋਂ ਬੰਬਈ ਪਹੁੰਚਿਆ। ਨੈਰੋਬੀ ਤੋਂ ਚੱਲਣ ਤੋਂ ਦੋ-ਤਿੰਨ ਦਿਨ ਪਹਿਲਾਂ ਪਤਾ ਲੱਗਾ ਕਿ ਪੀਲ਼ੇ ਬੁਖ਼ਾਰ ਦਾ ਟੀਕਾ ਲਗਵਾਉਣਾ ਹੈ। ਮੈਂ ਲਗਵਾ ਤਾਂ ਲਿਆ ਪਰ ਬੰਬਈ ਏਅਰ ਪੋਰਟ ਅਥਾਰਟੀ ਨੇ ਮੈਨੂੰ ਕੁਰਾਟੀਨਾਂ ਵਿੱਚ ਬੰਦ ਕਰ ਦਿੱਤਾ। ਕਹਿਣ ਲੱਗੇ, 'ਇਹ ਟੀਕਾ 15 ਦਿਨ ਪਹਿਲਾਂ ਲਗਵਾਉਣਾ ਚਾਹੀਦਾ ਸੀ।' ਦੇਵੀ ਨੇ ਬੜੀ ਕੋਸ਼ਸ਼ ਕੀਤੀ ਕਿ ਕਿਸੇ ਤਰ੍ਹਾਂ ਮੈਨੂੰ ਸੂਟਿੰਗ ਕਰਨ ਦੀ ਇਜਾਜ਼ਤ ਮਿਲ਼ ਜਾਵੇ ਪਰ ਉਸ ਦੀ ਕਿਸੇ ਨਾ ਸੁਣੀ। ਉਹ ਰੋਜ ਕੁਰਾਟੀਨਾਂ ਦੀਆਂ ਬੈਠਕਾਂ ਵਿੱਚ ਮੇਰੇ ਲਈ ਖਾਣਾ ਬਣਵਾ ਕੇ ਲਿਆਉਂਦਾ ਸੀ ਤੇ ਮੈਂ ਆਪਣੇ ਵਰਗੇ ਹੋਰ ਭੁਲੱਕੜਾਂ ਨਾਲ਼ ਟੇਬਲ-ਟੈਨਿਸ ਖੇਡ ਕੇ ਆਪਣੇ ਦਿਨ ਕੱਟਦਾ ਸੀ। ਜਦੋਂ ਸੱਤ ਦਿਨ ਰਹਿਣ 'ਤੇ ਵੀ ਗੱਲ ਨਾ ਬਣੀ ਤਾਂ ਦੇਵੀ ਨੇ ਕਿਹਾ ਕਿ ਹੁਣ ਤਾਂ ਰੁਕਣਾ

ਬੇਕਾਰ ਹੈ। ਇਹ ਸ਼ੂਟਿੰਗ ਹੁਣ ਦੁਬਾਰਾ ਹੀ ਕਰਨੀ ਪਵੇਗੀ ਕਿਉਂਕਿ ਮੇਰੇ ਨਾਲ਼ ਕੰਮ ਕਰਨ ਵਾਲੇ ਕਲਾਕਾਰਾਂ ਦੇ ਦਿਨ ਖ਼ਤਮ ਹੋ ਚੁੱਕੇ ਸਨ ਤੇ ਉਹਨਾਂ ਦੀਆਂ ਤਰੀਕਾਂ ਮੁੜ ਲੈਣੀਆਂ ਪੈਣੀਆਂ ਸਨ। ਕੁਰਾਟੀਨਾਂ ਵਿੱਚੋਂ ਹੀ ਨੈਰੋਬੀ ਦੀ ਵਾਪਸੀ ਦੀ ਟਿਕਟ ਲਈ ਤੇ ਅਫ਼ਰੀਕਾ ਜਾ ਪਹੁੰਚਿਆ। ਅਫ਼ਰੀਕਾ ਦੀਆਂ ਕੁਸਤੀਆਂ ਤੋਂ ਬਾਅਦ ਮੈਂ ਕਿੰਗਕਾਂਗ ਦੀ ਸੂਟਿੰਗ ਪੂਰੀ ਕਰ ਦਿੱਤੀ। ਕਲਕੱਤੇ ਵਿੱਚ ਘੋਲ਼ ਤੇ ਬੰਬਈ ਵਿੱਚ ਸ਼ੂਟਿੰਗ ਕਰਨ ਮੈਂ ਆਉਂਦਾ-ਜਾਂਦਾ ਰਿਹਾ।

ਇੱਕ ਵਾਰ 'ਕਿੰਗਕਾਂਗ' ਫ਼ਿਲਮ ਦੇ ਰਸ਼-ਪ੍ਰਿੰਟ ਵੇਖ ਕੇ ਅਸੀ ਬੰਬੇ ਲੈਬ ਤੋਂ ਬਾਹਰ ਨਿਕਲੇ। ਉਸ ਵਕਤ ਕੋਈ ਪੌਣੀ ਪਿਕਚਰ ਬਣੀ ਹੋਵੇਗੀ। ਮੈਨੂੰ ਦੋ ਪ੍ਰੋਡਿਊਸਰ ਹੋਰ ਮਿਲੇ। ਉਹਨਾਂ ਵਿੱਚੋਂ ਇੱਕ ਪੰਜਾਬੀ ਤੇ ਇੱਕ ਰਾਜਸਥਾਨੀ ਸੀ। ਪੰਜਾਬੀ ਦਰਸ਼ਨ ਲਾਲ ਸਭਰਵਾਲ ਕਹਿਣ ਲੱਗਾ, 'ਪਹਿਲਵਾਨ, ਤੇਰੇ ਨਾਲ਼ ਇੱਕ ਗੱਲ ਕਰਨੀ ਹੈ।' ਮੈਂ ਕਿਹਾ, 'ਹਜ਼ੂਰ ਦੱਸੋ, ਕੀ ਗੱਲ ਕਰਨੀ ਹੈ'? ਕਹਿਣ ਲੱਗੇ, 'ਚੱਲੋ, ਇੱਕ ਰੈੱਸਟੋਰੈਂਟ ਵਿੱਚ ਬਹਿ ਕੇ ਗੱਲ ਕਰਦੇ ਹਾਂ।' ਮੈਂ ਕਿਹਾ, 'ਠੀਕ ਹੈ।' ਅਸੀਂ ਲੈਬ ਦੇ ਸਾਮ੍ਹਣੇ ਹੀ ਇੱਕ ਰੈਸਟੋਰੈਂਟ ਵਿੱਚ ਬੈਠ ਗਏ। ਦਰਸ਼ਨ ਲਾਲ ਨਾਲ਼ ਆਏ ਦੂਸਰੇ ਸੱਜਣ ਜਿਨ੍ਹਾਂ ਦਾ ਨਾਂ ਰਾਮ ਕੁਮਾਰ ਵੋਹਰਾ ਸੀ, ਨੇ ਇੱਕ-ਇੱਕ ਫ਼ਿਲਮ ਬਣਾਉਣ ਦੀ ਇੱਛਾ ਜਾਹਰ ਕੀਤੀ। ਕਹਿਣ ਲੱਗੇ, 'ਅਸੀਂ ਤੁਹਾਨੂੰ ਸਾਈਨ ਕਰਨਾ ਚਾਹੁੰਦੇ ਹਾਂ।' ਮੈਂ ਕਿਹਾ, 'ਮੈਂ ਬੰਬਈ ਵਿੱਚ ਤਾਂ ਰਹਿੰਦਾ ਨਹੀਂ, ਬਾਹਰੋਂ ਸ਼ੂਟਿੰਗ ਵਾਸਤੇ ਆਉਣਾ ਪੈਂਦਾ ਹੈ, ਮੇਰੇ ਵਾਸਤੇ ਦਿੱਕਤ ਵਾਲ਼ੀ ਗੱਲ ਹੈ। ਫਿਰ ਵੀ ਮੈਂ ਤੁਹਾਨੂੰ ਸੋਚ ਕੇ ਦੱਸਾਂਗਾ।' ਉਹਨਾਂ ਆਪਣੀ-ਆਪਣੀ ਫ਼ਿਲਮ ਦੀ ਕਹਾਣੀ ਦੀ ਤਾਰੀਫ਼ ਕੀਤੀ ਤੇ ਕਹਿਣ ਲੱਗੇ ਕਿ ਅਸੀ ਫ਼ਿਲਮਾਂ ਕਲਰ ਬਣਾਉਣੀਆਂ ਹਨ। ਦਰਸ਼ਨ ਬਣਾਏਗਾ 'ਸੈਮਸਨ' ਤੇ ਰਾਮ ਕੁਮਾਰ ਬਣਾਏਗਾ 'ਹਰਕੁਲੀਸ' । ਮੈਂ ਕਿਹਾ, 'ਠੀਕ ਹੈ, ਮੈਂ ਥੋੜ੍ਹੇ ਦਿਨਾਂ ਬਾਅਦ ਸੋਚ ਕੇ ਦੱਸਾਂਗਾ।' ਰਾਮ ਕੁਮਾਰ ਨੇ ਮੈਨੂੰ ਅਸਟੋਰੀਆ ਹੋਟਲ ਤੱਕ ਲਿਫ਼ਟ ਦਿੱਤੀ। ਰਾਹ ਵਿੱਚ ਗੱਲਾਂ ਕਰਦਿਆਂ ਮੈਂ ਉਸ ਨੂੰ ਕਿਹਾ ਕਿ ਮੇਰੇ ਕੰਮ ਕਰਨ ਦੇ ਮੁਆਵਜ਼ੇ ਤੋਂ ਇਲਾਵਾ ਜਿੱਥੋਂ ਵੀ ਮੈਂ ਆਵਾਂਗਾ, ਆਉਣ-ਜਾਣ ਦੀ ਹਵਾਈ ਜਹਾਜ਼ ਦਾ ਕਿਰਾਇਆ ਤੇ ਹੋਟਲ ਦਾ ਰਹਿਣ- ਸਹਿਣ ਦਾ ਖ਼ਰਚ ਦੇਣਾ ਪਵੇਗਾ। ਰਾਮ ਕੁਮਾਰ ਕਹਿਣ ਲੱਗਾ, 'ਪਹਿਲਵਾਨ, ਮੇਰੀ ਯੇ ਪੇਸ਼ੀਨਗੋਈ ਹੈ ਕਿ ਅਬ ਆਪ ਹਮੇਸ਼ਾਂ ਬੰਬਈ ਮੇਂ ਹੀ ਰਹਿਨਾ ਸ਼ੁਰੂ ਕਰ ਦੇਂਗੇ। ਆਪ ਕੇ ਪਾਸ ਫ਼ਿਲਮੋਂ ਕਾ ਇਤਨਾ ਕਾਮ ਆਏਗਾ ਕਿ ਆਪ ਕੁਸ਼ਤੀਆਂ ਛੋੜ ਕਰ ਸਿਰਫ਼ ਫ਼ਿਲਮੋਂ ਮੇਂ ਹੀ ਕਾਮ ਕਰਨੇ ਲਗੋਗੇ।' ਮੈਂ ਕਿਹਾ, 'ਆਗੇ ਚਲ ਕਰ ਕਿਆ ਹੋਗਾ, ਕੋਈ ਨਹੀ ਜਾਨਤਾ। ਹਾਂ, ਅਬ ਮੈਂ ਯਹ ਜਾਨਤਾ ਹੂੰ ਕਿ ਫ਼ਿਲਮੋਂ ਮੇਂ ਕਾਮ ਕਰਨੇ ਕੇ ਲੀਏ ਕੁਸ਼ਤੀਆਂ ਨਹੀਂ ਛੋੜੂੰਗਾ।'

ਦੂਸਰੇ ਦਿਨ ਮੈਂ ਸੂਟਿੰਗ ਕਰਦਿਆਂ ਆਪਣੇ ਡਾਇਰੈਕਟਰ ਬਾਬੂ ਭਾਈ ਮਿਸਤਰੀ ਦੀ ਸਲਾਹ ਪੁੱਛੀ ਕਿ ਦਰਸ਼ਨ ਤੇ ਰਾਮ ਕੁਮਾਰ ਦੀਆ ਫ਼ਿਲਮਾ ਸਾਈਨ ਕਰਨੀਆ ਚਾਹੀਦੀਆ ਹਨ ਜਾਂ ਨਹੀ ? ਤਾਂ ਬਾਬੂ ਭਾਈ ਨੇ ਕਿਹਾ, 'ਅਗਰ ਤੋ ਫ਼ਿਲਮੋਂ ਮੇਂ ਕਾਮ ਕਰਨਾ ਚਾਹਤੇ ਹੋ ਤੋ ਜ਼ਰੂਰ ਯੇ ਫ਼ਿਲਮੇਂ ਸਾਈਨ ਕਰ ਲੋ ਕਿਉਂਕਿ ਏਕ ਫ਼ਿਲਮ ਕੀ ਕਾਮਯਾਬੀ ਹੋ ਯਾ ਨਾ ਹੋ, ਕੋਈ ਨਹੀਂ ਜਾਨਤਾ, ਮਗਰ ਤੀਨ ਮੇਂ ਸੇ ਕੋਈ ਤੋ ਕਾਮਯਾਬ ਹੋਗੀ।' ਮੈਂ ਕਿਹਾ, 'ਠੀਕ ਹੈ, ਦੋਨੋਂ ਮੇਂ ਸੇ ਏਕ ਸਾਈਨ ਕਰਤੇ ਹੈਂ।' ਮੈਂ ਹਾਲੀ ਸੋਚ-ਵਿਚਾਰ ਹੀ ਕਰ ਰਿਹਾ ਸੀ ਕਿ ਦੋ ਦਿਨਾਂ ਬਾਅਦ ਰਣਜੀਤ ਸਟੂਡੀਓ ਮੇਰੀ ਸੂਟਿੰਗ 'ਤੇ ਦਰਸ਼ਨ ਆਇਆ ਤੇ ਜ਼ਬਰਦਸਤੀ ਮੇਰੇ ਹੱਥਾ ਵਿੱਚ ਪੰਜ ਸੌ ਰੁਪਏ ਟੋਕਨ ਮਨੀ ਫੜਾ ਗਿਆ ਤੇ ਜਾ ਕੇ ਰਾਮ ਕੁਮਾਰ ਨੂੰ ਕਹਿ ਦਿੱਤਾ ਕਿ ਮੈਂ ਤਾਂ ਪਹਿਲਵਾਨ ਨੂੰ ਸਾਈਨ ਕਰ ਆਇਆ ਹਾਂ। ਰਾਮ ਕੁਮਾਰ ਤਾਂ ਮੇਰੇ ਪਿੱਛੇ ਹੀ ਪੈ ਗਿਆ। ਕਹਿਣ ਲੱਗਾ, 'ਆਪ ਨੇ ਉਸ ਕੀ ਫ਼ਿਲਮ ਸਾਈਨ ਕਰ ਲੀ, ਅਬ ਹਮਾਰੀ ਨਹੀ ਕਰੋਂਗੇ ਤੋ ਹਮਾਰੀ ਬਦਨਾਮੀ ਹੋਗੀ। ਮੈਨੇ ਔਰ ਦਰਸਨ ਨੇ ਏਕ ਸਾਥ ਆਪ ਸੇ ਬਾਤ ਕੀ ਥੀ।' ਮੈਂ ਕਿਹਾ ਕਿ ਮੈਂ ਦੋ ਮੇਂ ਸੇ ਏਕ ਕਰਨਾ ਚਾਹਤਾ ਥਾ ਸੋ ਮੈਂਨੇ ਕਰ ਲੀ, ਅਬ ਆਪ ਮੁਝੇ ਮਾਫ਼ ਕਰੋ। ਪਰ ਰਾਮ ਕੁਮਾਰ ਵੀ ਹਜ਼ਾਰ ਰੁਪਏ ਮੇਰੇ ਹੱਥਾਂ ਵਿੱਚ ਫੜਾ ਕੇ ਚੱਲਦਾ ਬਣਿਆ। ਇਹਨਾਂ ਦੋਹਾਂ ਨੂੰ ਮੈਂ ਪਹਿਲੀ ਫ਼ਿਲਮ ਦੇ ਕਾਂਟਰੈਕਟ ਦੀ ਰਕਮ ਦੱਸ ਚੁੱਕਿਆ ਸੀ ਤੇ ਇਹ ਇਸ ਤੋਂ ਵੀ ਘੱਟ ਪੈਸੇ ਦੇਣੇ ਚਾਹੁੰਦੇ ਸਨ ਕਿਉਂਕਿ ਇਹ ਫ਼ਿਲਮਾ ਰੰਗਦਾਰ ਬਣਾਉਣੀਆ ਚਾਹੁੰਦੇ ਸਨ। ਹਾ ਇਹ ਗੱਲ ਕਹਿੰਦੇ ਸਨ ਕਿ ਜੇ ਫ਼ਿਲਮ ਕਿਸੇ ਵੀ ਇੱਕ ਥਿਏਟਰ ਵਿੱਚ ਪੰਦਰਾਂ ਹਫ਼ਤੇ ਲਗਾਤਾਰ ਚੱਲ ਜਾਵੇ ਤਾਂ ਉਹ ਮੈਨੂੰ ਕਿੰਗਕਾਂਗ ਜਿੰਨੇ ਪੈਸੇ ਦੇਣਗੇ, ਨਹੀਂ ਤਾਂ ਦਸ-ਦਸ ਹਜ਼ਾਰ ਘੱਟ। ਖ਼ੈਰ ਜੋ ਵੀ ਹੋਇਆ ਠੀਕ ਹੀ ਹੋਇਆ। ਦਰਸ਼ਨ ਲਾਲ ਨੇ ਤਾਂ 'ਸੈਮਸਨ' ਫ਼ਿਲਮ ਦੀ ਸ਼ੂਟਿੰਗ 'ਕਿੰਗਕਾਂਗ' ਪੂਰੀ ਹੋਣ ਤੋਂ ਪਹਿਲਾਂ ਅਰੰਭ ਕਰ ਦਿੱਤੀ ਪਰ 'ਹਰਕੁਲੀਸ' ਉਦੋਂ ਸੁਰੂ ਹੋਈ ਜਦੋਂ ਕਿੰਗਕਾਂਗ ਹਿੱਟ ਹੋ ਗਈ ਸੀ ਤੇ ਮੇਰਾ ਦੂਸਰੇ ਨਿਰਮਾਤਾਵਾਂ ਨਾਲ਼ ਕਾਂਟ੍ਰੈਕਟ ਦੁੱਗਣੇ ਤੋਂ ਵੀ ਜ਼ਿਆਦਾ ਪੈਸਿਆਂ ਦਾ ਹੁੰਦਾ ਸੀ। ਪਰ ਮੈਂ ਇਹਨਾਂ ਨਾਲ਼ ਜੋ ਜ਼ੁਬਾਨ ਕੀਤੀ ਸੀ, ਉਸੇ ਵਿੱਚ ਕੰਮ ਕੀਤਾ। ਇਹਨਾਂ ਦਿਨਾਂ ਵਿੱਚ ਮੈਂ ਬੰਬਈ ਵਿੱਚ ਫ਼ਲੈਟ ਵੀ ਖ਼ਰੀਦ ਲਿਆ ਸੀ। ਸੋਚਿਆ ਜੇ ਫ਼ਿਲਮਾਂ ਵਿੱਚ ਕਾਮਯਾਬੀ ਹਾਸਲ ਹੋ ਗਈ ਤਾਂ ਵਾਹ-ਵਾਹ, ਵਰਨਾ ਕੁਸ਼ਤੀਆਂ ਲਈ ਵੀ ਬੰਬਈ ਨੂੰ ਹੀ ਕੇਂਦਰ ਬਣਾਇਆ ਜਾਵੇ।

'ਕਿੰਗਕਾਂਗ' ਦੀ ਸੂਟਿੰਗ ਖ਼ਤਮ ਹੋ ਚੁੱਕੀ ਸੀ। ਮਾਰਚ, 1962 ਈਸਵੀ ਵਿੱਚ ਅਸੀਂ ਬਰੂਆ ਸਾਹਿਬ ਲਈ ਗੋਹਾਟੀ ਕੁਸਤੀਆਂ ਲੜ ਰਹੇ ਸੀ ਕਿ ਮੈਨੂੰ ਅੰਮ੍ਰਿਤਸਰੋਂ ਚਿੱਠੀ ਆਈ ਕਿ ਮੈਂ ਇੱਕ ਲੜਕੀ ਦਾ ਬਾਪ ਬਣ ਗਿਆ ਹਾਂ। ਥੋੜ੍ਹੇ ਦਿਨਾਂ ਬਾਅਦ ਵਹੁਟੀ ਦਾ ਖ਼ਤ ਆਇਆ। ਲਿਖਿਆ ਸੀ ਕਿ ਉਸ ਨੂੰ ਅਫ਼ਸੋਸ ਹੈ ਕਿ ਉਹ ਸਾਨੂੰ ਲੜਕਾ ਨਹੀਂ ਦੇ ਸਕੀ। ਮੈਂ ਇਸ ਸੌੜੀ ਸੋਚ-ਵਿਚਾਰ ਵਿੱਚੋਂ ਬਾਹਰ ਨਿਕਲ਼ ਚੁੱਕਾ ਸਾਂ। ਸ਼ਾਇਦ ਬਾਹਰਲੇ ਮੁਲਕਾਂ ਦੀ ਸੱਭਿਅਤਾ ਦਾ ਅਸਰ ਮੇਰੇ ਮਨ 'ਤੇ ਸੀ। ਮੈਂ ਲੜਕੇ ਤੇ ਲੜਕੀ ਵਿੱਚ ਜ਼ਿਆਦਾ ਫ਼ਰਕ ਨਹੀਂ ਸਾਂ ਮਹਿਸੂਸ ਕਰ

ਰਿਹਾ ਤੇ ਮੈਂ ਆਪਣੇ ਦਿਲ ਦੀ ਗੱਲ ਵਹੁਟੀ ਨੂੰ ਲਿਖ ਭੇਜੀ। ਸੰਤਾਨ , ਸੰਤਾਨ ਹੈ ਭਾਵੇਂ ਲੜਕਾ ਤੇ ਭਾਵੇਂ ਲੜਕੀ। ਅਸੀਂ ਆਪਣੇ ਕਲਚਰ ਮੁਤਾਬਕ ਉਲਾਦ ਇਸ ਕਰਕੇ ਚਾਹੁੰਦੇ ਹਾਂ ਕਿ ਸਾਡੇ ਪਿੱਛੋਂ ਸਾਡਾ ਕੋਈ ਨਾਂ ਲੈਂਦਾ ਰਹੇ ਤੇ ਬੁਢਾਪੇ ਵਿੱਚ ਸੇਵਾ ਕਰਵਾਉਣ ਦਾ ਲਾਲਚ ਵੀ ਸਾਡੇ ਮਨ ਵਿੱਚ ਹੁੰਦਾ ਹੈ। ਇਹਨਾਂ ਉੱਪਰ ਵਾਲੇ ਕੰਮਾਂ ਨੂੰ ਪੂਰਾ ਕਰਨ ਲਈ ਲੜਕਾ ਜਾਂ ਲੜਕੀ ਦੋਵੇਂ ਇੱਕੋ-ਜਿਹਾ ਕੰਮ ਕਰ ਸਕਦੇ ਹਨ ਪਰ ਸ਼ਰਤ ਇਹ ਹੈ ਕਿ ਤੁਹਾਡੇ ਆਪਣੇ ਵਿੱਚ ਕਰਵਾਉਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਮੈਂ ਆਪਣੇ ਸਾਥੀ ਪਹਿਲਵਾਨਾਂ ਨੂੰ ਲੜਕੀ ਦਾ ਪਿਤਾ ਬਣਨ ਦੀ ਖ਼ੁਸ਼ੀ ਵਿੱਚ ਪਾਰਟੀ ਦਿੱਤੀ। ਸਾਰਿਆਂ ਨੇ ਦਾਰੂ ਵਗੈਰਾ ਪੀਤੀ ਤੇ ਖ਼ੁਸ਼ੀਆਂ ਮਨਾਈਆਂ। ਇੱਕ-ਦੋਂਹ ਨੇ ਕਿਹਾ, ਕੋਈ ਗੱਲ ਨਹੀਂ, ਰੱਬ ਲੜਕਾ ਵੀ ਜ਼ਰੂਰ ਦੇਵੇਗਾ। ਮੈਂ ਕਿਹਾ, ਭਈ, ਮੈਂ ਇਹ ਪਾਰਟੀ ਖ਼ੁਸ਼ੀ ਮਨਾਉਣ ਲਈ ਦੇ ਰਿਹਾ ਹਾਂ, ਸੋਗ ਮਨਾਉਣ ਲਈ ਨਹੀਂ। ਫਿਰ ਇੱਕ ਨੇ ਕਿਹਾ, ਭਈ ਵਾਹ, ਸਾਡੇ ਪਹਿਲਵਾਨ ਦਾ ਦਿਲ ਬੜਾ ਵੱਡਾ ਹੈ। ਮੈਂ ਇਸ ਮਾਮਲੇ 'ਤੇ ਚੁੱਪ ਰਹਿਣਾ ਹੀ ਠੀਕ ਸਮਝਿਆ ਤੇ ਉਹਨਾਂ ਦਾ ਰੁਖ਼ ਵੇਖ ਕੇ ਹੋਰ ਪਾਸੇ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਤਾਂ ਜਾ ਕੇ ਪਾਰਟੀ ਦਾ ਮਾਹੌਲ ਬਦਲਿਆ।

ਸੰਨ 1962 ਦੇ ਅਗਸਤ ਮਹੀਨੇ ਵਿੱਚ ਮੈਂ ਆਪਣੀ ਪਤਨੀ ਤੇ ਧੀ ਨੂੰ ਬੰਬਈ ਬੁਲਾ ਲਿਆ। ਇਸੇ ਮਹੀਨੇ 'ਕਿੰਗਕਾਂਗ' ਫ਼ਿਲਮ ਰਿਲੀਜ਼ ਹੋਈ ਸੀ। ਇਹ ਫ਼ਿਲਮ ਐਨੀ ਕਾਮਯਾਬ ਹੋਈ ਕਿ ਬਹੁਤ ਸਾਰੇ ਨਿਰਮਾਤਾ ਮੇਰੇ ਕੋਲ ਆਏ ਤੇ ਮੈਨੂੰ ਸ਼ੂਟਿੰਗ ਦੀਆਂ ਤਰੀਕਾਂ ਮੁਕੱਰਰ ਕਰਨ ਵਾਸਤੇ ਇੱਕ ਸੈਕਟਰੀ ਦੀ ਲੋੜ ਪੈ ਗਈ ਪਰ ਲਲਿਤ ਸੀ, ਦੋਸ਼ੀ ਜੋ ਲਲਿਤ ਭਾਈ ਦੇ ਨਾਂ ਨਾਲ ਜਾਣੇ ਜਾਂਦੇ ਸਨ, ਨੂੰ ਸੈਕਟਰੀ ਮੁਕੱਰਰ ਕੀਤਾ ਗਿਆ। ਇਹ ਗੁਜਰਾਤ ਦੇ ਰਹਿਣ ਵਾਲੇ ਸਨ ਪਰ ਬੰਬਈ ਪੱਕੇ ਤੌਰ 'ਤੇ ਸੈੱਟਲ ਹੋ ਚੁੱਕੇ ਸਨ। ਸੈਕਟਰੀਸ਼ਿਪ ਦੇ ਕੰਮ ਵਿੱਚ ਬੜੇ ਹੀ ਸਿਆਣੇ ਬੰਦੇ ਸਾਬਤ ਹੋਏ। ਮੇਰੇ ਇਲਾਵਾ ਇਹ ਅਜੀਤ ਤੇ ਪ੍ਰਾਣ ਸਾਹਿਬ ਦਾ ਵੀ ਕੰਮ ਵੇਖਦੇ ਸਨ। ਤਜਰਬੇ ਕਾਰਨ ਇਹਨਾਂ ਦਾ ਨਾਂ ਨਿਰਮਾਤਾ ਪਹਿਲਾਂ ਹੀ ਜਾਣਦੇ ਸਨ। ਮੇਰੇ ਕੋਲ ਫ਼ਿਲਮਾਂ ਦਾ ਕੰਮ ਏਨਾ ਜ਼ਿਆਦਾ ਹੋ ਗਿਆ ਕਿ ਸਿਰਫ਼ ਲਲਿਤ ਭਾਈ ਨੂੰ ਹੀ ਪਤਾ ਹੁੰਦਾ ਸੀ ਕਿ ਮੇਰੀਆਂ ਕਿੰਨੀਆਂ ਤਰੀਕਾਂ ਕਿਸ ਫ਼ਿਲਮ-ਨਿਰਮਾਤਾ ਕੋਲ ਹਨ। ਕਿਸ ਵੇਲੇ ਤੇ ਕਿੱਥੇ ਸ਼ੂਟਿੰਗ ਕਰਨ ਜਾਣਾ ਹੈ। ਰੋਜ਼ ਸਵੇਰੇ ਲਲਿਤ ਭਾਈ ਆ ਜਾਂਦੇ ਸਨ, ਪ੍ਰੋਗ੍ਰਾਮ ਦੱਸਣ। ਮੈਂ ਆਪਣੀ ਕਾਰ ਖ਼ੁਦ ਚਲਾਉਂਦਾ ਹੁੰਦਾ ਸੀ। 1959 ਈਸਵੀ ਵਿੱਚ ਮੈਂ ਇੱਕ ਐਂਬੈਸਡਰ ਕਾਰ ਖ਼ਰੀਦ ਲਈ ਸੀ ਤੇ ਜਿੱਥੇ ਵੀ ਕੁਸ਼ਤੀਆਂ ਹੋਣ, ਕਾਰ 'ਤੇ ਹੀ ਜਾਇਆ ਕਰਦਾ ਸੀ। ਇਹ ਕਾਰ ਏਨੀ ਚੰਗੀ ਸੀ ਕਿ ਇਸ ਨੇ ਮੈਨੂੰ ਰਸਤੇ ਵਿੱਚ ਕਦੀ ਵੀ ਧੋਖਾ ਨਹੀਂ ਸੀ ਦਿੱਤਾ। ਮਦਰਾਸ ਤੋਂ ਸ੍ਰੀ ਨਗਰ ਤੇ ਕਲਕੱਤੇ ਤੋਂ ਬੰਬਈ ਤੱਕ ਅਸੀਂ ਇਸ 'ਤੇ ਸਫ਼ਰ ਕਰਦੇ ਰਹੇ ਸੀ। ਲਲਿਤ ਭਾਈ ਨੇ ਜ਼ਬਰਦਸਤੀ ਇੱਕ ਡ੍ਰਾਈਵਰ ਰਖਵਾ ਦਿੱਤਾ। ਕਹਿਣ ਲੱਗੇ, 'ਜਦੋਂ ਸ਼ੂਟਿੰਗ ਕਰ ਕੇ ਥੱਕ ਜਾਂਦੇ ਹੋ ਤਾਂ ਕਾਰ ਡ੍ਰਾਈਵ ਕਰਨਾ ਠੀਕ ਨਹੀਂ।' ਨਾਲੇ, ਸ਼ੂਟਿੰਗ ਦੇ ਦੌਰਾਨ ਇੱਕ ਸੇਵਾਦਾਰ ਵੀ ਚਾਹੀਦਾ ਹੈ ਕਿਉਂਕਿ ਜ਼ਿਆਦਾਤਰ ਮੈਂ ਆਪਣਾ ਦੁਪਹਿਰ ਦਾ ਖਾਣਾ ਘਰੋਂ ਲੈ ਜਾਇਆ ਕਰਦਾ ਸੀ। ਪੈਸੇ ਜ਼ਿਆਦਾ ਆਉਣ ਕਰਕੇ ਜਾਂ ਸ਼ੋਅਮੈਨਸ਼ਿਪ ਕਰਕੇ ਪਤਾ ਨਹੀਂ ਕਿਉਂ ਪਰ ਲਲਿਤ ਭਾਈ ਨੇ ਮੈਨੂੰ ਕਾਰ ਨਾ ਚਲਾਉਣ ਦੀ ਹਿਦਾਇਤ ਕਰਕੇ ਨਿਕੰਮਾ ਬਣਾ ਦਿੱਤਾ। ਫਿਰ ਡ੍ਰਾਈਵਰ ਰੱਖਣ ਦੀ ਆਦਤ ਜਿਹੀ ਪੈ ਗਈ। ਫਿਰ ਉਸ ਨੇ ਮੇਰੀ ਕਾਰ ਵੀ ਬਦਲ ਦਿੱਤੀ। ਐਂਬੈਸਡਰ ਦੀ ਜਗ੍ਹਾ ਮਰਸਡੀਜ਼ ਆ ਗਈ ਪਰ ਮੈਂ ਆਪਣੀ ਐਂਬੈਸਡਰ ਨੂੰ ਛੱਡਣ ਲਈ ਤਿਆਰ ਨਹੀਂ ਸੀ। ਲਲਿਤ ਨੇ ਕਿਹਾ, 'ਠੀਕ ਹੈ, ਜੇ ਤੁਸੀਂ ਇਸ ਨੂੰ ਨਹੀਂ ਵੇਚਣਾ ਚਾਹੁੰਦੇ ਤਾ ਇਹ ਵੀ ਰੱਖੀ ਰੱਖੋ। ਇਸ ਨੂੰ ਮੈ ਚਲਾ ਲਿਆ ਕਰਾਂਗਾ।' ਇਹ ਕਾਰ ਲਲਿਤ ਭਾਈ ਕੋਲ ਕੋਈ ਸੱਤ-ਅੱਠ ਸਾਲ ਰਹੀ ਹੋਣੀ ਹੈ।

ਮੇਰੀ ਫ਼ਿਲਮਾਂ ਵਿੱਚ ਬਹੁਤ ਮਸ਼ਹੂਰੀ ਹੋਈ ਤਾਂ ਕੁਸ਼ਤੀ ਦੇ ਸ਼ੁਕੀਨਾਂ ਨੂੰ ਬਹੁਤ ਗ਼ੁੱਸਾ ਆਇਆ। ਮੇਰੇ ਚਾਹੁਣ ਵਾਲਿਆਂ ਨੇ ਬਹੁਤ ਖ਼ਤ ਲਿਖੇ। ਉੱਤਰ ਪ੍ਰਦੇਸ਼ 'ਚੋਂ ਕਿਸੇ ਨੇ ਮੈਨੂੰ ਇੱਕ ਖ਼ਤ ਲਿਖਿਆ ਜਿਸ ਵਿੱਚ ਉਸ ਨੇ ਸ਼ਿਕਵਿਆਂ ਭਰੀ ਇੱਕ ਲੰਮੀ ਕਵਿਤਾ ਲਿਖੀ। ਉਸ ਦੇ ਕੁਝ ਬੋਲ ਇਸ ਤਰ੍ਹਾਂ ਸਨ; 'ਤੁਮ ਭਾਰਤ ਕੇ ਭੀਮ ਹੋ, ਬਜਾਤੇ ਕਿਉਂ ਬੀਨ ਹੋ,' ਆਦਿ। ਮੈਂ ਆਪਣੇ ਕੁਸ਼ਤੀ-ਪ੍ਰੇਮੀਆਂ ਨੂੰ ਲਿਖਿਆ ਕਿ ਮੈਂ ਕੁਸ਼ਤੀ ਬਿਲਕੁਲ ਨਹੀਂ ਛੱਡ ਰਿਹਾ, ਬਾਕਾਇਦਾ ਜ਼ੋਰ ਜਾਰੀ ਹਨ ਤਾਂ ਕਿਤੇ ਉਹਨਾਂ ਨੂੰ ਧੀਰਜ ਆਈ। ਉਹਨਾਂ ਦਾ ਖ਼ਿਆਲ ਸੀ ਕਿ ਫ਼ਿਲਮਾਂ ਦੀ ਚਮਕ-ਦਮਕ ਤੇ ਹੁਸਨ ਦਾ ਬੋਲ-ਬਾਲਾ ਪਹਿਲਵਾਨ ਨੂੰ ਪਹਿਲਵਾਨੀ ਭੁਲਾ ਦੇਏਗਾ। ਪਰ ਮੈਂ ਆਪਣੇ ਇਰਾਦੇ ਦਾ ਪੱਕਾ ਸੀ। ਫ਼ਿਲਮਾਂ ਵਿੱਚ ਕੰਮ ਕਰਨ ਤੋਂ ਇਲਾਵਾ ਮੈਂ ਫ਼ਿਲਮੀ ਦੁਨੀਆਂ ਦੀਆਂ ਰੰਗੀਨੀਆਂ ਤੋਂ ਦੂਰ ਰਹਿੰਦਾ ਸੀ। ਦੇਰ ਰਾਤ ਤੱਕ ਦੀਆਂ ਪਾਰਟੀਆਂ 'ਤੇ ਨਹੀਂ ਸਾਂ ਜਾਂਦਾ। ਦੋ-ਤਿੰਨ ਸਾਲ ਫ਼ਿਲਮਾਂ ਵਿੱਚ ਰਹਿਣ ਤੋਂ ਬਾਅਦ ਵੀ ਮੈਂ ਪੂਰੀ ਲਗਨ ਨਾਲ ਘੁਲਦਾ ਰਿਹਾ ਤਾਂ ਕਿਤੇ ਜਾ ਕੇ ਮੇਰੇ ਚਾਹੁਣ ਵਾਲਿਆਂ ਨੂੰ ਯਕੀਨ ਆਇਆ ਕਿ ਵਾਕਿਆ ਹੀ ਮੈਂ ਸੱਚ ਬੋਲ ਰਿਹਾ ਹਾਂ।

ਮੁਸ਼ਕਲ ਤਾਂ ਬਹੁਤ ਸੀ ਪਰ ਵਰਜਸ਼ ਵਾਸਤੇ ਮੈਂ ਸਮਾਂ ਜ਼ਰੂਰੀ ਕੱਢਦਾ ਸੀ। ਨਾਲੇ ਸ਼ੁਰੂ ਦੀਆਂ ਫ਼ਿਲਮਾਂ ਵਿੱਚ ਵੀ ਕੁਸ਼ਤੀ ਲੜਨਾ ਤੇ ਲੜਾਈ ਦੇ ਸੀਨ ਕਰਨੇ ਮੇਰਾ ਨਿੱਤ ਦਾ ਕੰਮ ਸੀ। ਪਹਿਲੀਆਂ ਚਾਰ-ਪੰਜ ਫ਼ਿਲਮਾਂ ਵਿੱਚ ਮੇਰੀ ਆਪਣੀ ਅਵਾਜ਼ ਦੀ ਥਾਂ ਕਿਸੇ ਹੋਰ ਦੀ ਅਵਾਜ਼ ਭਰੀ ਗਈ ਤਾਂ ਮੈਨੂੰ ਬਹੁਤ ਬੁਰਾ ਲੱਗਾ। ਮੈਂ ਉਰਦੂ ਜ਼ਬਾਨ ਸਿੱਖਣ ਵਾਸਤੇ ਇੱਕ ਮਾਸਟਰ ਰੱਖ ਲਿਆ। ਪੰਜਾਬੀ ਦਾ ਤਾਂ ਮੈਂ ਪੂਰਾ ਗ੍ਰੰਥੀ ਸੀ ਕਿਉਂਕਿ ਪਿੰਡ ਛੱਡਣ ਤੋਂ ਪਹਿਲਾਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਲਿਆ ਕਰਦਾ ਸੀ ਤੇ ਸਿੰਘਾਪੁਰ ਜਾ ਕੇ ਇੰਗਲਿਸ਼ ਤੇ ਹਿੰਦੀ

ਜ਼ਬਾਨਾਂ ਵੀ ਗੁਜ਼ਾਰੇ ਜੋਗੀਆਂ ਸਿੱਖ ਲਈਆਂ ਸਨ। ਪਰ ਫ਼ਿਲਮਾਂ ਵਾਸਤੇ ਉਰਦੂ ਸਿੱਖਣੀ ਬਹੁਤ ਜ਼ਰੂਰੀ ਸੀ। ਮੈਂ ਰਾਜ ਕੁਮਾਰ ਕੋਹਲੀ ਦੀ ਫ਼ਿਲਮ "ਏਕ ਥਾ ਅਲੀ ਬਾਬਾ" ਸਾਈਨ ਕੀਤੀ ਤਾਂ ਉਸ ਦੇ ਡਾਇਰੈਕਟਰ ਹਰਬੰਸ ਨੇ ਮੈਨੂੰ ਕਿਹਾ, 'ਪਹਿਲਵਾਨ ਤੇਰੀ ਅਵਾਜ਼ ਵਿੱਚ ਬੜਾ ਬੇਸ ਹੈ, ਮੈਂ "ਏਕ ਥਾ ਅਲੀ ਬਾਬਾ" ਵਿੱਚ ਤੇਰੀ ਹੀ ਅਵਾਜ਼ ਰੱਖਾਂਗਾ, ਇਸ ਵਾਸਤੇ ਤੂੰ ਉਰਦੂ ਜ਼ਬਾਨ ਸਿੱਖ ਲੈ।' ਮਾਸਟਰ ਹਸਨ, ਨਿਸੀ ਦਾ ਵੀ ਮਾਸਟਰ ਰਹਿ ਚੁੱਕਿਆ ਸੀ ਇਸ ਲਈ ਮੈਨੂੰ ਉਸ ਦੀ ਦੱਸ ਪਾਈ ਗਈ। ਮੈਂ ਮਾਸਟਰ ਜੀ ਨੂੰ ਉਰਦੂ ਜ਼ਬਾਨ ਸਿਖਾਉਣ ਲਈ ਮੁਕੱਰਰ ਕਰ ਲਿਆ ਪਰ ਮੇਰੇ ਕੋਲ਼ ਸਮਾਂ ਬਿਲਕੁਲ ਨਹੀਂ ਸੀ ਇਸ ਲਈ ਵਿਚਾਰੇ ਦੁਪਹਿਰ ਨੂੰ ਖਾਣੇ ਵਾਸਤੇ ਇੱਕ ਘੰਟੇ ਦੀ ਛੁੱਟੀ ਵੇਲ਼ੇ ਮੈਨੂੰ ਪੜ੍ਹਾਉਂਦੇ ਸਨ। ਜਿਸ ਸਟੂਡੀਓ ਵਿੱਚ ਵੀ ਸ਼ੂਟਿੰਗ ਹੁੰਦੀ ਸੀ, ਮਾਸਟਰ ਹਸਨ ਉੱਥੇ ਪਹੁੰਚ ਜਾਇਆ ਕਰਦੇ ਸਨ। ਛੇ ਮਹੀਨੇ ਦੀ ਮਿਹਨਤ ਦੇ ਬਾਅਦ ਮੈਂ ਉਰਦੂ ਬੋਲਣ ਤੇ ਥੋੜ੍ਹੀ-ਬਹੁਤ ਲਿਖਣ ਵੀ ਲੱਗ ਪਿਆ। ਮਾਸਟਰ ਜੀ ਨੇ ਖ਼ਾਸ ਕਰ ਬੋਲਣ ਦੇ ਜੋ ਢੰਗ ਦੱਸੇ, ਉਹ ਬਹੁਤ ਲਾਭਦਾਇਕ ਸਿੱਧ ਹੋਏ। ਇਹਨਾਂ ਕੋਲ਼ੋਂ ਹੀ ਮੈਨੂੰ ਜ, ਜ਼ ਤੇ ਯ ਸ਼ਬਦਾਂ ਦੇ ਉਚਾਰਨ ਤੇ ਬਾਕੀ ਲਫ਼ਜ਼ਾਂ ਦੀਆਂ ਬਰੀਕੀਆਂ ਦਾ ਪਤਾ ਲੱਗਾ। ਤਾਂ ਜਾ ਕੇ ਕਿਤੇ 1956 ਈਸਵੀ ਵਾਲ਼ੇ ਨਿਰਮਾਤਾ ਤੇ ਨਿਰਦੇਸ਼ਕ ਨਾਲ਼ੋਂ ਮੇਰੀ ਨਰਾਜ਼ਗੀ ਹਟੀ, ਨਹੀਂ ਤਾਂ ਮੈਂ ਉਹਨਾਂ ਨੂੰ ਹੀ ਦੋਸ਼ੀ ਸਮਝੀ ਜਾਂਦਾ ਸੀ।

"ਏਕ ਥਾ ਅਲੀ ਬਾਬਾ" ਦੇ ਇੱਕ ਸੀਨ ਦੀ ਗੱਲ ਮੈਨੂੰ ਕਦੇ ਨਹੀਂ ਭੁੱਲ ਸਕਦੀ। ਡਾਇਰੈਕਟਰ ਹਰਬੰਸ ਬਜ਼ਿਦ ਸੀ ਕਿ ਅਵਾਜ਼ ਮੇਰੀ ਹੀ ਰਹੇਗੀ, ਇਸ ਲਈ ਸਹੀ ਬੁਲਵਾਉਣ ਦੀ ਕੋਸ਼ਸ਼ ਕਰ ਰਿਹਾ ਸੀ। ਮੇਰਾ ਤੇ ਖ਼ਲਨਾਇਕ ਰਾਮ ਸਿੰਘ ਦਾ ਸੀਨ ਚੱਲ ਰਿਹਾ ਸੀ ਤੇ ਮੇਰੇ ਕੋਲ਼ੋਂ ਇਜਾਜ਼ਤ ਲਫ਼ਜ਼ ਠੀਕ ਨਹੀਂ ਸੀ ਬੋਲਿਆ ਜਾ ਰਿਹਾ।

ਕਹਿਣਾ ਸਿਰਫ਼ ਏਨਾ ਸੀ, "ਖ਼ਾਦਿਮ ਕੋ ਅੰਦਰ ਆਨੇ ਕੀ ਇਜਾਜ਼ਤ ਹੈ ?" ਸ਼ਾਮ ਨੂੰ ਸ਼ੂਟਿੰਗ ਖ਼ਤਮ ਹੋਣ ਪਿੱਛੋਂ ਮੈਨੂੰ ਤੇ ਰਾਮ ਸਿੰਘ ਨੂੰ ਇੱਕੋ ਕਾਰ ਵਿੱਚ ਸਫ਼ਰ ਕਰਨ ਦਾ ਮੌਕਾ ਮਿਲ਼ਿਆ। ਮੈਨੂੰ ਉਦਾਸ ਵੇਖ ਕੇ ਰਾਮ ਸਿੰਘ ਕਹਿਣ ਲੱਗਾ, 'ਘਬਰਾਉਣ ਦੀ ਤੇ ਉਦਾਸ ਹੋਣ ਦੀ ਲੋੜ ਨਹੀਂ, ਹਰ ਨਵੇਂ ਬੰਦੇ ਨਾਲ਼ ਇਸ ਤਰ੍ਹਾਂ ਹੀ ਹੁੰਦਾ ਹੈ। ਮੈਂ ਜਦੋਂ ਨਵਾਂ-ਨਵਾਂ ਫ਼ਿਲਮਾਂ ਵਿੱਚ ਆਇਆ ਤਾਂ ਇਸੇ ਤਰ੍ਹਾਂ ਬੋਲਣ ਵਿੱਚ ਦਿੱਕਤਾਂ ਆਉਂਦੀਆਂ ਸਨ ਪਰ ਅੱਜ ਮੈਂ ਲੋਕਾਂ ਨੂੰ ਬੋਲਣਾ ਸਿਖਾਉਂਦਾ ਹਾਂ।' ਰਾਮ ਸਿੰਘ ਦੀ ਇਸ ਗੱਲ ਨੇ ਮੈਨੂੰ ਬੜਾ ਹੌਸਲਾ ਦਿੱਤਾ ਤੇ ਮੈਂ ਸੋਚਣ ਲੱਗ ਪਿਆ; ਭਾਈ, ਕੀ ਪਤਾ, ਰਾਮ ਸਿੰਘ ਵਾਂਗੂੰ ਮੈਂ ਵੀ ਇੱਕ ਦਿਨ ਏਨਾ ਤਜਰਬੇਕਾਰ ਹੋ ਜਾਵਾਂ ਕਿ ਲੋਕਾਂ ਨੂੰ ਬੋਲਣਾ ਸਿਖਾਵਾਂ। ਸੋਚਿਆ ਤਾਂ ਢਿੱਲੇ ਜਿਹੇ ਮਨ ਨਾਲ਼ ਸੀ ਤੇ ਨਾਲ਼ ਹੀ ਆਤਮਾ ਦੀ ਅਵਾਜ਼ ਸੀ ਕਿ ਸਿਖਾਉਣ ਦੀ ਗੱਲ ਛੱਡ, ਜੇ ਆਪ ਨੂੰ ਹੀ ਬੋਲਣਾ ਆ ਜਾਵੇ ਤਾਂ ਬਹੁਤ ਹੈ।

**ਔਖੇ ਸ਼ਬਦਾਂ ਦੇ ਅਰਥ:** **ਅਲਫ਼ਾਜ਼** – ਲਫ਼ਜ਼ ਦਾ ਬਹੁਵਚਨ, ਸ਼ਬਦ; **ਰਿਹਰਸਲ** – ਅਭਿਆਸ, ਪ੍ਰੈਕਟਿਸ; **ਉਸਤਾਦ** – ਗੁਰੂ, ਅਧਿਆਪਕ; **ਮਜ਼ਾਹੀਆ**– ਹਾਸ-ਰਸੀ; **ਦੰਗਲ਼** – ਕੁਸ਼ਤੀਆਂ ਦੇ ਮੁਕਾਬਲੇ; **ਇਤਮੀਨਾਨ** – ਅਰਾਮ ਨਾਲ਼; **ਪੇਸ਼ੀਨਗੋਈ** – ਭਵਿਖ-ਬਾਣੀ; **ਮੁਕੱਰਰ** – ਤੈਅ, ਨਿਯਤ; **ਇਜਾਜ਼ਤ** – ਆਗਿਆ

## ਅਭਿਆਸ

**(ੳ) ਵਸਤੂਨਿਸ਼ਠ ਪ੍ਰਸ਼ਨ –**

1. ਦਾਰਾ ਸਿੰਘ ਦੁਆਰਾ ਰਚਿਤ ਕਿਹੜਾ ਸ੍ਵੈਜੀਵਨੀ-ਅੰਸ਼ ਤੁਹਾਡੀ ਪਾਠ-ਪੁਸਤਕ 'ਆਪ-ਬੀਤੀਆਂ' ਵਿੱਚ ਦਰਜ ਹੈ ?
2. ਦਾਰਾ ਸਿੰਘ ਨੇ ਸਭ ਤੋਂ ਪਹਿਲਾਂ ਕਿਹੜੀ ਫ਼ਿਲਮ ਵਿੱਚ ਕੁਸ਼ਤੀ ਲੜੀ ਸੀ ?
3. ਦਾਰਾ ਸਿੰਘ ਹਮੇਸ਼ਾਂ ਲਈ ਬੰਬਈ ਆ ਕੇ ਰਹਿਣ ਲੱਗੇਗਾ– ਇਹ ਭਵਿਖ-ਬਾਣੀ ਕਿਸ ਨੇ ਕੀਤੀ ਸੀ ?
4. ਫ਼ਿਲਮਾਂ ਵਿੱਚ ਆਉਣ ਤੋਂ ਪਹਿਲਾ ਹੀ ਦਾਰਾ ਸਿੰਘ ਉਰਦੂ ਭਾਸ਼ਾ ਚੰਗੀ ਤਰ੍ਹਾਂ ਬੋਲ ਸਕਦਾ ਸੀ। (ਸਹੀ/ਗ਼ਲਤ)
5. ਤਾਮਿਲ ਫ਼ਿਲਮ 'ਪੂਨੀ' ਵਿੱਚ ਦਾਰਾ ਸਿੰਘ ਨੇ ਕਿੰਗਕਾਂਗ ਨਾਲ਼ ਕੁਸਤੀ ਲੜੀ ਸੀ। (ਸਹੀ/ਗ਼ਲਤ)
6. ਦਾਰਾ ਸਿੰਘ ਨੇ ਲੜਕੀ ਦਾ ਪਿਤਾ ਬਣਨ ਦੀ ਖ਼ੁਸ਼ੀ ਵਿੱਚ ਪਾਰਟੀ ਦਿੱਤੀ ਸੀ। (ਸਹੀ/ਗ਼ਲਤ)
7. ਕਿੰਗਕਾਂਗ ਫ਼ਿਲਮ ਦਾ ਨਿਰਮਾਤਾ .............ਸੀ।

**ਖ਼ਾਲੀ ਸਥਾਨ ਭਰੋ :**

8. 1962 ਈਸਵੀ ਦੇ ..........ਮਹੀਨੇ ਦਾਰਾ ਸਿੰਘ ਨੇ ਆਪਣੀ ਪਤਨੀ ਅਤੇ ਧੀ ਨੂੰ ਵੀ ਬੰਬਈ ਬੁਲਾ ਲਿਆ।

9. ਦਾਰਾ ਸਿੰਘ ਨੇ ਆਪਣਾ ਸੈਕਟਰੀ ਬਣਾਇਆ ...........

(i) ਰਾਮ ਸਿੰਘ ਨੂੰ (ii) ਲਲਿਤ ਭਾਈ ਨੂੰ

(iii) ਬਾਬੂ ਭਾਈ ਮਿਸਤਰੀ ਨੂੰ (iv) ਦਰਸ਼ਨ ਨੂੰ

10. ਦਾਰਾ ਸਿੰਘ ਨੇ ਉਰਦੂ ਜ਼ੁਬਾਨ ਸਿੱਖੀ ..........

(i) ਰਾਜ ਕੁਮਾਰ ਕੋਹਲੀ ਤੋਂ (ii) ਓਮ ਪੁਰੀ ਤੋਂ

(iii) ਮਾਸਟਰ ਹਸਨ ਤੋਂ (iv) ਹਰਬੰਸ ਤੋਂ

(ਅ) ਦੱਸੋ :

1. ਲੇਖਕ ਨੂੰ ਪੂਰਨ ਤੌਰ 'ਤੇ ਫਿਲਮਾਂ ਵਿੱਚ ਕੰਮ ਕਰਨ ਦਾ ਮੌਕਾ ਕਦੋਂ ਮਿਲਿਆ ਅਤੇ ਉਸ ਨੇ ਫਿਲਮਾਂ ਵਿੱਚ ਕੰਮ ਕਰਨ ਦਾ ਫ਼ੈਸਲਾ ਕਿਉਂ ਲਿਆ ?
2. ਪੀਲੇ ਬੁਖ਼ਾਰ ਦਾ ਟੀਕਾ ਸਮੇਂ ਸਿਰ ਨਾ ਲਗਵਾਉਣ ਕਰਕੇ ਲੇਖਕ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ ?
3. ਫ਼ਿਲਮਾਂ ਵਿੱਚ ਕੰਮ ਕਰਨ ਬਾਰੇ ਬਾਬੂ ਭਾਈ ਮਿਸਤਰੀ ਨੇ ਦਾਰਾ ਸਿੰਘ ਨੂੰ ਕੀ ਸਲਾਹ ਦਿੱਤੀ ?
4. ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ ? ਆਪਣੇ ਸ਼ਬਦਾਂ ਵਿੱਚ ਲਿਖੋ।
5. ਫ਼ਿਲਮਾਂ ਵਿੱਚ ਦਾਰਾ ਸਿੰਘ ਦੀ ਮਸ਼ਹੂਰੀ ਵੇਖ ਕੇ ਕੁਸਤੀ- ਪ੍ਰੇਮੀਆਂ ਦਾ ਕੀ ਪ੍ਰਤਿਕਰਮ ਹੋਇਆ ?
6. 'ਫ਼ਿਲਮਾਂ ਵਿੱਚ ਪ੍ਰਵੇਸ' ਸ੍ਵੈਜੀਵਨੀ-ਅੰਸ਼ ਦੇ ਆਧਾਰ 'ਤੇ ਦਾਰਾ ਸਿੰਘ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਪੇਸ਼ ਕਰੋ।

❄❄❄❄❄

# 14

# ਅਜੀਤ ਕੌਰ
**(1934)**

| | | |
|---|---|---|
| ਪਿਤਾ | : | ਡਾ. ਮੱਖਣ ਸਿੰਘ |
| ਜਨਮ-ਸਥਾਨ | : | ਲਾਹੌਰ, ਪਾਕਿਸਤਾਨ |
| ਵਿੱਦਿਆ | : | ਐੱਮ. ਏ. (ਅਰਥ-ਸ਼ਾਸਤਰ) |
| ਕੰਮ-ਕਿੱਤਾ | : | ਅਧਿਆਪਨ, ਪੱਤਰਕਾਰੀ, ਸਾਹਿਤਕਾਰੀ। ਪੰਜਾਬੀ ਸਾਹਿਤ ਵਿੱਚ ਅਜੀਤ ਕੌਰ ਦਾ ਵਿਸ਼ੇਸ਼ ਸਥਾਨ ਇੱਕ ਕਹਾਣੀਕਾਰ ਦੇ ਤੌਰ 'ਤੇ ਹੈ। |
| ਮੁੱਖ ਰਚਨਾਵਾਂ | : | **ਕਹਾਣੀ-ਸੰਗ੍ਰਹਿ**—ਗੁਲਬਾਨੋ, ਬੁੱਤ ਸ਼ਿਕਨ, ਮਹਿਕ ਦੀ ਮੌਤ, ਇੱਕ ਔਰਤ ਦਾ ਚਿਹਰਾ, ਧੁੱਪ ਵਾਲਾ ਸ਼ਹਿਰ, ਪੋਸਟ ਮਾਰਟਮ, ਫ਼ਾਲਤੂ ਔਰਤ, ਸਾਵੀਆਂ ਚਿੜੀਆਂ, ਮੌਤ ਅਲੀ ਬਾਬੇ ਦੀ, ਨਵੰਬਰ ਚੁਰਾਸੀ, ਨਾ ਮਾਰੋ, ਆਪਣੇ ਆਪਣੇ ਜੰਗਲ਼। |
| ਨਾਵਲ | : | ਗੌਰੀ |
| ਰੇਖਾ-ਚਿੱਤਰ | : | ਤਕੀਏ ਦਾ ਪੀਰ |

ਅਜੀਤ ਕੌਰ ਦੀ ਸ੍ਵੈਜੀਵਨੀ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਹੋਈ ਹੈ—ਖਾਨਾਬਦੋਸ਼ ਤੇ ਕੂੜਾ-ਕਬਾੜਾ। ਹਥਲੀ ਪਾਠ-ਪੁਸਤਕ ਲਈ ਅੰਸ਼ 'ਕੂੜਾ-ਕਬਾੜਾ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਸ੍ਵੈਜੀਵਨੀਕਾਰ ਨੇ ਆਪਣੀਆਂ ਧੀਆਂ ਨਾਲ਼ ਆਪਣੇ ਭਾਵਨਾਤਮਿਕ ਰਿਸ਼ਤੇ ਨੂੰ ਪੇਸ਼ ਕੀਤਾ ਹੈ। ਲੇਖਕਾ ਇਹ ਦੱਸਣ ਦਾ ਯਤਨ ਵੀ ਕਰਦੀ ਹੈ ਕਿ ਬੱਚੇ ਆਪਣੇ ਆਲ਼ੇ-ਦੁਆਲ਼ੇ ਤੋਂ ਅਭਿੱਜ ਨਹੀਂ ਰਹਿ ਸਕਦੇ। ਲੇਖਕਾ ਨੇ ਧੀਆਂ ਨੂੰ ਭਾਰ ਸਮਝਣ ਦਾ ਸਮਾਜਿਕ ਨਜ਼ਰੀਆ, ਜਿਹੜਾ ਪੁਸ਼ਤ ਦਰ ਪੁਸ਼ਤ ਚੱਲਦਾ ਆ ਰਿਹਾ ਹੈ; ਬੜੀ ਸ਼ਿੱਦਤ ਨਾਲ਼ ਮਹਿਸੂਸ ਕੀਤਾ, ਸਿਰਜਿਆ ਤੇ ਬਿਆਨਿਆ ਹੈ।

❄❄❄❄❄

# ਮੇਰੀਆਂ ਧੀਆਂ—ਮੇਰੇ ਖੰਭ

ਆਪਣੀਆਂ ਧੀਆਂ ਅਰਪਨਾ ਤੇ ਕੈਂਡੀ ਨੂੰ ਮੈਂ ਕਦੇ ਵੀ ਭਾਰ ਨਹੀਂ ਸਮਝਿਆ। ਉਹ ਤਾਂ ਮੇਰੇ ਦੋ ਖੰਭ ਸਨ।

ਖ਼ੈਰ, ਜਦੋਂ ਮੇਰੇ ਪਤੀ ਰਾਜ ਦੀਆਂ ਧਮਕੀਆਂ ਹੋਰ ਵਧੀਆਂ ਤਾਂ ਮੈਂ ਆਪਣੀਆਂ ਦੋਂਹਾਂ ਧੀਆਂ ਨੂੰ ਸ਼ਿਮਲੇ ਲੈ ਗਈ ਤੇ ਆਕਲੈਂਡ ਸਕੂਲ ਵਿੱਚ ਦਾਖਲ ਕਰਵਾ ਦਿੱਤਾ।

ਜ਼ਾਹਿਰ ਏ ਕਿ ਦੋ ਬੱਚੀਆਂ ਦਾ ਏਡੇ ਕਾਨਵੈਂਟ ਸਕੂਲ ਦਾ ਤੇ ਉਹਦੇ ਹੋਸਟਲ ਦਾ ਖ਼ਰਚ ਮੇਰੇ ਵਿੱਤੋਂ ਬਾਹਰ ਸੀ।

ਵੇਚਣ ਜੋਗਾ ਵੀ ਕੁਝ ਨਹੀ ਸੀ, ਮੇਰੇ ਕੋਲ਼। ਨਾ ਗਹਿਣੇ, ਨਾ ਕੱਪੜੇ, ਨਾ ਕੋਈ ਜਾਇਦਾਦ। ਨੰਗੇ ਅਸਮਾਨ ਦੇ ਹੇਠਾਂ ਧੁੱਪਾਂ ਨਾਲ਼ ਝੁਲਸੀ ਜ਼ਮੀਨ ਉੱਤੇ ਮੈਂ ਇਕੱਲੀ ਖੜੋਤੀ ਸਾਂ ਆਪਣੀਆਂ ਦੋਂਹਾਂ ਬੱਚੀਆਂ ਨੂੰ ਆਪਣੇ ਹੀ ਪਿੱਛੇ ਓਹਲੇ ਲੁਕਾ ਲੈਣ ਦੀ ਕੋਸ਼ਸ਼ ਕਰਦੀ ਜਿਸ ਤਰ੍ਹਾਂ ਕੁਕੜੀ ਆਪਣੇ ਚੂਜ਼ਿਆਂ ਨੂੰ ਆਪਣੇ ਖੰਭਾਂ ਹੇਠਾਂ ਲੁਕਾ ਲੈਂਦੀ ਏ।

ਪਰ ਮੇਰੇ ਤੇ ਖੰਭ ਵੀ ਖੋਹੇ ਜਾ ਚੁੱਕੇ ਸਨ। ਖੁੱਸੇ ਖੰਭਾਂ ਵਾਲਾ ਨੰਗਾ-ਬੁੱਚਾ ਜਿਸਮ ਜਿਸ ਦੇ ਗੁਲਾਬੀ ਗੋਸਤ ਵਿੱਚੋਂ ਅਜੇ ਵੀ ਲਹੂ ਦੇ ਤੁਬਕੇ ਚੋਅ ਰਹੇ ਸਨ।

ਹੈਰਤ ਏ ਕਿ ਏਨਾ ਚਿਰ ਪਹਿਲੋਂ ਜ਼ਿਬ੍ਹਾ ਕੀਤਾ ਮੇਰਾ ਜਿਸਮ ਅਜੇ ਵੀ ਨਿੱਘਾ ਸੀ!

..............

ਆਕਲੈਂਡ ਸਕੂਲ ਦੀ ਪ੍ਰਿੰਸੀਪਲ ਦਾ ਨਾਂ ਮਿਸ ਹਕੀਮ ਸੀ। ਕਾਫ਼ੀ ਅੰਗਰੇਜ਼ੀ ਵਜ੍ਹਾ-ਕਤ੍ਹਾ ਦੀ ਔਰਤ, ਬਹੁਤ ਸਿਆਣੀ ਤੇ ਦਾਨੀ ਬਜ਼ੁਰਗ ਸਖ਼ਸੀਅਤ, ਸ਼ਾਇਦ ਐਂਗਲੋ-ਇੰਡੀਅਨ ਹੋਵੇਗੀ।

ਪੂਰੀ ਉਮਰ ਉਹਨੇ ਆਕਲੈਂਡ ਸਕੂਲ ਵਿੱਚ ਹੀ ਬਿਤਾ ਦਿੱਤੀ ਸੀ। ਪਹਿਲੋਂ ਪੜ੍ਹਾਂਦਿਆਂ ਤੇ ਹੁਣ ਪ੍ਰਿੰਸੀਪਲੀ ਕਰਦਿਆਂ।

ਮੈਂ ਉਹਨੂੰ ਸਾਰੀ ਗੱਲ ਦੱਸੀ। ਟੁੱਟੇ ਹੋਏ ਘਰ ਦੀਆਂ ਟੁੱਟੀਆਂ ਕੰਧਾਂ ਦੀਆਂ ਵਿਰਲਾਂ ਵਿੱਚੋਂ ਉੱਗੀਆਂ ਦੋ ਮਸੂਮ ਕਲੀਆਂ ਦੀ ਗੱਲ ਜਿਹੜੀਆਂ ਮੇਰੀਆਂ ਬੱਚੀਆਂ ਸਨ।

ਉਹਨਾਂ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਸਰਟੀਫ਼ਿਕੇਟ ਵਿਖਾਏ। ਦੋਵੇਂ ਆਪਣੀਆਂ ਜਮਾਤਾਂ ਵਿੱਚੋਂ 'ਟਾਪ' ਕਰਦੀਆਂ ਰਹੀਆਂ ਸਨ, ਹਮੇਸ਼ਾਂ।

"ਮਿਸ ਹਕੀਮ, ਤੁਸੀਂ ਇਹਨਾਂ ਦੇ ਟੈੱਸਟ ਲੈ ਲਵੋ। ਜੇ ਤੁਸੀਂ ਦਾਖਲ ਕਰੋਗੇ ਤਾਂ ਮੈਂ ਝੱਟ-ਪੱਟ ਦਿੱਲੀ ਜਾ ਕੇ ਇਰਵਨ ਸਕੂਲ ਤੋਂ ਇਹਨਾਂ ਦੇ 'ਸਕੂਲ ਲੀਵਿੰਗ ਸਰਟੀਫ਼ਿਕੇਟ' ਲੈ ਆਵਾਂਗੀ। ਹਾਲੀ ਏਸ ਕਰਕੇ ਨਹੀਂ ਲਿਆਂਦੇ ਕਿ ਕੀ ਪਤਾ ਏਥੇ ਦਾਖ਼ਲਾ ਮਿਲ਼ਦਾ ਏ ਕਿ ਨਹੀਂ ?"

ਉਹਨੇ ਕਿਹਾ, ਏਨੇ ਵਧੀਆ ਨੰਬਰ ਲੈ ਕੇ ਪਾਸ ਹੋਣ ਵਾਲ਼ੇ ਬੱਚਿਆਂ ਦੇ ਟੈੱਸਟ ਕੀ ਲੈਣੇ! ਸਮਝੋ, ਹੋ ਗਈਆਂ ਦਾਖ਼ਲ। ਦਿੱਲੀ ਜਾ ਕੇ ਸਕੂਲ ਲੀਵਿੰਗ ਸਰਟੀਫ਼ਿਕੇਟ ਵੀ ਲੈ ਆ ਤੇ ਇਹਨਾਂ ਦੇ ਕੱਪੜੇ ਵੀ।

ਤੇ ਉਹਨੇ ਇੱਕ ਲੰਮੀ-ਚੌੜੀ ਲਿਸਟ ਮੈਨੂੰ ਫੜਾ ਦਿੱਤੀ । ਛੇ-ਛੇ ਯੂਨੀਫਾਰਮਾ, ਚਾਰ-ਚਾਰ ਸਵੈਟਰ, ਦੋ-ਦੋ ਕੋਟ, ਛੇ ਜੋੜੇ ਗਰਮ ਜੁਰਾਬਾਂ ਦੇ, ਛੇ ਜੋੜੇ ਕਾਟਨ ਦੀਆਂ ਸਫ਼ੈਦ ਜੁਰਾਬਾਂ ਦੇ, ਦੋ-ਦੋ ਬੂਟ ਯੂਨੀਫਾਰਮਾਂ ਨਾਲ਼, ਇੱਕ-ਇੱਕ ਬੂਟ ਸੈਰ ਕਰਨ ਜਾਣ ਵਾਲਾ, ਇੱਕ-ਇੱਕ ਕੈਨਵਸ ਸੂ ਸਪੋਰਟਸ ਵਾਸਤੇ, ਬਾਰਾਂ-ਬਾਰਾਂ ਰੁਮਾਲ, ਛੇ-ਛੇ ਗਰਮ ਅੰਡਰਵੀਅਰ, ਛੇ-ਛੇ ਬਨੈਣਾਂ, ਕੱਛੀਆਂ, ਮਾਲ 'ਤੇ ਜਾਂ ਸਿਨੇਮਾ ਜਾਂ ਸਕੇਟਿੰਗ ਜਾਣ ਵਾਲ਼ੀਆਂ ਘੱਟੋ-ਘੱਟ ਦੋ-ਦੋ ਚੰਗੀਆਂ ਜਿਹੀਆਂ ਫਰਾਕਾਂ, ਇੱਕ ਡ੍ਰੈੱਸ 'ਐਨੂਅਲ ਡੇ' ਨੂੰ ਪਾਣ ਲਈ। 'ਐਨੂਅਲ ਡੇ' ਆਕਲੈਂਡ ਸਕੂਲ ਦਾ ਤੇ ਆਕਲੈਂਡ ਦੇ 'ਬ੍ਰਦਰ ਸਕੂਲ' ਬਿਸ਼ਪ ਕਾਟਨ ਦਾ ਇਕੱਠਾ ਹੁੰਦਾ ਏ ਹਮੇਸ਼ਾਂ, ਏਸ ਕਰਕੇ। ਰਜਾਈ, ਤਲਾਈ, ਸਰ੍ਹਾਣਾ, ਚਾਦਰਾਂ ਤੇ ਖ਼ੈਰ ਹੋਣਗੀਆਂ ਹੀ।

ਪਹਿਲੋਂ ਜਦੋਂ ਉਹਨੇ ਲੰਮੀ-ਚੌੜੀ ਲਿਸਟ ਕੱਢੀ ਸੀ ਤਾਂ ਜ਼ਾਹਿਰ ਏ, ਮੈਂ ਘਬਰਾ ਗਈ ਸਾਂ। ਉਹਨੇ ਮੇਰੇ ਮੂੰਹ ਵੱਲ ਤੱਕਿਆ ਤੇ ਕਈ ਚੀਜ਼ਾਂ ਆਪੇ ਹੀ ਕੱਟ ਦਿੱਤੀਆਂ।

ਜਿੰਨਾ ਮਰਜ਼ੀ ਏ ਪਏ ਕਹੋ ਕਿ ਹਮਦਰਦੀ ਤੋਂ ਤੇ ਰਹਿਮ ਤੋਂ ਨਫ਼ਰਤ ਏ ਤੁਹਾਨੂੰ ਪਰ ਕਈ ਵਾਰੀ ਇਹ ਵੀ ਚੁੱਪ-ਚਾਪ ਬਰਦਾਸ਼ਤ ਕਰ ਲੈਣੀ ਪੈਂਦੀ ਏ। ਹੋਰ ਕੋਈ ਚਾਰਾ ਈ ਨਹੀ ਹੁੰਦਾ। ਸਿਰਫ਼ ਮਨ ਭਿੱਜ-ਭਿੱਜ ਆਉਂਦਾ ਏ।

ਗ਼ਰੀਬੀ ਬੰਦੇ ਨੂੰ ਬੇਹੱਦ ਕਮੀਨਾ ਤੇ ਬੇਸ਼ਰਮ ਬਣਾ ਦੇਂਦੀ ਏ।

ਗ਼ਰੀਬੀ ਵਿੱਚ ਬੰਦਾ ਕਈ ਸਮਝੌਤੇ ਕਰਨ 'ਤੇ ਵੀ ਮਜਬੂਰ ਹੋ ਜਾਂਦਾ ਏ।

ਦੋਂਹਾਂ ਬੇਟੀਆਂ ਨੂੰ ਜਦੋਂ ਮੈਂ ਸਕੂਲ ਵਿੱਚ ਛੱਡ ਕੇ ਆਉਣ ਲੱਗੀ, ਉਹਨਾਂ ਦੇ ਚਿਹਰਿਆਂ 'ਤੇ ਜਲਾਵਤਨੀ ਦਾ ਦਰਦ ਸੀ। ਬੇਕਿਨਾਰ ਧਰਤੀ ਤੋਂ ਅਸਮਾਨ ਤੱਕ ਫੈਲਿਆ ਹੋਇਆ।

ਮੈਂ ਉਹਨਾਂ ਨੂੰ ਸਮਝਾਣ ਦੀ ਕੋਸਸ ਕਰ ਰਹੀ ਸਾਂ ਕਿ ਇਹ ਸਿਰਫ਼ ਵਕਤੀ ਵਿਛੋੜਾ ਏ। ਜਦੋਂ ਉਹਨਾਂ ਦੇ ਪਿਓ ਦਾ ਗ਼ੁੱਸਾ ਠੰਢਾ ਹੋ ਗਿਆ ਤੇ ਉਹਨਾ ਦੀਆ ਧਮਕੀਆ ਆਉਣੀਆ ਬੰਦ ਹੋ ਗਈਆ, ਮੈਂ ਉਹਨਾਂ ਨੂੰ ਵਾਪਸ ਲੈ ਜਾਵਾਂਗੀ। ਇਹ ਮੁਸੀਬਤ ਸਾਡੇ ਤਿੰਨਾ 'ਤੇ ਆਈ ਏ, ਤਿੰਨਾਂ ਨੇ ਰਲ਼ ਕੇ ਈ ਕੱਟਣੀ ਏ।

ਬੱਚਿਆਂ ਦੇ ਖ਼ਾਮੋਸ ਚਿਹਰਿਆ ਦੇ ਪਿੱਛੇ ਜਦੋਂ ਖ਼ਾਮੋਸ਼ ਵੇਦਨਾ ਸਿਸਕਦੀ ਏ, ਮਾਂ ਵਾਸਤੇ ਉਹ ਦੁਨੀਆ ਦੀ ਸਭ ਤੋਂ ਖ਼ੌਫ਼ਨਾਕ ਤੇ ਹੌਲਨਾਕ ਤਕਲੀਫ਼ ਹੁੰਦੀ ਏ।

ਖ਼ਾਮੋਸ਼ ਚਿਹਰਿਆਂ 'ਤੇ ਵੱਡੀਆਂ-ਵੱਡੀਆਂ ਆਲੀਆਂ-ਭੋਲ਼ੀਆਂ ਅੱਖਾਂ ਜਦੋਂ ਲਬਾਲਬ ਭਰ ਆਉਂਦੀਆਂ ਨੇ ਤਾਂ ਮਾਂ ਨੂੰ ਲੱਗਦਾ ਏ, ਉਹਨੂੰ ਕੋਈ ਸੂਲ਼ੀ 'ਤੇ ਚਾੜ੍ਹ ਕੇ ਭੁੱਲ ਗਿਆ ਏ।

ਇੱਕ-ਦੂਜੀ ਨੂੰ ਚੁੱਪ ਕਰਵਾਂਦੀਆਂ ਅਸੀਂ ਤਿੰਨੇ ਰੋ ਰਹੀਆਂ ਸਾਂ।

ਸਾਡੀਆਂ ਜ਼ਿੰਦਗੀਆਂ ਦਾ ਇਹ ਵੀ ਇੱਕ ਸੰਤਾਪ ਸੀ ਜਿਹੜਾ ਅਸਾਂ ਤਿੰਨਾਂ ਨੇ ਰਲ਼ ਕੇ ਭੋਗਣਾ ਸੀ, ਰਲ਼ ਕੇ ਹੰਢਾਣਾ ਸੀ।

---------

ਦਾਰ ਜੀ ਨੂੰ ਜਦੋਂ ਵੀ ਮਿਲਣ ਜਾਂਦੀ, ਤਕਰੀਬਨ ਹਰ ਐਤਵਾਰ, ਉਹ ਇਹੀ ਕਹਿੰਦੇ, 'ਡੌਲੀ ਵਾਸਤੇ ਕੋਈ ਮੁੰਡਾ ਲੱਭੀਏ ?"

ਕਦੇ ਆਪੇ ਹੀ ਕਿਸੇ ਦੋਸਤ-ਰਿਸ਼ਤੇਦਾਰ ਨਾਲ਼ ਗੱਲ ਕਰ ਕੇ ਦੱਸਦੇ, "ਮੁੰਡਾ ਵਕੀਲ ਏ। ਪਿਓ ਵੀ ਵਕੀਲ਼ ਏ। ਬੜਾ ਮਸਹੂਰ ਵਕੀਲ ਏ। ਲੱਖਾਂ ਦੀ ਕਮਾਈ ਏ। ਕੋਠੀ ਏ।"

ਜਾਂ 'ਮੁੰਡਾ ਡਾਕਟਰ ਏ। ਵਲੈਤ ਜਾਣ ਵਾਲਾ ਏ। ਉਹਦੇ ਮਾਪੇ ਕਹਿੰਦੇ ਨੇ, ਵਿਆਹ ਕਰਵਾ ਕੇ ਈ ਜਾਏ। ਗੱਲ ਕਰੀਏ ?"

ਗੁਆਢ ਵਿੱਚ ਸਹਿਗਲ ਸਾਹਿਬ ਸਨ, ਉਹ ਵੀ ਮੁੰਡੇ ਲੱਭਦੇ ਰਹਿੰਦੇ।

ਰਾਜਿੰਦਰ ਸਿੰਘ ਬੇਦੀ, ਮੇਰੇ ਅਜ਼ੀਮ ਦੋਸਤ ਵੀ ਇੱਕ ਦਿਨ ਇੱਕ ਮੁੰਡਾ ਲੱਭ ਲਿਆਏ। ਉਹਨਾ ਦੀ ਬੇਟੀ ਦਾ ਦਿਓਰ ਸੀ।

ਮੈਂ ਕਿਹਾ, "ਅਜੇ ਨਹੀਂ ਵਿਆਹ-ਸ਼ਿਆਹ ਕਰਨਾ। ਅਜੇ ਤੇ ਉਹ ਪੜ੍ਹੇਗੀ। ਹੁਣੇ ਤੇ ਹਾਲੀ ਉਹਦੀ ਸਕੂਲ ਦੀ ਪੜ੍ਹਾਈ ਖ਼ਤਮ ਹੋਈ ਏ। ਹੁਣੇ ਤੇ ਅਜੇ ਉਹ ਕਾਲਜ ਦਾਖ਼ਲ ਹੋਈ ਏ।"

ਕਹਿਣ ਲੱਗੇ, "ਵਿਆਹ ਭਾਵੇਂ ਮਗਰੋਂ ਕਰੀਂ। ਪਰ ਤੈਨੂੰ ਇਹ ਤੇ ਸੋਚਣਾ ਈ ਚਾਹੀਦਾ ਏ ਕਿ ਪਿਓ ਇਹਨਾਂ ਦੇ ਸਿਰ 'ਤੇ ਨਹੀਂ। ਜੇ ਕੋਈ ਚੱਜ ਦਾ ਮੁੰਡਾ ਲੱਭਦਾ ਏ ਤਾਂ ਕੁੜਮਾਈ ਕਰ ਦੇਣ ਵਿੱਚ ਕੀ ਹਰਜ ਏ ? ਫੇਰ, ਉਹ ਘਰ ਦਾ ਈ ਮੁੰਡਾ ਏ। ਕੋਈ ਸੁਆਲ-ਜੁਆਬ ਨਹੀਂ ਹੋਣਗੇ। ਮੈਂ ਆਪੇ ਸਾਰੀ ਗੱਲ ਠੀਕ ਕਰ ਲਵਾਂਗਾ।"

ਮੈਂ ਏਨਾ ਡਰਦੀ ਸਾਂ, ਏਸ ਗੱਲੋਂ ਕਿ ਪਿਓ ਤੋਂ ਬਿਨਾਂ ਇਹਨਾਂ ਕੁੜੀਆਂ ਦਾ ਵਿਆਹ ਹੋ ਵੀ ਸਕੇਗਾ ਕਿ ਨਹੀਂ, ਹੋਵੇਗਾ ਤਾਂ ਕਿਸ ਤਰ੍ਹਾਂ ਹੋਵੇਗਾ ? ਅਗਲੇ ਜੋ ਸੁਆਲ ਕਰਨਗੇ ਕਿ ਪਿਓ ਦੀ ਮੌਤ ਤਾਂ ਹੁਣ ਹੋਈ ਏ, ਪਹਿਲੋਂ ਹੀ ਕਿਉਂ ਵੱਖਰੇ ਰਹਿ ਰਹੇ ਸਾਓ ਤਾਂ ਕੀ ਜੁਆਬ ਦਿਆਂਗੀ ?

ਕਿਸ ਤਰ੍ਹਾਂ ਇਹਨਾਂ ਦੇ ਬੇੜੇ ਪਾਰ ਲੱਗਣਗੇ ?

ਇਹੀ ਤਾਂ ਡਰਾਂਦੇ ਸਨ ਸਾਰੇ, 'ਦੋ-ਦੋ ਕੁੜੀਆਂ ਦੀ ਜ਼ੁੰਮੇਵਾਰੀ ਏ, ਤੇਰੇ ਸਿਰ 'ਤੇ। ਇਕੱਲੀ ਕਿਸ ਤਰ੍ਹਾਂ ਇਹਨਾਂ ਦੇ ਬੇੜੇ ਪਾਰ ਲਾਏਂਗੀ ? ਛੇਤੀ ਕਰ। ਬਹੁਤ ਵੱਡੀ ਜ਼ੁੰਮੇਵਾਰੀ ਏ। ਅੱਖਾਂ ਮੀਟ ਕੇ ਬੈਠਿਆਂ ਤੇ ਨਹੀ ਨਾ ਗੁਜ਼ਾਰਾ ਹੋਣਾ। ਜੇ ਕੱਲ੍ਹ ਨੂੰ ਕੋਈ ਉੱਚੀ-ਨੀਵੀ ਹੋ ਗਈ ?'

ਸਾਰੇ ਈ ਡਰਾਉਂਦੇ ਸਨ। ਤੇ ਮੈਂ ਡਰਦੀ ਰਹਿੰਦੀ ਸਾਂ।

ਡਰਦਿਆਂ-ਡਰਦਿਆਂ ਹੀ ਹਾਮੀ ਭਰ ਦਿੱਤੀ ਜਦੋਂ ਇੱਕ ਵਾਰੀ ਕਿਸੇ ਨੇ ਕਿਹਾ; "ਮੇਰਾ ਭਣੇਵਾਂ ਏ, ਨੇਵੀ ਵਿੱਚ ਏ, ਜੇ ਕਵ੍ਹੇਂ ਤਾਂ....!"

ਉਹ ਲੋਕ ਘਰ ਆਏ। ਅਰਪਨਾ ਨੂੰ ਨਹੀਂ, ਕੈਂਡੀ ਨੂੰ ਪਸੰਦ ਕਰ ਲਿਆ, ਮੁੰਡੇ ਨੇ। ਕਿਉਂਕਿ ਕੈਂਡੀ ਦਾ ਕੱਦ ਉਹਦੇ ਮੇਚ ਦਾ ਸੀ, ਅਰਪਨਾ ਲੰਮੀ ਸੀ।

ਮੈਂ ਕਿਹਾ, "ਛੋਟੀ ਦਾ ਰਿਸਤਾ ਕਿਸ ਤਰ੍ਹਾਂ ਪੱਕਾ ਕਰ ਦਿਆ ? ਉਹ ਤੇ ਅਜੇ ਬਹੁਤ ਹੀ ਛੋਟੀ ਏ। ਹੁਣੇ ਤੇ ਅਜੇ ਫ਼ਰੈਂਚ ਲਿਟਰੇਚਰ ਦੇ ਫ਼ਸਟ ਈਅਰ ਵਿੱਚ ਦਾਖ਼ਲ ਹੋਈ ਏ, ਜੇ. ਐਨੱ. ਯੂ. ਵਿੱਚ।"

ਪਰ ਦਾਰ ਜੀ ਨੇ, ਮਾਸੀਆਂ ਨੇ, ਮਾਮਾ ਜੀ ਨੇ, ਆਂਢੀਆਂ-ਗੁਆਂਢੀਆ ਯਾਨੀ ਸਹਿਗਲ ਸਾਹਿਬ ਨੇ ਇਹੀ ਕਿਹਾ, "ਫ਼ਾਲਤੂ ਦੀਆ ਗੱਲਾ ਨੇ, ਇਹ। ਛੋਟੀ ਤਾਂ ਛੋਟੀ ਹੀ ਸਹੀ। ਅੱਧਾ ਭਾਰ ਤਾਂ ਲਵ੍ਹੇਗਾ। ਸਿਆਣੀ ਬਣ। ਪਿਓ ਸਿਰ 'ਤੇ ਹੈ ਨਹੀਂ। ਤੂੰ ਹੀ ਇਹ ਐਡੇ ਵੱਡੇ ਕੰਮ ਕਰਨੇ ਨੇ।"

ਕੈਂਡੀ ਵੀ ਮੰਨ ਗਈ, ਕਿਉਂਕਿ ਮੁੰਡੇ ਨੇ ਉਹਨੂੰ ਯਕੀਨ ਦੁਆਇਆ ਸੀ ਕਿ ਉਹਦੀ ਪੜ੍ਹਾਈ ਨਹੀਂ ਛੁੱਟੇਗੀ। ਵਿਆਹ ਤੋਂ ਬਾਅਦ ਵੀ ਬੇਸ਼ੱਕ ਪੜ੍ਹਦੀ ਰਹੇ, ਉਹ।

ਕੈਂਡੀ ਨੇ ਕਿਹਾ, "ਫ਼ੌਜੀ ਖੁੱਲ੍ਹੇ ਦਿਲ ਦੇ ਹੁੰਦੇ ਨੇ। ਆਮ ਲੋਕਾਂ ਵਾਂਗੂੰ ਦਕੀਆਨੂਸ ਨਹੀਂ ਹੁੰਦੇ। ਤੁਹਾਡਾ ਭਾਰ ਲਵ੍ਹੇਗਾ, ਅੱਧਾ। ਬੇਸ਼ੱਕ ਕਰ ਦਿਓ, ਮੇਰਾ ਵਿਆਹ।"

ਮੇਰੀਆਂ ਬੱਚੀਆਂ ਨੂੰ ਵੀ ਅਹਿਸਾਸ ਸੀ ਕਿ ਉਹ ਭਾਰ ਨੇ ?

ਇਹ ਕਿਸ ਤਰ੍ਹਾਂ ਹੋ ਗਿਆ ?

ਮੈਂ ਤੇ ਕਦੇ ਨਹੀਂ ਸੀ ਸੋਚਿਆ ਕਿ ਉਹ ਭਾਰ ਨੇ।

ਮੈਂ ਤੇ ਕਦੇ ਨਹੀਂ ਸੀ ਕਿਹਾ ਉਹਨਾਂ ਨੂੰ ਕਿ ਉਹਨਾਂ ਦਾ ਭਾਰ ਏ, ਮੇਰੇ ਸਿਰ 'ਤੇ।

ਮੇਰੀਆਂ ਤੇ ਉਹ ਹਮਸਫ਼ਰ, ਦੋਸਤ, ਹਮਰਾਜ਼, ਦੁੱਖ-ਸੁੱਖ ਦੀਆਂ ਭਾਈਵਾਲ ਸਨ।

ਮੇਰੇ ਤੇ ਉਹ ਦੋ ਖੰਭ ਸਨ ਜਿਨ੍ਹਾਂ 'ਤੇ ਮੈਂ ਉੱਡਦੀ ਫਿਰਦੀ ਸਾਂ।

ਮੇਰੀ ਖ਼ਾਲੀ, ਸੱਖਣੀ, ਧੂੰਆਂ-ਧੂੰਆਂ ਜ਼ਿੰਦਗੀ ਦੇ ਓਹੀ ਤੇ ਦੋ ਠੋਸ ਹਾਸਲ ਸਨ।

ਇਹੋ ਈ ਤੇ ਮੈਂ ਕਮਾਇਆ ਸੀ, ਏਨੇ ਵਰ੍ਹਿਆਂ ਦੀ ਮੁਸ਼ੱਕਤ ਨਾਲ਼।

ਹੁਣ ਤੇ ਉਹ ਸਕੂਲਾਂ ਵਿੱਚੋਂ ਅੱਵਲ ਨੰਬਰ 'ਤੇ ਪਾਸ ਹੋ ਗਈਆਂ ਸਨ।

ਅਰਪਨਾ ਤਾਂ ਪੂਰੇ ਹਿਮਾਚਲ ਵਿੱਚੋਂ ਫ਼ਸਟ ਆਈ ਸੀ।

ਹੁਣ ਤੇ ਉਹ ਜੋ ਵੀ ਕਰਨਾ ਚਾਹੁਣ, ਕਰ ਸਕਦੀਆਂ ਸਨ।

ਹੁਣ ਈ ਤੇ ਅਸੀਂ ਰਲ਼ ਕੇ ਸੈਰ ਕਰਨ ਜਾਣ ਲੱਗੀਆਂ ਸਾਂ, ਪਿਕਚਰਾਂ ਤੇ ਡਰਾਮੇ ਤੇ ਆਰਟ ਐਗਜ਼ੀਬੀਸ਼ਨਾਂ ਵੇਖਣ ਜਾਣ ਲੱਗੀਆਂ ਸਾਂ। ਹੁਣ ਈ ਤੇ ਰਲ਼ ਕੇ ਆਪਣੀਆ-ਆਪਣੀਆ ਪੜ੍ਹੀਆ ਕਿਤਾਬਾ ਦੀਆ ਗੱਲਾ ਕਰਨ ਲੱਗੀਆ ਸਾ। ਕਿਤਾਬਾ ਵਿੱਚੋਂ ਚੁਣੇ ਟੁਕੜੇ ਇੱਕ-ਦੂਜੀ ਨੂੰ ਸੁਣਾਉਣ ਲੱਗੀਆਂ ਸਾਂ।

ਹੁਣੇ ਈ ਤੇ ਸਾਨੂੰ ਲੱਗਣ ਲੱਗਾ ਸੀ ਕਿ ਅਸੀਂ ਤਿੰਨੇ ਆਪਣੇ-ਆਪ ਵਿੱਚ ਮੁਕੰਮਲ ਸਾਂ। ਸਾਨੂੰ ਹੋਰ ਕਿਸੇ ਦੀ ਲੋੜ ਨਹੀਂ ਸੀ। ਨਾ ਖ਼ਾਵੰਦ ਦੀ, ਨਾ ਪਿਓ ਦੀ।

ਹੁਣ ਤੇ ਸਾਰੀ ਉਹ ਡਹਿਸ਼ ਵੀ ਖ਼ਤਮ ਹੋ ਚੁੱਕੀ ਸੀ ਜਿਹੜੀ ਉਹਨਾਂ ਦੇ ਪਿਤਾ ਦੇ ਜਿਊਂਦਿਆਂ ਸਾਡੇ ਆਸ-ਪਾਸ ਗਿੱਧਾਂ ਵਾਂਗੂੰ ਮੰਡਰਾਇਆ ਕਰਦੀ ਸੀ।

ਫੇਰ ਇਹ 'ਭਾਰ' ਦਾ ਅਹਿਸਾਸ ਕਿੱਥੋਂ ਆ ਗਿਆ ਸੀ, ਉਹਨਾਂ ਦੇ ਜ਼ਿਹਨ 'ਤੇ ? ਆਸ-ਪਾਸ ਵਗਦੀ ਹਵਾ ਕੋਲ਼ੋਂ ?

ਕਿਹੋ-ਜਿਹੀ ਹਵਾ ਏ ਇਹ ਜਿਸ ਵਿੱਚ ਅਸੀ ਸਾਹ ਲੈਨੇ ਆਂ ਤੇ ਸਾਨੂੰ ਆਪਣੇ-ਆਪ ਸਮਝ ਆਉਂਦੀ ਚਲੀ ਜਾਂਦੀ ਏ ਕਿ ਦੂਜੇ ਸਾਡੇ ਕੋਲ਼ੋਂ ਕੀ ਤਵੱਕੋ ਰੱਖਦੇ ਨੇ।

ਜ਼ਿੰਦਗੀ ਦੀ ਬਹੁਤ ਵੱਡੀ ਟ੍ਰੈਜਡੀ ਏ ਇਹ ਕਿ ਸਾਡੀ ਪੂਰੀ ਜ਼ਿੰਦਗੀ ਬੱਸ ਏਸੇ ਕੋਸ਼ਿਸ਼ ਵਿੱਚ ਖ਼ਰਚ ਹੋ ਜਾਂਦੀ ਏ ਕਿ ਦੂਜਿਆਂ ਦੀਆਂ ਵਾਹੀਆਂ ਲੀਕਾਂ 'ਤੇ ਕਿਸ ਤਰ੍ਹਾਂ ਤੁਰਨਾ ਏ। ਆਪਣਾ ਭਾਰ ਸਾਂਵਾਂ ਰੱਖਣ ਦੀ ਕੋਸਸ ਕਰਦਿਆਂ ਹੋਇਆਂ। ਹਵਾ ਵਿੱਚ ਅਟਕੇ ਬਾਂਸ 'ਤੇ ਤੁਰਦੇ ਬਾਜ਼ੀਗਰਾਂ ਵਾਂਗੂੰ। ਇਹੀ ਸੋਚਦਿਆਂ ਕਿ ਸਾਨੂੰ ਕੀ ਕਰਨਾ ਚਾਹੀਦਾ ਏ ਤੇ ਕੀ ਨਹੀਂ। ਕਾਹਦਾ-ਕਾਹਦਾ ਤੇ ਕੀਹਦਾ-ਕੀਹਦਾ ਖ਼ਿਆਲ ਰੱਖਣਾ ਚਾਹੀਦਾ ਏ। ਸਾਡੇ ਵਡੇਰੇ ਕੀ ਕਹਿੰਦੇ ਨੇ। ਸਾਡੇ ਦਾਇਰੇ ਵਿੱਚ, ਸਾਡੇ 'ਆਰਬਿਟ' ਵਿੱਚ ਘੁੰਮਣ ਵਾਲ਼ੇ ਲੋਕ ਕੀ ਕਹਿੰਦੇ ਨੇ — ਤਮਾਮ ਉਹ ਲੋਕ ਜਿਹੜੇ ਰਿਸ਼ਤੇਦਾਰ ਹੁੰਦੇ ਨੇ, ਦੋਸਤ ਅਖਵਾਂਦੇ ਨੇ, ਆਂਢ-ਗੁਆਂਢ ਵਿੱਚ ਰਹਿੰਦੇ ਨੇ ਤੇ ਸਾਡੇ 'ਤੇ ਨਜ਼ਰ ਰੱਖਦੇ ਨੇ।

ਮੂੰਹੋਂ ਬੋਲ ਕੇ ਦੱਸਿਆ ਜਾਵੇ ਭਾਵੇਂ ਨਾ ਦੱਸਿਆ ਜਾਵੇ, ਕੁੜੀਆਂ ਕੋਲ਼ ਇੱਕ ਤੀਜੀ ਅੱਖ ਹੁੰਦੀ ਏ, ਇੱਕ ਤੀਜਾ ਕੰਨ ਵੀ ਹੁੰਦਾ ਏ। ਉਹ ਆਪਣੇ ਮਾਹੌਲ ਵਿੱਚ, ਹਵਾ ਵਿੱਚੋਂ, ਲੋਕਾਂ ਦੀਆਂ ਨਜ਼ਰਾਂ ਵਿੱਚੋਂ ਸਾਰਾ ਕੁਝ ਤੱਕ ਲੈਂਦੀਆਂ ਨੇ, ਸੁੰਘ ਲੈਂਦੀਆਂ ਨੇ, ਸੁਣ ਲੈਂਦੀਆਂ ਨੇ।

ਗੁਰਬਤ ਤੇ ਮੁਸ਼ੱਕਤ ਕਰਦੀ ਮਾਂ ਤੇ ਘਰ ਵਿੱਚ ਇਕੱਲਿਆਂ ਹੋਣ ਦਾ ਖ਼ੌਫ਼ ! ਇਹ ਸਾਰਾ ਕੁਝ ਉਹਨਾਂ ਦੇ ਲਹੂ ਵਿੱਚ ਕਦੋਂ ਗਰਦਸ਼ ਕਰਨ ਲੱਗ ਪਿਆ ਹੋਵੇਗਾ, ਮੈਨੂੰ ਪਤਾ ਨਹੀਂ ਲੱਗਾ। ਮੈਂ ਤਾਂ ਉਹਨਾਂ ਨੂੰ ਹਰ ਵੇਲ਼ੇ ਚੂਜ਼ਿਆਂ ਵਾਂਗੂੰ ਖੰਭਾਂ ਹੇਠਾਂ ਲੁਕਾਈ ਫਿਰਦੀ ਸਾਂ।

------------

ਪਰ ਨਹੀਂ, ਕਦੇ-ਕਦੇ ਜ਼ਿੰਦਗੀ ਕੋਲ਼ੋਂ ਬਹੁਤ ਥੱਕ ਵੀ ਜਾਂਦੀ ਸਾ। ਜ਼ਿੰਦਗੀ ਦੀ ਮਾਰ ਖਾ- ਖਾ ਕੇ ਨਿਢਾਲ਼। ਬੇਵੱਸ। ਮਜਬੂਰ। ਕਦੇ-ਕਦੇ ਬਹੁਤ ਗੁੱਸਾ ਵੀ ਆਉਂਦਾ ਸੀ, ਆਪਣੇ ਹਾਲਾਤ 'ਤੇ ਆਪਣੀਆਂ ਮਜਬੂਰੀਆਂ 'ਤੇ, ਆਪਣੀ ਜ਼ਿੰਦਗੀ 'ਤੇ ਜਿਹੜੀ ਕਿਸੇ ਰੱਸੇ-ਪੈੜੇ ਵਿੱਚ ਕਾਬੂ ਹੀ ਨਹੀਂ ਸੀ ਆ ਰਹੀ ਤੇ ਆਪਣੇ ਪਗਲਾਏ, ਅੰਨ੍ਹੀ ਦੌੜ ਵਿੱਚ ਦੌੜਦੇ ਸੁੰਮਾਂ ਹੇਠਾਂ ਮੈਨੂੰ ਹੀ ਮਿੱਧਦੀ ਤੁਰੀ ਜਾਂਦੀ ਸੀ।

ਗੁੱਸਾ ਆਉਂਦਾ ਤਾਂ ਉਹਨਾਂ ਵਿਚਾਰੀਆਂ 'ਤੇ ਵੀ ਨਿਕਲ਼ਦਾ। ਮਗਰੋਂ ਭਾਵੇਂ ਮੈਂ ਉਹਨਾਂ ਨੂੰ ਬੁੱਕਲ ਵਿੱਚ ਲੈ ਕੇ ਰੋਂਦੀ, ਤੇ ਓਹੀ ਮੈਨੂੰ ਚੁੱਪ ਕਰਾਉਂਦੀਆਂ ਰਹਿੰਦੀਆਂ।

ਬੱਚਿਆਂ ਦੇ ਕੋਮਲ ਮਨਾਂ ਵਿੱਚ ਕਦੋਂ ਕਿਹੜੀ ਛਿਲਤਰ ਚੁਭ ਕੇ ਨਾਸੂਰ ਬਣਦੀ ਚਲੀ ਜਾਂਦੀ ਏ, ਕੌਣ ਕਹਿ ਸਕਦਾ ਏ ?

ਇਹ ਤਾਂ ਹੈ ਈ ਕਿ ਪਹਿਲੋਂ ਪਿਓ ਦੇ ਘਰ ਵਿੱਚ ਟਹਿ-ਟਹਿ ਕਰ ਕੇ ਬਲਦੀ ਦਹਿਸ਼ਤ ਵੀ ਉਹਨਾਂ ਨੇ ਹੰਢਾਈ ਸੀ। ਮੇਰੀ ਗੁਰਬਤ ਵੀ ਉਹਨਾਂ ਨੇ ਸਹਾਰੀ ਸੀ। ਮੇਰੀਆਂ ਪਰੇਸ਼ਾਨੀਆਂ, ਮੇਰੀਆਂ ਮਜਬੂਰੀਆਂ, ਮੇਰੀ ਖਿਝ, ਮੇਰੇ ਸਾਹਾਂ ਵਿੱਚ ਧੌਲਦਾ ਗੁੱਸਾ ਤੇ ਅੰਤਾਂ ਦੀ ਥਕਾਵਟ, ਸਾਰਾ ਕੁਝ ਚੁੱਪ-ਚਾਪ ਉਹਨਾ ਨੇ ਵੀ ਝੱਲਿਆ ਹੀ ਸੀ।

ਮੈਂ ਰੋਂਦੀ ਹੁੰਦੀ, ਤੇ ਉਹ ਚੁੱਪ-ਚਾਪ ਆ ਕੇ ਮੇਰੀ ਪਿੱਠ ਵੱਲੋਂ ਤੇ ਛਾਤੀ ਵੱਲੋਂ ਮੇਰੇ ਨਾਲ਼ ਲਿਪਟ ਜਾਂਦੀਆਂ। ਚਾਰ ਨਰਮ ਗੰਦਲਾਂ ਵਰਗੀਆਂ ਬਾਹਵਾਂ ਮੇਰੇ ਦੁਆਲ਼ੇ ਲਿਪਟ ਜਾਂਦੀਆਂ। ਪਹਿਲੋਂ ਮੈਂ ਉਹਨਾਂ ਦੇ ਅੱਥਰੂ ਪੂੰਝਦੀ, ਫੇਰ ਆਪਣੇ। ਘੁੱਟ ਕੇ ਚਿਪਕਾ ਲੈਂਦੀ ਉਹਨਾਂ ਨੂੰ ਆਪਣੇ ਜਿਸਮ ਨਾਲ਼। ਸੋਚਦੀ, ਇਹੀ ਨੇ ਪੂਰੀ ਦੁਨੀਆ ਵਿੱਚ ਮੇਰੀਆਂ ਆਪਣੀਆਂ, ਮੇਰੀਆਂ ਦੋਸਤ, ਮੇਰੀਆਂ ਹਮਦਰਦ। ਮਾਂਵਾਂ ਵਾਂਗੂੰ ਪਿਆਰ ਕਰਨ ਵਾਲ਼ੀਆਂ। ਮੇਰੇ ਦੁੱਖ-ਕਲੇਸ਼ ਵਿੱਚ ਦੋਸਤਾਂ ਵਾਂਗੂੰ ਸ਼ਿਰਕਤ ਕਰਨ ਵਾਲ਼ੀਆਂ।

ਪਰ ਹੁਣ ਲੱਗਦਾ ਏ ਕਿ ਮੈਂ ਤਦੋਂ ਸਿਰਫ਼ ਆਪਣੇ ਹੀ ਨਜ਼ਰੀਏ ਤੋਂ ਇਸ ਰਿਸ਼ਤੇ ਨੂੰ ਤੱਕ ਰਹੀ ਸਾਂ। ਉਹ ਵਿਚਾਰੀਆਂ, ਮੇਰੀਆਂ ਖ਼ਾਮੋਸ਼ ਹਮਸਫ਼ਰ, ਉਹਨਾ ਦੇ ਦਿਲਾਂ ਵਿੱਚ ਕਿਹੜੇ ਤੂਫ਼ਾਨ ਘਿਰ ਰਹੇ ਹੋਣਗੇ, ਇਹਨਾਂ ਨੂੰ ਕੌਣ ਸਮਝ ਸਕਦਾ ਏ। ਮਾਂ ਸਾਂ, ਤਾਂ ਵੀ ਸਿਰਫ਼ ਅੰਦਾਜ਼ਾ ਹੀ ਤੇ ਲਾ ਸਕਦੀ ਸਾਂ। ਉਹਦੇ ਬਾਰੇ ਕਰ ਕੁਝ ਨਹੀਂ ਸਾਂ ਸਕਦੀ।

ਕਈ ਵਾਰੀ ਦਿਲ ਕਰਦਾ, ਕੋਈ ਇਹੋ-ਜਿਹੀ ਜੁਗਤ ਹੋਵੇ ਕਿ ਹਰ ਦੁਖੀ ਮਾਂ ਆਪਣੇ ਦੁਖੀ ਬੱਚਿਆਂ ਨੂੰ ਵਾਪਸ ਆਪਣੀ ਕੁੱਖ ਦੇ ਮਹਿਫ਼ੂਜ਼ ਨਿੱਘ ਵਿੱਚ ਛੁਪਾ ਸਕੇ............

ਕੀ ਪਤਾ ਕਿਸੇ ਬੌਖਲਾਏ, ਮਜਬੂਰ ਪਲ ਵਿੱਚ ਕੀ ਕਹਿ ਦਿੱਤਾ ਹੋਵੇ ਕਦੇ! ਕਿਸੇ ਇਹੋ-ਜਿਹੇ ਬੌਰਾਏ, ਬੇਸੋਚ ਪਲ ਵਿੱਚ, ਜਦੋਂ ਮੂੰਹੋਂ ਨਿਕਲ਼ੇ ਕਿਸੇ ਲਫ਼ਜ਼ ਨੂੰ ਤੁਸੀਂ ਸੱਚ-ਮੁੱਚ ਨਹੀਂ ਬੋਲ ਰਹੇ ਹੁੰਦੇ। ਉਹ ਸਿਰਫ਼ ਰਿਸਦੇ ਮਵਾਦ ਵਾਂਗੂੰ, ਪੈਰਾਂ ਵਿੱਚ ਫਟੀ ਬਿਆਈ ਵਾਂਗੂੰ, ਨਹੁੰ ਵਿੱਚ ਚੁਭੀ ਛਿਲਤਰ ਵਾਂਗੂੰ ਤੁਹਾਡੇ ਮੂੰਹੋਂ 'ਹਾਏ' ਕਢਵਾ ਦੇਂਦਾ ਏ। ਉਸ 'ਹਾਏ' ਨਾਲ਼ ਨਾ ਤਕਲੀਫ਼ ਘਟਦੀ ਏ, ਨਾ ਉਹ 'ਹਾਏ' ਕਿਸੇ ਨੂੰ ਮਦਦ ਵਾਸਤੇ ਬੁਲਾ ਰਹੀ ਹੁੰਦੀ ਏ। ਉਹ ਆਪਣੀ ਹੀ ਵੇਦਨਾ ਦਾ, ਤਕਲੀਫ਼ ਦਾ, ਬੇਮਤਲਬ ਜਿਹਾ ਇਜ਼ਹਾਰ ਹੁੰਦਾ ਏ, ਬੱਸ।

ਪਰ ਉਹਨਾਂ ਦੋਹਾਂ ਦੇ ਕੋਮਲ ਮਨਾਂ ਵਿੱਚ ਕੀ ਪਤਾ ਮੇਰੀ ਕਿਹੜੀ 'ਹਾਏ' ਕਿੱਲਾਂ ਵਾਂਗੂੰ ਠੁਕ ਗਈ ਹੋਵੇ!

ਕੀ ਪਤਾ ਕਿਸੇ ਬੌਖਲਾਏ ਪਲ ਵਿੱਚ ਮੈਂ ਸੱਚ-ਮੁਚ ਕਹਿ ਹੀ ਦਿੱਤਾ ਹੋਵੇ ਕਿ ਆਪੋ-ਆਪਣੇ ਘਰੀਂ ਸੁੱਖ ਨਾਲ਼ ਵੱਸੋਗੀਆ, ਪਿਆਰ ਕਰਨ ਵਾਲ਼ੇ ਖ਼ਾਵੰਦ ਤੁਹਾਨੂੰ ਮਿਲ਼ ਜਾਣਗੇ, ਤਾਂ ਮੇਰਾ ਭਾਰ....

ਕੀ ਪਤਾ ਕੀ ਹੋਇਆ ਹੋਵੇਗਾ....

ਕਿਉਂਕਿ ਜ਼ਿੰਦਗੀ ਨੂੰ ਤੁਸੀਂ ਜਦੋਂ ਜਿਉਂਦੇ ਓ, ਉਹਨੂੰ ਤਰਤੀਬਵਾਰ, ਇਤਿਹਾਸ ਵਾਂਗੂੰ ਲਿਖ ਤੇ ਨਹੀਂ ਨਾ ਰਹੇ ਹੁੰਦੇ।

ਜ਼ਿੰਦਗੀ ਨੂੰ ਜਿਊਣਾ ਤਾਂ ਬੱਸ ਉਘੜ-ਦੁਘੜੇ ਰਾਹਾਂ 'ਤੇ ਪੈਰਾਂ ਦੀ ਧੂੜ ਉਡਾਂਦਿਆਂ ਤੁਰੀ ਜਾਣ ਦਾ ਨਾਂ ਏ। ਕੋਈ ਪੈਰ ਕਿਧਰੇ ਪੈਂਦਾ ਏ, ਤੇ ਕੋਈ ਕਿਧਰੇ।

ਪਹਿਲੋਂ ਸੋਚ-ਸਮਝ ਕੇ ਰਸਤਾ ਤਰਾਸ਼ਦੇ ਹੀ ਹੋਣਗੇ, ਕੁਝ ਲੋਕ। ਉਹਨਾਂ ਨੂੰ ਜਾਚ ਆਉਂਦੀ ਹੋਵੇਗੀ, ਤਰਤੀਬਵਾਰ ਤੁਰਨ ਦੀ। ਕੋਈ ਜੁਗਤ ਹੋਵੇਗੀ, ਉਹਨਾਂ ਕੋਲ਼।

ਸਾਨੂੰ ਮੈਡਗਾਸਕਰ ਬਾਰੇ, ਤੇ ਇਥੋਪੀਆ ਵਿੱਚ ਹੁੰਦੀ ਖੇਤੀ ਬਾਰੇ, ਤੇ ਐਸਕੀਮੋਆਂ ਦੀਆਂ ਸਲੈੱਜਾਂ ਬਾਰੇ ਤਾਂ ਸਭ ਕੁਝ ਦੱਸਿਆ ਜਾਂਦਾ ਏ। ਦੱਸਿਆ ਜਾਂਦਾ ਏ ਕਿ ਏ ਪਲੱਸ ਬੀ ਦਾ ਸੁਕੇਅਰ ਰੂਟ ਕੀ ਹੁੰਦਾ ਏ। ਤੇ ਧਰਤੀ 'ਤੇ ਕੋਈ ਅਣਦਿਸਦੀਆ, ਫ਼ਰਜ਼ੀ ਲੀਕਾ ਵੀ ਹੈਣ, ਜਿਨ੍ਹਾ ਦੇ ਮੁਤਾਬਕ ਮੌਸਮ ਤੇ ਵਕਤ ਬਦਲਦੇ ਨੇ ; ਕਿ ਸਾਡੇ ਪੁਲਾੜ ਵਿੱਚ ਕਿਹੜੇ 'ਆਰਬਿਟਾਂ' ਵਿੱਚ ਕਿਹੜੇ ਸਿਤਾਰੇ ਕਿਸ ਰਫ਼ਤਾਰ ਨਾਲ਼ ਗਰਦਸ਼ ਕਰਦੇ ਨੇ ਪਰ ਅੰਦਰਲੀ ਦੁਨੀਆ ਬਾਰੇ ਕੋਈ ਨਹੀਂ ਦੱਸਦਾ। ਸਾਡੀਆਂ 'ਫ਼ੀਲਿੰਗਜ਼'! ਸਾਡੇ ਡਰ ਤੇ ਖ਼ੌਫ਼! ਗੁੱਸਾ ਤੇ ਇਕੱਲ! ਤੇ ਇਸ ਸਾਰੀ ਊਟ-ਪਟਾਂਗ, ਵਹਿਸ਼ੀ ਦੁਨੀਆ ਦਾ ਸਾਡੇ ਆਸ-ਪਾਸ ਬੈਠੇ ਸਾਡੇ ਬੱਚਿਆਂ ਦੇ ਮਨਾਂ 'ਤੇ ਅਸਰ।

ਆਪਣੇ ਸੁਫਨਿਆ ਦੇ ਖੰਡਰਾ ਵਿੱਚ ਅਸੀਂ ਇਕੱਲੇ ਈ ਖੜੋਤੇ ਰਹਿ ਜਾਂਦੇ ਹਾਂ।

ਸਾਡੇ ਬੱਚੇ ਵੀ ਸ਼ਾਇਦ ਓਦੋਂ ਇਹੀ ਮਹਿਸੂਸ ਕਰਦੇ ਹੋਣਗੇ ਕਿ ਆਪਣੀਆਂ ਛੋਟੀਆਂ-ਛੋਟੀਆਂ ਖ਼ਾਹਸ਼ਾਂ ਤੇ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦੀ ਹੱਡਾ-ਰੋੜੀ 'ਤੇ ਉਹ ਵੀ ਇਕੱਲੇ ਈ ਖੜੋਤੇ ਨੇ।

ਕੁਝ ਨਹੀਂ ਕਹਿ ਸਕਦੀ। ਸਿਰਫ਼ ਕਸੂਰਵਾਰ ਮਹਿਸੂਸ ਕਰਦੀ ਹਾਂ। ਕਸੂਰਵਾਰ ਠਹਿਰਾਂਦੀ ਹਾਂ, ਆਪਣੇ-ਆਪ ਨੂੰ।

ਕਿਉਂ ਨਹੀਂ ਮੈਂ ਬਚਾ ਸਕੀ ਉਹਨਾਂ ਨੂੰ, ਆਪਣੀ ਜ਼ਿੰਦਗੀ ਦੇ ਸੰਤਾਪ ਤੋਂ ?

ਕਿਉਂ ਉਹਨਾਂ ਦੇ ਅੰਦਰ ਇਹ ਅਹਿਸਾਸ ਪੈਦਾ ਹੋਣ ਦਿੱਤਾ ਕਿ ਉਹਨਾ ਦੇ ਵਿਆਹਵਾ ਨਾਲ਼ 'ਭਾਰ' ਲਥ੍ਹੇਗਾ।

ਮੇਰੀ ਮਾਂ ਵਿੱਚ ਤੇ ਮੇਰੇ ਵਿੱਚ ਏਸ ਗੱਲੋਂ ਕੋਈ ਫ਼ਰਕ ਕਿਉਂ ਨਹੀਂ ਸੀ ?

ਫ਼ਰਕ ਸੀ ਤਾਂ ਸਿਰਫ਼ ਏਨਾ ਕਿ ਮੇਰੀ ਮਾਂ ਆਪਣੇ ਖ਼ਾਵੰਦ ਦੀ ਯਾਨੀ ਦਾਰ ਜੀ ਦੀ ਮਹਿਫ਼ੂਜ਼ ਵਲਗਣ ਵਿੱਚ ਰਹਿੰਦੀ ਵੀ ਮੈਨੂੰ 'ਭਾਰ' ਸਮਝੀ ਜਾਂਦੀ ਸੀ ਤੇ ਮੈਂ...ਮੈਂ ਆਪਣੇ ਖ਼ੌਫ਼ਾ ਤੋਂ ਡਰੀ ਹੋਈ, ਸਾਰਿਆ ਦੀ ਡਰਾਈ ਹੋਈ....

ਪਰ ਮੈਂ ਕਦੇ ਵੀ ਆਪਣੇ-ਆਪ ਨੂੰ ਮਾਫ਼ ਨਹੀਂ ਕਰ ਸਕਦੀ।

ਕਾਸ਼! ਅਸੀ ਸਿਰਫ਼ ਉਹੀ ਰਹਿ ਸਕਦੇ ਜੋ ਅਸੀਂ ਦਰਅਸਲ ਹਾਂ, ਜੋ ਸਾਡਾ ਵਿਵੇਕ ਸਾਨੂੰ ਦੱਸਦਾ ਏ ਤੇ ਸਾਨੂੰ ਮੁਖੌਟੇ ਪਾ ਕੇ ਉਹ ਪਾਰਟ ਨਾ ਕਰਨੇ ਪੈਂਦੇ ਜਿਹੜੇ ਦੂਜੇ ਸਾਡੇ ਕੋਲੋਂ ਜ਼ਬਰਦਸਤੀ ਕਰਵਾਂਦੇ ਨੇ ਜਾਂ ਕਮ-ਅਜ਼-ਕਮ ਤਵੱਕੋ ਰੱਖਦੇ ਨੇ ਸਾਡੇ ਕੋਲੋਂ ਕਿ ਅਸੀਂ ਕਰੀਏ ਉਹ ਪਾਰਟ।

ਪਰ ਕੀ ਇਹ ਮੁਮਕਿਨ ਹੈ ? ਕਿਉਂਕਿ 'ਮਾਸਕਿੰਗ' ਯਾਨੀ ਮੁਖੌਟਿਆਂ ਦੇ ਹੇਠਾਂ ਛੁਪਣਾ ਤਾਂ ਪੰਘੂੜੇ ਤੋਂ ਹੀ ਸ਼ੁਰੂ ਹੋ ਜਾਂਦਾ ਏ। ਮਾਂ ਦੇ ਨਾੜੂ ਤੋਂ ਗਰਦਿਸ਼ ਕਰਦਾ ਬੱਚੇ ਦੇ ਖ਼ੂਨ ਵਿੱਚ ਪਹਿਲੋਂ ਤੋਂ ਹੀ ਘੁਲ ਜਾਂਦਾ ਏ।

ਵਰਨਾ ਕੈਂਡੀ ਇਹ ਕਿਸ ਤਰ੍ਹਾਂ ਕਹਿ ਦੇਂਦੀ ਕਿ ਕਰ ਦਿਓ ਮੇਰਾ ਈ ਵਿਆਹ, ਤੁਹਾਡਾ ਭਾਰ ਲਵ੍ਹੇਗਾ।

ਜਿਸ ਤਰ੍ਹਾਂ ਦੀ ਤਰਬੀਅਤ ਦੇ ਕੇ ਮੈਨੂੰ ਪਾਲ਼ਿਆ ਗਿਆ ਸੀ, ਓਸ ਤਰ੍ਹਾਂ ਦੀ ਤੇ ਮੈਂ ਆਪਣੇ ਬੱਚਿਆਂ ਨੂੰ ਕਦੇ ਨਹੀਂ ਸੀ ਦਿੱਤੀ ਕਿ ਹਮੇਸ਼ਾਂ ਓਹੀ ਕੁਝ ਕਰਨਾ ਚਾਹੀਦਾ ਏ ਜੋ ਦੂਜਿਆਂ ਨੂੰ ਮਨਜ਼ੂਰ ਹੋਵੇ ਕਿ ਦੂਜਿਆਂ ਨੂੰ ਖ਼ੁਸ਼ ਕਰਨ ਲਈ ਹੀ ਜ਼ਿੰਦਗੀ ਜਿਊਣੀ ਚਾਹੀਦੀ ਏ; ਕਿ ਇਹ ਸੋਚਣਾ ਗੁਨਾਹ ਹੁੰਦਾ ਏ ਕਿ ਬਜ਼ਾਤੇ-ਖ਼ੁਦ ਸਾਨੂੰ ਕੀ ਲੋੜ ਏ, ਕਾਹਦੀ ਲੋੜ ਏ।

ਇਸ ਮਨਜ਼ੂਰੀ ਲਈ ਮੈਂ ਜਿਸ ਤਰ੍ਹਾਂ ਹਮੇਸ਼ਾਂ ਆਪਣੇ-ਆਪ ਨੂੰ ਫ਼ਨਾਹ ਕਰਨ ਦੀ ਕੋਸਸ਼ ਕੀਤੀ ਸੀ, ਵਿਆਹ ਤੋਂ ਪਹਿਲੋਂ, ਵਿਆਹ ਤੋਂ ਮਗਰੋਂ ਉਸ ਤਰ੍ਹਾਂ ਦੀ ਤੇ ਮੈਂ ਹਵਾ ਵੀ ਨਹੀਂ ਸੀ ਲੱਗਣ ਦਿੱਤੀ, ਆਪਣੀਆਂ ਬੱਚੀਆਂ ਨੂੰ।

**ਔਖੇ ਸ਼ਬਦਾਂ ਦੇ ਅਰਥ :** **ਹੈਰਤ** - ਹੈਰਾਨੀ, ਅਸਚਰਜਤਾ, ਅਚੰਭਾ; **ਜ਼ਿਬ੍ਹਾ** - ਹਲਾਲ ਕਰਨਾ, ਕਤਲ ਹੋਣਾ, ਬੇਰਹਿਮੀ ਨਾਲ ਜਾਨ ਲੈਣਾ; **ਜਲਾਵਤਨੀ** - ਦੇਸ - ਨਿਕਾਲਾ; **ਵੇਦਨਾ** - ਦੁੱਖ, ਤਕਲੀਫ਼; **ਹਰਜ** - ਨੁਕਸਾਨ, ਹਾਨੀ; **ਸੰਤਾਪ** - ਦੁੱਖ, ਤਕਲੀਫ਼; **ਅਹਿਸਾਸ** - ਮਹਿਸੂਸ; **ਹਮਰਾਜ਼** - ਭੇਤ ਜਾਣਨ ਵਾਲਾ; **ਮੁਸ਼ੱਕਤ** - ਮਿਹਨਤ; **ਭਾਈਵਾਲ** - ਸਾਂਝੀਵਾਲ; **ਐਗਜ਼ੀਬਿਸ਼ਨ** - ਨੁਮਾਇਸ਼; **ਡਹਿਸ਼** - ਦਹਿਸ਼ਤ; **ਤਵੱਜੋ** - ਧਿਆਨ, ਰੁਖ਼; **ਤਮਾਮ** - ਪੂਰਾ, ਸਾਰਾ, ਸਭ; ਸਮਾਪਤ-ਖ਼ਤਮ; **ਗੁਰਬਤ** - ਗ਼ਰੀਬੀ; **ਗਰਦਿਸ਼** - ਗੇੜਾ, ਘੁੰਮਣਾ; **ਸ਼ਿਰਕਤ ਕਰਨਾ** - ਜਾਣਾ, ਸ਼ਾਮਲ ਹੋਣਾ; **ਮਹਿਫ਼ੂਜ਼** - ਸੁਰੱਖਿਅਤ; **ਮਵਾਦ** - ਮੁਆਦ, ਪੀਕ, ਰਾਧ; **ਮੁਮਕਿਨ** - ਸੰਭਵ; **ਵਿਵੇਕ** - ਬਿਬੇਕ, ਦਲੀਲ, ਵਿਚਾਰ, ਸਮਝ, ਗਿਆਨ ; **ਤਰਬੀਅਤ** - ਪਾਲਣ- ਪੋਸਣ, ਪਰਵਰਸ਼, ਸਿੱਖਿਆ।

## ਅਭਿਆਸ

### (ੳ) ਵਸਤੂਨਿਸ਼ਠ ਪ੍ਰਸ਼ਨ :

1. ਲੇਖਕਾ ਨੇ ਆਪਣੀਆਂ ਧੀਆਂ ਨੂੰ ਸ਼ਿਮਲੇ ਕਿਹੜੇ ਸਕੂਲ ਵਿੱਚ ਦਾਖ਼ਲ ਕਰਵਾਇਆ ?
2. ਆਕਲੈਂਡ ਸਕੂਲ ਦੀ ਪ੍ਰਿੰਸੀਪਲ ਦਾ ਨਾਂ ਦੱਸੋ।
3. ਸ਼ਿਮਲੇ ਜਾਣ ਤੋਂ ਪਹਿਲਾਂ ਲੇਖਕਾ ਦੀਆਂ ਧੀਆਂ ਕਿਹੜੇ ਸਕੂਲ ਵਿੱਚ ਪੜ੍ਹਦੀਆਂ ਸਨ ?
4. ਨੇਵੀ ਵਿੱਚ ਨੌਕਰੀ ਕਰਦੇ ਲੜਕੇ ਨੇ ਕੈਂਡੀ ਨੂੰ ਪਸੰਦ ਕਰ ਲਿਆ। (ਸਹੀ/ ਗਲਤ)
5. ਰਾਜਿੰਦਰ ਸਿੰਘ ਬੇਦੀ ਨੇ ਲੇਖਕਾ ਨੂੰ ਉਸ ਦੀ ਧੀ ਦਾ ਵਿਆਹ ਆਪਣੇ ਬੇਟੇ ਨਾਲ਼ ਕਰਨ ਲਈ ਕਿਹਾ। (ਸਹੀ/ਗਲਤ)
6. ਲੇਖਕਾ ਲਗ-ਪਗ ਹਰ ਐਤਵਾਰ ਨੂੰ ਆਪਣੇ ਦਾਰ ਜੀ ਨੂੰ ਮਿਲ਼ਨ ਜਾਂਦੀ ਸੀ। (ਸਹੀ/ਗਲਤ)

### ਖ਼ਾਲੀ ਸਥਾਨ ਭਰੋ

7. ਫ਼ੌਜੀ ਖੁੱਲ੍ਹੇ ਦਿਲ ਵਾਲ਼ੇ ਹੁੰਦੇ ਹਨ। ਆਮ ਲੋਕਾਂ ਵਾਂਗ .............. ਨਹੀਂ ਹੁੰਦੇ।
8. ਮੈਂ ਤਾਂ ਉਹਨਾਂ ਨੂੰ ਹਰ ਵੇਲ਼ੇ ............. ਵਾਂਗ ਆਪਣੇ ਖੰਭਾਂ ਹੇਠ ਲੁਕਾਈ ਫਿਰਦੀ ਸੀ।
9. ਜਦੋਂ ਅਜੀਤ ਕੌਰ ਆਪਣੀਆਂ ਬੇਟੀਆਂ ਨੂੰ ਸ਼ਿਮਲੇ ਛੱਡ ਕੇ ਵਾਪਸ ਜਾਣ ਲੱਗੀ ਤਾਂ ਉਹ ................

   (1) ਬਹੁਤ ਖ਼ੁਸ਼ ਸਨ। (2) ਰੋ ਰਹੀਆਂ ਸਨ

   (3) ਬਾਏ-ਬਾਏ ਕਰ ਰਹੀਆਂ ਸਨ (4) ਚੁੱਪ-ਚਾਪ ਵੇਖ ਰਹੀਆਂ ਸਨ।

10. ਅਰਪਨਾ ਫਸਟ ਆਈ ਸੀ..............

(1) ਪੂਰੇ ਪੰਜਾਬ ਵਿੱਚੋਂ (2) ਪੂਰੀ ਦਿੱਲੀ ਵਿੱਚੋਂ

(3) ਪੂਰੇ ਭਾਰਤ ਵਿੱਚੋਂ (4) ਪੂਰੇ ਹਿਮਾਚਲ ਵਿੱਚੋ।

(ਅ) ਦੱਸੋ :

1. ਆਕਲੈਂਡ ਸਕੂਲ ਦੀ ਪ੍ਰਿੰਸੀਪਲ ਕਿਹੋ-ਜਿਹੀ ਔਰਤ ਸੀ ? ਲੇਖਕਾ ਦੀਆਂ ਬੇਟੀਆਂ ਦੇ ਸਰਟੀਫ਼ਿਕੇਟ ਵੇਖ ਕੇ ਉਸ ਨੇ ਕੀ ਕਿਹਾ ?
2. ਦਾਰ ਜੀ ਤੇ ਹੋਰ ਰਿਸ਼ਤੇਦਾਰ ਲੇਖਕਾ ਨੂੰ ਕੀ ਸਲਾਹ ਦਿੰਦੇ ਸਨ ? ਉਹਨਾਂ ਦੀਆਂ ਗੱਲਾਂ ਸੁਣ ਕੇ ਲੇਖਕਾ ਕਿਉਂ ਡਰ ਜਾਂਦੀ ਸੀ ?
3. ਕੈਂਡੀ ਨੇ ਵਿਆਹ ਲਈ ਹਾਂ ਕਿਉਂ ਕਰ ਦਿੱਤੀ ?
4. "ਤੁਹਾਡਾ ਭਾਰ ਲਵ੍ਹੇਗਾ, ਅੱਧਾ। ਬੇਸ਼ੱਕ ਕਰ ਦਿਓ, ਮੇਰਾ ਵਿਆਹ।" ਕੈਂਡੀ ਦੇ ਇਹ ਸ਼ਬਦ ਸੁਣ ਕੇ ਲੇਖਕਾ ਨੇ ਕੀ ਮਹਿਸੂਸ ਕੀਤਾ।
5. ਅਜੀਤ ਕੌਰ ਆਪਣੀਆਂ ਧੀਆਂ ਨੂੰ ਆਪਣੇ ਖੰਭ, ਹਮਰਾਜ਼ ਅਤੇ ਦੋਸਤ ਕਿਉਂ ਕਹਿੰਦੀ ਹੈ ?

# ਸ਼੍ਰੇਣੀ-ਬਾਰ੍ਹਵੀਂ

## ਪੰਜਾਬੀ (ਚੋਣਵਾਂ ਵਿਸ਼ਾ)

### ਪਾਠ-ਕ੍ਰਮ

ਸਮਾਂ : 3 ਘੰਟੇ

ਲਿਖਤੀ ਪੇਪਰ :90 ਅੰਕ
ਸੀ. ਸੀ. ਈ. : 10 ਅੰਕ
ਕੁੱਲ : 100 ਅੰਕ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਪੰਜਾਬੀ-ਕਾਵਿ:-ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ, ਕਿੱਸਾ-ਕਾਵਿ | 40 |
| 2. | ਪੰਜਾਬੀ ਵਾਰਤਕ:-ਪੰਜਾਬੀ ਸ੍ਵੈਜੀਵਨੀਆ ਵਿੱਚੋਂ ਲਏ ਅੰਸ | 22 |
| 3. | ਸਾਹਿਤ ਰੂਪ :-ਕਵਿਤਾ, ਨਾਟਕ, ਇਕਾਂਗੀ, ਨਾਵਲ, ਨਿੱਕੀ ਕਹਾਣੀ, ਨਿਬੰਧ, ਸ੍ਵੈਜੀਵਨੀ, ਸਫ਼ਰਨਾਮਾ | 13 |
| 4. | ਛੰਦ, ਅਲੰਕਾਰ, ਰਸ | 15 |
| | ਕੁੱਲ ਅੰਕ | 90 |

**ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸੇਸ਼ ਹਿਦਾਇਤਾਂ।**

ਪ੍ਰਸ਼ਨ 1. ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ 10 ਅੰਕਾਂ ਦੇ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਬਹੁ-ਚੋਣ, ਠੀਕ/ਗਲਤ, ਖ਼ਾਲੀ ਥਾਵਾ ਜਾ ਇੱਕ ਜਾ ਦੋ ਸਬਦਾਂ ਵਿੱਚ ਉੱਤਰ ਦੇਣ ਵਾਲੇ ਹੋਣਗੇ। ਅੰਕਾ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ—

(ੳ) **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) (ਭਾਗ-2)**—4 ਅੰਕ, ਇੱਕ-ਇੱਕ ਪ੍ਰਸ਼ਨ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਬੀਰ-ਕਾਵਿ ਅਤੇ ਕਿੱਸਾ-ਕਾਵਿ ਵਿੱਚੋਂ ਪੁੱਛਿਆ ਜਾਵੇਗਾ। ਇਹ ਪ੍ਰਸ਼ਨ ਰਚਨਾ ਦੇ ਕਵੀ/ਕਵੀ ਦੀ ਰਚਨਾ ਅਤੇ ਪਾਠ-ਪੁਸਤਕ ਵਿੱਚ ਦਿੱਤੀ ਪਾਠ-ਸਮਗਰੀ 'ਤੇ ਆਧਾਰਿਤ ਹੋਣਗੇ।

(ਅ) **ਆਪ-ਬੀਤੀਆਂ**—2 ਅੰਕ, ਇੱਕ ਪ੍ਰਸ਼ਨ ਸ੍ਵੈਜੀਵਨੀ-ਅੰਸ ਦੇ ਲੇਖਕ ਸੰਬੰਧੀ/ਲੇਖਕ ਦੇ ਸ੍ਵੈਜੀਵਨੀ-ਅੰਸ ਸੰਬੰਧੀ ਅਤੇ ਦੂਜਾ ਪ੍ਰਸ਼ਨ ਪਾਠ-ਪੁਸਤਕ ਵਿੱਚ ਨਿਰਧਾਰਿਤ ਪਾਠ-ਸਮਗਰੀ 'ਤੇ ਆਧਾਰਿਤ ਹੋਵੇਗਾ।

(ੲ) **ਸਾਹਿਤ-ਬੋਧ**—4 ਅੰਕ, ਇੱਕ ਪ੍ਰਸ਼ਨ ਸਾਹਿਤ-ਰੂਪ ਨਾਲ ਸੰਬੰਧਿਤ, ਇੱਕ ਪ੍ਰਸ਼ਨ ਅਲੰਕਾਰ ਨਾਲ, ਇੱਕ ਪ੍ਰਸ਼ਨ ਛੰਦ ਨਾਲ ਅਤੇ ਇੱਕ ਪ੍ਰਸ਼ਨ ਰਸ ਨਾਲ ਸੰਬੰਧਿਤ ਹੋਵੇਗਾ। 10×1=10 ਅੰਕ

ਪ੍ਰਸ਼ਨ 2. ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਚਾਰ ਕਾਵਿ-ਟੋਟੇ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਹਰ ਪ੍ਰਸੰਗ ਲਈ 3 ਅਤੇ ਵਿਆਖਿਆ ਦੇ 5 ਅੰਕ ਹੋਣਗੇ। 8+8=16 ਅੰਕ

ਪ੍ਰਸ਼ਨ 3. ਕਵਿਤਾ-ਭਾਗ: ਸੂਫ਼ੀ-ਕਾਵਿ, ਗੁਰਮਤਿ ਕਾਵਿ, ਬੀਰ-ਕਾਵਿ ਅਤੇ ਕਿੱਸਾ-ਕਾਵਿ ਵਿੱਚੋਂ ਕੋਈ ਤਿੰਨ ਰਚਨਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 5 ਅੰਕ

ਪ੍ਰਸ਼ਨ 4. ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪੁਸਤਕ ਦੇ ਇਤਿਹਾਸ ਭਾਗ ਵਿੱਚੋਂ ਕੋਈ ਦੋ ਪ੍ਰਸ਼ਨ ਦੇ ਕੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 15 ਅੰਕ

ਪ੍ਰਸ਼ਨ 5. 'ਆਪ-ਬੀਤੀਆਂ' ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਅੱਠ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 5×4=20 ਅੰਕ

ਪ੍ਰਸ਼ਨ 6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ ਸਾਹਿਤ-ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। 12 ਅੰਕ

ਪ੍ਰਸ਼ਨ 7. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਛੰਦਾਂ ਬਾਰੇ ਪੁੱਛਿਆ ਜਾਵੇਗਾ ਅਤੇ ਕਿਸੇ ਇੱਕ ਛੰਦ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ 8. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਅਲੰਕਾਰਾਂ ਬਾਰੇ ਪੁੱਛਿਆ ਜਾਵੇਗਾ ਅਤੇ ਕਿਸੇ ਇੱਕ ਅਲੰਕਾਰ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਪ੍ਰਸ਼ਨ 9. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਦੋ ਰਸਾਂ ਬਾਰੇ ਪੁੱਛਿਆ ਜਾਵੇਗਾ ਅਤੇ ਕਿਸੇ ਇੱਕ ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

ਨਿਰਧਾਰਿਤ ਪਾਠ-ਪੁਸਤਕਾਂ :—

1. ਮੱਧ-ਕਾਲੀਨ ਕਾਵਿ (ਝਲਕਾਂ ਤੇ ਇਤਿਹਾਸ)
2. ਆਪ-ਬੀਤੀਆਂ
3. ਸਾਹਿਤ-ਬੋਧ

ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ।

❄❄❄❄❄